ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK


sadelok.com

20-26 ਸਤੰਬਰ 2023

ਸਾਲ 14ਵਾਂ - ਅੰਕ 39



email : info@sadelok.com

Ph. : 510-706-1300
Fax : 925-373-1300


## 16ਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ



ਦੇਖੋ ਸਫ਼ਾ 17-25 'ਤੇ

16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ 'ਚ ਦੁਨੀਆ ਦੇ ਮਹਾਨ ਖਿਡਾਰੀ ਹਾਸੂਸ ਸ਼ਾਵੇਜ਼ ਅਤੇ ਸੰਦੀਪ ਨੰਗਲ ਅੰਬੀਆਂ ਨੂੰ ਸ਼ਰਧਾਂਜਲੀ

# ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿਛੇ ਭਾਰਤੀ ਏਜੰਸੀਆਂ ਦਾ ਹੱਥ : ਜਸਟਿਨ ਟਰੂਡੋ

- ਕੈਨੇਡਾ 'ਚੋਂ ਭਾਰਤੀ ਡਿਪਲੋਮੈਟ ਪਵਨ ਕੁਮਾਰ ਨੂੰ ਕੱਢਿਆ
- ਭਾਰਤ ਦਾ ਪਲਟਵਾਰ ਕੈਨੇਡਾ ਦੇ ਰਾਜਦੂਤ ਨੂੰ ਦੇਸ਼ ਛੱਡਣ ਦੇ ਹੁਕਮ





ਵੈਨਕੂਵਰ/ਨਵੀਂ ਦਿੱਲੀ : ਭਾਰਤ ਤੇ ਕੈਨੇਡਾ ਦੇ ਪਹਿਲਾਂ ਹੀ ਤਣਾਅਪੂਰਨ ਚੱਲ ਰਹੇ ਕੂਟਨੀਤਕ ਸਬੰਧ ਅੱਜ ਉਸ ਵੇਲੇ ਹੋਰ ਵਿਗੜ ਗਏ ਜਦ ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ 'ਚ ਤਾਇਨਾਤ ਕੈਨੇਡੀਅਨ ਇੰਟੈਲੀਜੈਂਸ ਦੇ ਮੁਖੀ (ਡਿਪਲੋਮੈਟ)

(ਦੇਖੋ ਸਫ਼ਾ 37 'ਤੇ)

## ਔਰਤਾਂ ਲਈ ਰਾਖਵਾਂਕਰਨ ਇਤਿਹਾਸਕ ਬਿਲ ਲੋਕ ਸਭਾ 'ਚ ਪਾਸ



34

## ਡਾ. ਦੀਪ ਸਿੰਘ ਨੂੰ ਮਿਲਿਆ 'ਪ੍ਰੈਜ਼ੀਡੈਨਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ'




10

## ਸਿਰਾਜ ਦੀ ਬਦੌਲਤ ਭਾਰਤ ਏਸ਼ੀਆ ਕੱਪ ਚੈਂਪੀਅਨ; ਭਾਰਤ ਨੇ ਫਾਈਨਲ ਮੈਚ ਵਿੱਚ ਸ੍ਰੀਲੰਕਾ ਨੂੰ ਦਸ ਵਿਕਟਾਂ ਨਾਲ ਹਰਾਇਆ



42

## 1984 Sikh Genocide
## ਸੱਜਣ ਕੁਮਾਰ ਨੂੰ ਅਦਾਲਤ ਨੇ ਕਤਲ ਕੇਸਾਂ 'ਚ ਕੀਤਾ ਬਰੀ



ਨਵੀਂ ਦਿੱਲੀ: 1984 ਸਿੱਖ ਨਸਲਕੁਸ਼ੀ ਮਾਮਲੇ ਵਿਚ ਅਹਿਮ ਫ਼ੈਸਲਾ ਸੁਣਾਉਂਦਿਆਂ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿਤਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ 15 ਸਤੰਬਰ ਨੂੰ 1984 ਦੇ ਸੁਲਤਾਨਪੁਰੀ ਸਿੱਖ ਕਤਲੇਆਮ ਦੇ ਮਾਮਲੇ ਵਿਚ ਸੱਜਣ ਕੁਮਾਰ ਵਿਰੁਧ ਫ਼ੈਸਲੇ ਨੂੰ ਟਾਲ ਦਿਤਾ ਸੀ।

ਅਦਾਲਤ ਨੇ 23 ਅਗਸਤ ਨੂੰ ਕਾਂਗਰਸ ਆਗੂ ਸੱਜਣ ਕੁਮਾਰ ਵਿਰੁਧ ਦੋਸ਼ ਤੈਅ ਕੀਤੇ ਸਨ। ਮਾਮਲਾ ਜਨਕਪੁਰੀ ਤੇ ਵਿਕਾਸਪੁਰੀ ਵਿਚ ਸਿੱਖਾਂ ਦੀ ਹਤਿਆ ਨਾਲ ਸਬੰਧਤ ਹੈ। ਸੱਜਣ ਕਮਾਰ ਵਿਰੁਧ ਹਤਿਆ ਦੀ ਕੋਸ਼ਿਸ਼, ਭੀੜ ਨੂੰ ਉਕਸਾਉਣ ਅਤੇ ਦੰਗੇ ਭੜਕਾਉਣ ਦੇ ਇਲਜ਼ਾਮ ਹਨ। ਅਦਾਲਤ ਨੇ ਸੱਜਣ ਕੁਮਾਰ ਵਿਰੁਧ ਆਈ.ਪੀ.ਸੀ. ਦੀ ਧਾਰਾ 147, 148, 153ਏ, 295 R/W149, 307, 308, 323, 325,

(ਦੇਖੋ ਸਫ਼ਾ 14 'ਤੇ)

## ਟਰੂਡੋ ਦੇ ਬਿਆਨ ਨਾਲ 1984 ਦੇ ਸਿੱਖ ਨਸਲਕੁਸ਼ੀ ਦੀ ਯਾਦ ਤਾਜ਼ਾ ਹੋਈ : ਜਥੇਦਾਰ ਰਘਬੀਰ ਸਿੰਘ



ਅੰਮ੍ਰਿਤਸਰ : ਜਥੇਦਾਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੇ ਬਿਆਨ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ ਅਤੇ ਉਨ੍ਹਾਂ ਦੇ ਮਨਾਂ ਨੂੰ ਡੂੰਘੀ ਸੱਟ ਵੱਜੀ ਹੈ ।

ਭਾਰਤ ਅਤੇ ਕੈਨੇਡਾ ਦੇ ਆਪਸੀ ਕੂਟਨੀਤਕ

(ਦੇਖੋ ਸਫ਼ਾ 36 'ਤੇ)

## ਭਾਰਤ ਵਲੋਂ ਸਿੱਖਾਂ ਦੇ ਕਤਲ ਕਰਨਾ ਕਾਇਰਾਨਾ ਕਾਰਵਾਈ : ਡਾ. ਪ੍ਰਿਤਪਾਲ ਸਿੰਘ



ਫਰੀਮਾਂਟ : ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੀ ਧਰਤੀ ਉਪਰ ਕੈਨੇਡੀਅਨ ਸਿਟੀਜਨ ਅਤੇ ਸਿੱਖ ਐਕਟੀਵਿਸਟ ਸਰਦਾਰ ਨਿੱਝਰ ਦੇ ਕਤਲ ਪ੍ਰਤੀ ਪਾਰਲੀਮੈਂਟ 'ਚ ਮੁੱਦਾ ਉਠਾ ਕੇ ਇਕ

(ਦੇਖੋ ਸਫ਼ਾ 36 'ਤੇ)

## ਟਰੂਡੋ ਦੇ ਬਿਆਨ 'ਤੇ ਅਮਰੀਕਾ, ਆਸਟਰੇਲੀਆ ਤੇ ਬਰਤਾਨੀਆ ਨੇ ਚਿੰਤਾ ਜਿਤਾਈ

(ਦੇਖੋ ਸਫ਼ਾ 36 'ਤੇ)


Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ: ਜ਼ੋਮੀ-ਕੁਕੀ ਭਾਈਚਾਰੇ ਦੇ ਹੱਕ 'ਚ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਰੈਲੀ




ਵਾਸ਼ਿੰਗਟਨ : ਮਨੀਪੁਰ 'ਚ ਜ਼ੋਮੀ-ਕੁਕੀ ਭਾਈਚਾਰੇ ਦੇ ਹੱਕ 'ਚ ਇਥੇ ਭਾਰਤੀ ਸਫ਼ਾਰਤਖਾਨੇ ਦੇ ਬਾਹਰ ਸ਼ਾਂਤੀ ਰੈਲੀ ਕੀਤੀ ਗਈ। ਮਨੀਪੁਰ 'ਚ ਫਿਰਕੂ ਹਿੰਸਾ ਦੌਰਾਨ ਜ਼ੋਮੀ-ਕੁਕੀ ਭਾਈਚਾਰੇ ਦੇ ਲੋਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਨਾਲ ਇਕਜੁੱਟਤਾ ਦੇ ਪ੍ਰਗਟਾਵੇ ਲਈ ਭਾਈਚਾਰੇ ਦੇ ਸੰਗਠਨਾਂ ਨੇ ਇਸ ਰੈਲੀ ਦਾ ਪ੍ਰਬੰਧ ਕੀਤਾ ਸੀ। ਜ਼ੋਮੀ ਇਨਕੁਆਂ ਯੂਐੱਸਏ ਵੱਲੋਂ ਕਰਵਾਈ ਗਈ ਇਸ ਰੈਲੀ ਦੌਰਾਨ ਲੋਕਾਂ ਨੇ ਹੱਥਾਂ 'ਚ ਪੋਸਟਰ ਚੁੱਕੇ ਹੋਏ ਸਨ। ਜਥੇਬੰਦੀ ਨੇ ਇਕ ਬਿਆਨ 'ਚ ਕਿਹਾ ਕਿ ਹਿੰਸਾ ਨੇ ਮਨੀਪੁਰ ਦੇ ਲੋਕਾਂ ਦਾ ਦਰਦ ਵਧਾ ਦਿੱਤਾ ਹੈ ਅਤੇ ਸੂਬਾ ਸਰਕਾਰ ਦੀ ਖਾਸ ਕਰਕੇ ਘੱਟ ਗਿਣਤੀ ਜ਼ੋਮੀ-ਕੁਕੀ ਆਦਿਵਾਸੀਆਂ ਖ਼ ?ਲਾਫ਼ ਕਾਰਵਾਈ ਨੇ ਖ਼ੱਤੇ 'ਚ ਵੰਡੀਆਂ ਪਾ ਦਿੱਤੀਆਂ ਹਨ। ਰੈਲੀ ਦੌਰਾਨ ਅਮਰੀਕਾ 'ਚ ਵਸਦੇ ਜ਼ੋਮੀ ਭਾਈਚਾਰੇ ਦੇ ਮੈਂਬਰਾਂ ਅਤੇ ਹੋਰ ਸਮਰਥਕਾਂ ਨੇ ਮਨੀਪੁਰ ਦੇ ਸੰਘਰਸ਼ ਦਾ ਹੱਲ ਫੌਰੀ ਲੱਭਣ 'ਤੇ ਜ਼ੋਰ ਦਿੱਤਾ। ਪ੍ਰਦਰਸ਼ਨਕਾਰੀਆਂ ਵੱਲੋਂ ਹੱਥਾਂ 'ਚ ਲਏ ਬੈਨਰਾਂ 'ਤੇ ਜ਼ੋ ਭਾਈਚਾਰੇ ਦੇ ਲੋਕਾਂ ਦੀਆਂ ਤਕਲੀਫ਼ਾਂ ਦੇ ਨਾਲ ਨਾਲ ਮਨੀਪੁਰ 'ਚ ਉਨ੍ਹਾਂ ਲਈ ਵੱਖਰੇ ਪ੍ਰਸ਼ਾਸਨ ਦੀ ਮੰਗ ਕੀਤੇ ਜਾਣ ਸਬੰਧੀ ਨਾਅਰੇ ਲਿਖੇ ਹੋਏ ਸਨ। ਜਥੇਬੰਦੀ ਦੇ ਕਾਰਜਕਾਰੀ ਨਿਰਦੇਸ਼ਕ ਡਾਕਟਰ ਹੌਜ਼ਾਚਿਨ ਸੁਆਂਟੇ ਨੇ ਆਪਣੇ ਸੰਬੋਧਨ 'ਚ ਕਿਹਾ,"ਸਾਡੀ ਜ਼ਮੀਨ, ਸਾਡੇ ਹੱਕ, ਸਾਡੀ ਆਜ਼ਾਦੀ ਸਿਰਫ਼ ਨਾਅਰੇ ਨਹੀਂ ਹਨ ਪਰ ਉਹ ਸਾਡੇ ਸੰਘਰਸ਼ ਦੀ ਆਵਾਜ਼ ਹਨ। ਮਨੀਪੁਰ 'ਚ ਜਾਰੀ ਹਿੰਸਾ ਨੇ ਸਾਡੇ ਲੋਕਾਂ ਨੂੰ ਬਹੁਤ ਜ਼ਿਆਦਾ ਦੁੱਖ-ਤਕਲੀਫ਼ਾਂ ਦਿੱਤੀਆਂ ਹਨ।" ਸੁਆਂਟੇ ਨੇ ਕਿਹਾ ਕਿ ਜ਼ੋ ਭਾਈਚਾਰੇ ਲਈ ਵੱਖਰਾ ਪ੍ਰਸ਼ਾਸਨ ਦੇ ਕੇ ਉਨ੍ਹਾਂ ਦਾ ਬਿਹਤਰ ਭਵਿੱਖ ਬਣਾਇਆ ਜਾਵੇ। ਜ਼ੋਮੀ ਇਨਕੁਆਂ ਯੂਐੱਸਏ ਸਾਲ 2005 'ਚ ਬਣੀ ਸੀ ਤੇ ਇਹ ਅਮਰੀਕਾ 'ਚ ਜ਼ੋਮੀ ਭਾਈਚਾਰੇ ਦੀ ਪ੍ਰਤੀਨਿਧ ਸੰਸਥਾ ਹੈ।

# ਗਵਰਨਰ ਦੇ ਦਸਤਖਤਾਂ ਤੋਂ ਬਾਅਦ ਕੈਲੀਫੋਰਨੀਆ 'ਚ ਹੁਣ ਦਸਤਾਰ ਸਜਾ ਕੇ ਸਿਖ ਚਲਾ ਸਕਣਗੇ ਮੋਟਰਸਾਈਕਲ







ਸੈਕਰਾਮੈਂਟੋ (ਹੁਸਨ ਲੜੋਆ ਬੰਗਾ) : ਸਿੱਖ ਭਾਈਚਾਰੇ ਲਈ ਰਾਹਤ ਵਾਲੀ ਗੱਲ ਹੈ ਕਿ ਬੀਤੇ ਕੱਲ੍ਹ ਕੈਲੀਫੋਰਨੀਆਂ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਕੈਲੀਫੋਰਨੀਆਂ ਸਟੇਟ ਸੈਨੇਟ ਵਿੱਚ ਬਿੱਲ SB-847 ਵੱਡੇ ਬਹੁਮਤ ਨਾਲ ਪਾਸ ਹੋ ਗਿਆ ਹੈ। ਹੁਣ ਇਸ ਬਿੱਲ ਤੇ ਕੈਲੀਫੋਰਨੀਆਂ ਸਟੇਟ ਦੇ ਗਵਰਨਰ ਦੇ ਦਸਤਖ਼ਤ ਦੇ ਨਾਲ ਇਹ ਇੱਕ ਕਾਨੂੰਨ ਬਣ ਜਾਵੇਗਾ। ਇਸ ਦੇ ਤਹਿਤ ਜਲਦੀ ਹੀ ਸਿੱਖ ਸਿਰਾਂ ਉੱਪਰ ਪੱਗਾਂ, ਦਸਤਾਰਾਂ ਅਤੇ ਦੁਮਾਲੇ ਸਜਾਕੇ, ਕੈਲੀਫੋਰਨੀਆ ਸਟੇਟ ਵਿੱਚ ਕਾਨੂੰਨੀ ਤੌਰ ਤੇ ਮੋਟਰਸਾਈਕਲ ਚਲਾ ਸਕਦੇ ਹਨ। ਬਿੱਲ SB-847 ਸਟੇਟ ਸੈਨੇਟਰ ਬਰਾਇਨ ਡਾਹਲੀ ਨੇ ਕਾਨੂੰਨ ਦੇ ਮਾਹਰਾਂ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਦੀ ਮਦਦ ਨਾਲ ਤਿਆਰ ਕੀਤਾ ਸੀ। ਇਕ ਮੁਕੰਮਲ ਕਾਨੂੰਨ ਬਣਨ ਤੋਂ ਪਹਿਲਾ ਬਿੱਲ SB-847 ਨੂੰ ਬਹੁਤ ਸਾਰੀਆਂ ਸਟੇਟ ਕਮੇਟੀਆਂ, ਸੈਨੇਟ ਫਲੋਰ, ਅਸੈਂਬਲੀ ਫਲੋਰ ਅਤੇ ਹੋਰ ਬਹੁਤ ਸਾਰੀਆਂ ਪ੍ਰਕਿਰਿਆ ਵਿੱਚੋਂ ਲੰਘਣਾ ਪਇਆ। ਸੈਨੇਟਰ ਬਰਾਇਨ ਡਾਹਲੀ ਅਤੇ ਪਲੈਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਮਨਦੀਪ ਸਿੰਘ ਨੇ ਬਹੁਤ ਮਿਹਨਤ ਕਰਕੇ ਬਿੱਲ SB-847 ਨੂੰ ਹਰ ਇੱਕ ਪੜਾਅ ਵਿੱਚੋਂ ਵੱਡੇ ਬਹੁਮਤ ਨਾਲ ਪਾਸ ਕਰਵਾਇਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ ਅਤੇ ਇਤਿਹਾਸ 'ਚ ਪਹਿਲੀ ਵਾਰ ਸਿੱਖਾਂ ਨੂੰ ਅਮਰੀਕਾ ਦੀ ਕਿਸੇ ਸਟੇਟ ਵਿੱਚ ਕਾਨੂੰਨੀ ਤੌਰ 'ਤੇ ਪੱਗ ਬੰਨ ਕੇ ਮੋਟਰਸਾਈਕਲ ਚਲਾਉਣ ਦਾ ਹੱਕ ਮਿਲਣ ਜਾ ਰਹੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਤੇ ਕਾਨੂੰਨ ਬਣਨ ਨਾਲ ਸਿੱਖਾਂ ਨੂੰ ਭਾਰੀ ਰਾਹਤ ਮਿਲੇਗੀ।

# ਅਮਰੀਕਾ ਨੂੰ ਪ੍ਰਤਿਭਾ, ਉੱਤਮਤਾ, ਆਰਥਿਕ ਵਿਕਾਸ ਅਤੇ ਖੁੱਲ੍ਹੀ ਬਹਿਸ ਵੱਲ ਦੌੜਨਾ ਹੋਵੇਗਾ : ਰਾਮਾਸਵਾਮੀ



ਵਾਸ਼ਿੰਗਟਨ : ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਨੇ ਐਤਵਾਰ ਨੂੰ ਕਿਹਾ ਕਿ ਬਹੁਤ ਸਾਰੇ ਲੋਕ ਉਨ੍ਹਾਂ ਦੀ ਵਧਦੀ ਪ੍ਰਸਿੱਧੀ ਤੋਂ ਪ੍ਰੇਸ਼ਾਨ ਹਨ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ 38 ਸਾਲਾ ਵਿਅਕਤੀ ਅਮਰੀਕਾ ਦਾ ਰਾਸ਼ਟਰਪਤੀ ਬਣਨ ਲਈ ਉਮਰ ਦੇ ਲਿਹਾਜ਼ ਨਾਲ ਬਹੁਤ ਛੋਟਾ ਹੈ। ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਚੋਣ ਲਈ ਆਯੋਜਿਤ ਰਿਪਬਲਿਕਨ ਪਾਰਟੀ ਦੀ 'ਪਹਿਲੀ ਪ੍ਰਾਇਮਰੀ ਬਹਿਸ' ਵਿਚ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਵੱਖ-ਵੱਖ ਪ੍ਰੀ ਪੋਲ ਸਰਵੇਖਣਾਂ ਵਿਚ ਰਾਮਾਸਵਾਮੀ ਦੀ ਪ੍ਰਸਿੱਧੀ ਵਿਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਵਿਰੋਧੀਆਂ ਨੇ ਵੀ ਉਨ੍ਹਾਂ ਦੀ ਅਲੋਚਨਾ ਤੇਜ਼ ਕਰ ਦਿੱਤੀ ਹੈ।

ਰਾਮਾਸਵਾਮੀ ਨੇ ਇਕ ਇੰਟਰਵਿਊ 'ਚ ਕਿਹਾ, "ਮੇਰਾ ਮੰਨਣਾ ਹੈ ਕਿ ਜਿਸ ਵਿਅਕਤੀ ਦੀ ਜ਼ਿੰਦਗੀ 'ਚ ਸਭ ਤੋਂ ਵਧੀਆ ਦਿਨ ਅਜੇ ਆਉਣੇ ਬਾਕੀ ਹਨ, ਉਸ ਨੇ ਅਜੇ ਅਜਿਹੇ ਦੇਸ਼ ਨੂੰ ਵੀ ਸੰਭਾਲਣਾ ਹੈ, ਜਿਸ ਦੇ ਬਿਹਤਰੀਨ ਦਿਨ ਆਉਣੇ ਅਜੇ ਬਾਕੀ ਹਨ।" ਉਨ੍ਹਾਂ ਕਿਹਾ ਕਿ ਅਲੋਚਨਾ ਕਰਨ ਲਈ ਬਹੁਤ ਕੁਝ ਹੈ ਪਰ ਸਾਨੂੰ ਇਕ ਦ੍ਰਿਸ਼ਟੀਕੋਣ ਪੇਸ਼ ਕਰਨਾ ਹੋਵੇਗਾ, ਨਾ ਸਿਰਫ ਇਹ ਕਿ ਅਸੀਂ ਕਿਸ ਤੋਂ ਭੱਜ ਰਹੇ ਹਾਂ? ਅਸੀਂ ਕਿਸ ਵੱਲ ਦੌੜ ਰਹੇ ਹਾਂ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

# ਅਮਰੀਕਾ-ਈਰਾਨ ਕੈਦੀਆਂ ਦੀ ਅਦਲਾ-ਬਦਲੀ ਲਈ ਕਤਰ ਨੂੰ ਮਿਲੇ 6 ਅਰਬ ਡਾਲਰ, ਸੂਤਰਾਂ ਤੋਂ ਮਿਲੀ ਜਾਣਕਾਰੀ

ਵਾਸ਼ਿੰਗਟਨ : ਕਤਰ ਨੇ ਅਮਰੀਕਾ ਅਤੇ ਈਰਾਨ ਨੂੰ ਸੂਚਿਤ ਕੀਤਾ ਹੈ ਕਿ ਦੋਹਾਂ ਦੇਸ਼ਾਂ ਵਿਚਾਲੇ ਕੈਦੀਆਂ ਦੀ ਅਦਲਾ-ਬਦਲੀ ਸਮਝੌਤੇ ਦੇ ਸਬੰਧ 'ਚ ਤਹਿਰਾਨ ਦੇ ਅਨਫਰੀਜ਼ ਫੰਡ ਤੋਂ ਦੋਹਾ ਦੇ ਬੈਂਕ ਖਾਤੇ 'ਚ 6 ਅਰਬ ਡਾਲਰ ਟਰਾਂਸਫਰ ਕੀਤੇ ਗਏ ਹਨ। ਸੂਤਰਾਂ ਦੇ ਹਵਾਲੇ ਨਾਲ ਸੋਮਵਾਰ ਨੂੰ ਸਥਾਨਕ ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ। ਇਸ ਤੋਂ ਪਹਿਲਾਂ ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਤਹਿਰਾਨ ਅਤੇ ਵਾਸ਼ਿੰਗਟਨ ਵਿਚਾਲੇ ਕੈਦੀਆਂ ਦੀ ਅਦਲਾ-ਬਦਲੀ 18 ਸਤੰਬਰ ਨੂੰ ਹੋਵੇਗੀ।



ਸੂਤਰਾਂ ਨੇ ਇਕ ਨਿਊਜ਼ ਏਜੰਸੀ ਨੂੰ ਦੱਸਿਆ ਕਿ ਕਤਰ ਨੇ ਦੋਵਾਂ ਦੇਸ਼ਾਂ ਨੂੰ ਸੂਚਿਤ ਕੀਤਾ ਹੈ ਕਿ ਸਵਿਟਜ਼ਰਲੈਂਡ ਤੋਂ ਕਤਰ ਦੇ ਬੈਂਕ ਖਾਤਿਆਂ 'ਚ ਪੂਰੇ 6 ਬਿਲੀਅਨ ਡਾਲਰ ਟਰਾਂਸਫਰ ਕੀਤੇ ਗਏ ਹਨ। ਕਤਰ ਦਾ ਇਕ ਜਹਾਜ਼ ਈਰਾਨ ਵਿੱਚ ਨਜ਼ਰਬੰਦ 5 ਅਮਰੀਕੀ ਨਾਗਰਿਕਾਂ ਅਤੇ ਉਨ੍ਹਾਂ ਦੇ 2 ਰਿਸ਼ਤੇਦਾਰਾਂ ਨੂੰ ਲੈ ਕੇ ਦੋਹਾ ਲਈ ਉਡਾਣ ਭਰਨ ਵਾਲਾ ਹੈ। ਪਿਛਲੇ ਹਫ਼ਤੇ ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਨੇ ਕਿਹਾ ਸੀ ਕਿ ਤਹਿਰਾਨ ਅਮਰੀਕਾ ਨਾਲ ਕੈਦੀਆਂ ਦੇ ਅਦਲਾ-ਬਦਲੀ ਸੌਦੇ 'ਤੇ ਹਮਲਾ ਕਰਨ ਤੋਂ ਬਾਅਦ 6 ਬਿਲੀਅਨ ਡਾਲਰ ਖਰਚ ਕਰੇਗਾ, ਜਿੱਥੇ ਦੇਸ਼ ਜ਼ਰੂਰੀ ਸਮਝੇਗਾ।

ਇਸ ਤੋਂ ਪਹਿਲਾਂ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਸੀ ਕਿ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਈਰਾਨ ਨਾਲ ਕੈਦੀ ਅਦਲਾ-ਬਦਲੀ ਸਮਝੌਤੇ ਨੂੰ ਅੱਗੇ ਵਧਾਉਣ ਲਈ ਇਕ ਦਸਤਾਵੇਜ਼ 'ਤੇ ਦਸਤਖਤ ਕੀਤੇ ਸਨ, ਜਿਸ ਤੋਂ ਬਾਅਦ ਈਰਾਨ ਦੇ 6 ਅਰਬ ਡਾਲਰ ਦੇ ਫੰਡਾਂ 'ਤੇ ਪਾਬੰਦੀ ਹਟਾ ਦਿੱਤੀ ਗਈ ਸੀ, ਜਿਸ ਨੂੰ ਦੱਖਣੀ ਕੋਰੀਆ ਦੇ ਬੈਂਕ ਖਾਤਿਆਂ ਤੋਂ ਕਤਰ ਵਿੱਚ ਤਬਦੀਲ ਕੀਤਾ ਜਾਵੇਗਾ। ਅਮਰੀਕੀ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਤਹਿਰਾਨ ਸਿਰਫ ਕਿਊਬਾ ਨੂੰ ਮਨੁੱਖੀ ਲੋੜਾਂ ਲਈ ਖਰਚ ਕਰਨ ਦੇ ਯੋਗ ਹੋਵੇਗਾ ਅਤੇ ਖਰਚ ਦੀ ਪ੍ਰਕਿਰਿਆ ਅਮਰੀਕਾ ਦੇ ਨਿਯੰਤਰਣ ਵਿੱਚ ਹੋਵੇਗੀ।

# ਭਾਰਤ ਅਤੇ ਅਮਰੀਕਾ ਵਿਚਾਲੇ ਸਹਿਯੋਗ ਦਾ ਅਗਲਾ ਮੋਰਚਾ ਪੁਲਾੜ : ਤਰਨਜੀਤ ਸੰਧੂ

ਵਾਸ਼ਿੰਗਟਨ : ਭਾਰਤ ਦੇ ਪੁਲਾੜ ਮਿਸ਼ਨ ਚੰਦਰਯਾਨ-3 ਦੀ ਸਫਲਤਾ 'ਤੇ ਅਮਰੀਕਾ 'ਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਕਹਿਣਾ ਹੈ ਕਿ ਭਾਰਤ ਅਤੇ ਅਮਰੀਕਾ ਦੇ ਪੁਲਾੜ ਖੋਜ ਵਿਚ ਮਿਲ ਕੇ ਕੰਮ ਕਰਨ ਨਾਲ ਦੋਵੇਂ ਦੇਸ਼ ਉਸ ਪੁਰਾਣੀ ਕਹਾਵਤ ਨੂੰ ਝੁਠਲਾ ਦੇਣਗੇ ਕਿ ਆਸਮਾਨ ਦੀ ਹੱਦ ਹੁੰਦੀ ਹੈ।

ਤਰਨਜੀਤ ਸੰਧੂ ਨੇ 'ਵਾਸ਼ਿੰਗਟਨ ਐਗਜ਼ਾਮੀਨਰ' ਨਿਊਜ਼ ਆਊਟਲੈੱਟ 'ਤੇ ਲਿਖੇ ਆਪਣੇ ਲੇਖ 'ਭਾਰਤ-ਅਮਰੀਕਾ ਸਹਿਯੋਗ ਲਈ ਪੁਲਾੜ ਅਗਲਾ ਮੋਰਚਾ' ਵਿਚ ਕਿਹਾ ਕਿ ਭਾਵੇਂ ਚੰਦਰਮਾ ਦੇ ਦੱਖਣੀ ਧਰੁਵ 'ਤੇ ਆਪਣੀ ਪੁਲਾੜ ਗੱਡੀ ਨੂੰ ਉਤਾਰਣ ਦੀ ਸਫਲਤਾ ਹਾਸਲ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੋਵੇ ਪਰ ਇਹ ਜਿੱਤ ਸਮੁੱਚੀ ਮਨੁੱਖਤਾ ਦੀ ਹੈ।

ਚੰਦਰਯਾਨ-3 ਦੀ ਸਫਲਤਾ ਤੋਂ ਕੁਝ ਦਿਨਾਂ ਦੇ ਅੰਦਰ ਭਾਰਤ ਨੇ ਆਪਣਾ ਪਹਿਲਾ ਸੂਰਜੀ ਖੋਜ ਨਿਗਰਾਨ 'ਆਦਿਤਿਆ ਐੱਲ-1' ਲਾਂਚ ਕੀਤਾ। 2015 ਤੋਂ ਬਾਅਦ ਭਾਰਤ ਨੇ 37 ਦੇਸ਼ਾਂ ਦੇ 350 ਤੋਂ ਵੱਧ ਉਪਗ੍ਰਹਿ ਸਫਲਤਾਪੂਰਵਕ ਲਾਂਚ ਕੀਤੇ ਹਨ।

ਸੰਧੂ ਨੇ ਕਿਹਾ, "ਕਿਉਂਕਿ ਭਾਰਤ ਅਤੇ ਅਮਰੀਕਾ ਵਿਗਿਆਨਕ ਖੋਜ ਦੀ ਭਾਵਨਾ ਨੂੰ ਬਹੁਤ ਮਹੱਤਵ ਦਿੰਦੇ ਹਨ, ਇਸ ਲਈ ਦੋਵੇਂ ਦੇਸ਼ ਦਹਾਕਿਆਂ ਤੋਂ ਪੁਲਾੜ ਖੋਜ 'ਤੇ ਮਿਲ ਕੇ ਕੰਮ ਕਰ ਰਹੇ ਹਨ। ਪੁਲਾੜ 'ਚ ਸਾਡੇ ਦੋ-ਪੱਖੀ ਸਬੰਧਾਂ ਨੂੰ ਹੋਰ ਵਧਾਉਣ ਦੀਆਂ ਅਪਾਰ ਸੰਭਾਵਨਾਵਾਂ ਹਨ।

ਜੂਨ 2023 'ਚ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਜੋ ਬਾਈਡੇਨ ਵਿਚਾਲੇ ਸਿਖਰ ਸੰਮੇਲਨ ਤੋਂ ਬਾਅਦ ਇਸਰੋ ਅਤੇ ਨਾਸਾ ਨੇ ਮਨੁੱਖੀ ਪੁਲਾੜ ਉਡਾਣ ਦੇ ਸਹਿਯੋਗ ਦਾ ਪਤਾ ਲਾਉਣ ਅਤੇ 2024 'ਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਇਕ ਸਾਂਝਾ ਮਿਸ਼ਨ ਸ਼ੁਰੂ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ।



ਭਾਰਤ ਅਤੇ ਅਮਰੀਕਾ ਦੁਨੀਆ ਦੇ ਹੋਰ ਦੇਸ਼ਾਂ ਨੂੰ ਪੁਲਾੜ ਨਾਲ ਸਬੰਧਤ ਐਪਲੀਕੇਸ਼ਨਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਆਪਣੀ ਤਾਕਤ ਜੋੜ ਸਕਦੇ ਹਨ।

ਤਰਨਜੀਤ ਸੰਧੂ ਨੇ ਲੇਖ 'ਚ ਕਿਹਾ ਕਿ ਭਾਰਤ ਦੇ ਪੁਲਾੜ ਪ੍ਰੋਗਰਾਮ ਦੇ 3 ਪਹਿਲੂ ਵਿਸ਼ੇਸ਼ ਮਹੱਤਵ ਰੱਖਦੇ ਹਨ। ਸਭ ਤੋਂ ਪਹਿਲਾ, ਸੀਮਤ ਸਰੋਤਾਂ ਅਤੇ ਮੁਕਬਲੇਬਾਜ਼ੀ ਵਾਲੇ ਵਿਸ਼ਵ 'ਚ ਪ੍ਰੋਗਰਾਮ ਦੀ ਘੱਟ ਲਾਗਤ। ਉਨ੍ਹਾਂ ਉਦਾਹਰਣ ਦਿੱਤੀ ਕਿ ਇਸਰੋ ਦੇ '2014 ਮਾਰਸ ਆਰਬਿਟਰ ਮਿਸ਼ਨ' ਦੀ ਲਾਗਤ 74 ਮਿਲੀਅਨ ਅਮਰੀਕੀ ਡਾਲਰ ਸੀ, ਜੋ 'ਇੰਟਰਸਟੈਲਰ' (160 ਮਿਲੀਅਨ ਡਾਲਰ), 'ਦਿ ਮਾਰਟੀਅਨ' (108 ਮਿਲੀਅਨ ਡਾਲਰ) ਅਤੇ 'ਗ੍ਰੈਵਿਟੀ' (100 ਮਿਲੀਅਨ ਡਾਲਰ) ਫਿਲਮਾਂ ਦੇ ਬਜਟ ਨਾਲੋਂ ਬਹੁਤ ਘੱਟ ਸੀ। ਦੂਜਾ, ਭਾਰਤ ਦੀ ਪੁਲਾੜ ਪਹਿਲਕਦਮੀ ਇਸ ਦੇ ਮੁੱਖ ਵਿਕਾਸਮੁਖੀ ਉਦੇਸ਼ਾਂ ਦੀ ਪੂਰਤੀ ਕਰਦੀ ਹੈ। ਇਨ੍ਹਾਂ 'ਚ ਮੌਸਮ ਦੀ ਭਵਿੱਖਬਾਣੀ, ਖੇਤੀਬਾੜੀ ਪੈਦਾਵਾਰ ਦਾ ਅਗਾਊਂ ਅੰਦਾਜ਼ਾ, ਮੱਛੀ ਪਾਲਣ ਅਤੇ ਐਕੁਆਕਲਚਰ, ਟੈਲੀ-ਸਿੱਖਿਆ ਅਤੇ ਟੈਲੀਮੈਡੀਸਨ ਤੋਂ ਲੈ ਕੇ ਵੱਖ-ਵੱਖ ਖੇਤਰਾਂ 'ਚ ਐਪਲੀਕੇਸ਼ਨਾਂ ਸ਼ਾਮਲ ਹਨ।

ਤੀਜੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਦੇ ਪੁਲਾੜ ਪ੍ਰੋਗਰਾਮ 'ਚ ਸਾਡਾ ਪੂਰਾ ਸਮਾਜ ਸ਼ਾਮਲ ਹੈ। ਇਸਰੋ 'ਚ ਕਈ ਮਹਿਲਾ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੇ ਚੰਦਰਯਾਨ-3 ਦੀ ਸਫਲਤਾ 'ਚ ਯੋਗਦਾਨ ਦਿੱਤਾ ਅਤੇ ਪੁਲਾੜ ਗੱਡੀ ਦੀ ਲੈਂਡਿੰਗ ਦੇ ਸਮੇਂ ਮਹਿਲਾ ਵਿਗਿਆਨੀਆਂ ਨਾਲ ਭਰੇ ਕਮਰੇ ਦੀਆਂ ਤਸਵੀਰਾਂ ਇਹ ਉਮੀਦ ਜਗਾਉਂਦੀਆਂ ਹਨ ਕਿ ਉਹ ਦੁਨੀਆ ਭਰ 'ਚ ਨੌਜਵਾਨ ਲੜਕੀਆਂ ਨੂੰ ਆਪਣੇ ਸੁਪਨਿਆਂ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕਰਨਗੀਆਂ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."


**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28 ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ



ਫਰਿਜ਼ਨੋ/ਕੈਲੀਫੋਰਨੀਆਂ, (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਸਥਾਨਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਸ਼ਨੀਵਾਰ ਫਰਿਜ਼ਨੋ ਵੱਲੋਂ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 28ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 22ਵੀ ਬਰਸੀ ਮੌਕੇ ਅਮਰੀਕਾ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ ਅਤੇ ਅਮੈਰਕਿਨ ਐਂਨਥੰਮ ਉਪਰੰਤ ਕੀਤੀ ਗਈ।ਪਿਛੋਂ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਇਸ ਪਿੱਛੋਂ ਗਾਇਕ ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਕਵਿਸ਼ਰੀ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਵਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਅਤੇ ਪੱਪੀ ਭਦੌੜ ਨੇ ਇਨਕਲਾਬੀ ਗੀਤਾਂ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਹੈਰੀ ਮਾਨ, ਰਾਜ ਸਿੱਧੂ, ਕਾਕਾ ਅਮਰਜੀਤ ਸਿੰਘ, ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਰਾਜਕਰਨਬੀਰ ਸਿੰਘ, ਰੇਡੀਓ ਹੋਸਟ ਜਗਤਾਰ ਸਿੰਘ ਗਿੱਲ, ਪਰਮਪਾਲ ਸਿੰਘ, ਗੁਰਦੀਪ ਸ਼ੇਰਗਿੱਲ, ਰਣਜੋਧ ਸਿੰਘ ਰਿਆੜ, ਹਿਸਟੋਰੀਅਨ ਗਗਨਦੀਪ ਸਿੰਘ ਆਈ. ਏ. ਐਸ., ਮਲਕੀਤ ਸਿੰਘ ਕਿੰਗਰਾ, ਮਨਦੀਪ ਸਿੰਘ ਸਿਲਮਾਂ, ਜਗਦੀਸ਼ ਸਿੰਘ, ਹਰਨੇਕ ਸਿੰਘ ਲੋਹਗੜ, ਆਦਿ ਨੇ ਸਟੇਜ਼ ਤੋਂ ਹਾਜ਼ਰੀ ਭਰੀ। ਇਸ ਮੌਕੇ ਕਾਂਗਰਸ ਲਈ ਰਨ ਕਰ ਰਹੇ ਮਾਇਕਲ ਮਾਹਿਰ ਨੇ ਵੀ ਖਾਲੜਾ ਸਹਿਬ ਨੂੰ ਯਾਦ ਕੀਤਾ ਅਤੇ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਉਹਨਾਂ ਨੂੰ ਸਿਰੋਪਾਓ ਦੇਕੇ ਨਿਵਾਜਿਆ।

ਇਸ ਮੌਕੇ ਪਾਰਕ ਦੀ ਸਫਾਈ ਵਾਲੇ ਮੁਲਾਜ਼ਮਾਂ ਗੈਬਰੀਅਲ ਅਤੇ ਟੀਮ ਨੂੰ ਵੀ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।

ਇਸ ਮੌਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਉਹਨਾਂ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਬਾਬਿਆ ਦੀ ਪਾਰਕ ਕਮੇਟੀ ਵੱਲੋਂ ਉਹਨਾਂ ਨੂੰ ਸ਼ਾਲ ਦੇਕੇ ਨਿਵਾਜਿਆ ਗਿਆ। ਇਸ ਮੌਕੇ ਹੈਰੀ ਮਾਨ, ਪੱਤਰਕਾਰ ਨੀਟਾ ਮਾਛੀਕੇ, ਰਾਜਕਰਨਬੀਰ ਸਿੰਘ, ਹਰਜੋਤ ਸਿੰਘ ਖਾਲਸਾ, ਗੁਰਦੀਪ ਸ਼ੇਰਗਿੱਲ ਆਦਿ ਨੂੰ ਵੀ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦਿੱਤੇ ਗਏ।

ਅੰਤ ਵਿੱਚ ਖਾਲੜਾ ਪਾਰਕ ਵਾਲਿਆ ਬਾਬਿਆਂ ਦੀ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਨਿਊ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਜਲੇਬੀਆਂ ਦਾ ਲੰਬਰ ਵਰਤਾਇਆ ਗਿਆ। ਇਸ ਮੌਕੇ ਖਾਲੜਾ ਸਾਬ ?ਹ ਦੇ ਜਵਾਈ ਸ.ਦਲਬੀਰ ਸਿੰਘ ਗਿੱਲ ਨੂੰ ਵੀ ਸਿਰੋਪਾਓ ਨਾਲ ਨਿਵਾਜਿਆ ਗਿਆ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ. ਹੈਰੀਟੇਜ਼ , ਸਮੂਹ ਬਾਬਿਆ ਦੀ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਹੈਰੀਟੇਜ਼ ਅਤੇ ਬਾਬਿਆਂ ਦੀ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਸ਼ਨੀਵਾਰ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਕੀਤਾ। ਇਸ ਮੌਕੇ ਖਾਲੜਾ ਮਿਸ਼ਨ ਲਈ ਫਾਰਮਰ ਅਜੀਤ ਸਿੰਘ ਗਿੱਲ ਨੇ ਇੱਕ ਹਜ਼ਾਰ ਡਾਲਰ ਦਾ ਚੈਕ ਭੇਂਟ ਕੀਤਾ। ਫਾਰਮਰ ਚਰਨਜੀਤ ਸਿੰਘ ਬਾਠ ਅਤੇ ਟਰਾਸਪੋਰਟਰ ਜਸਪਾਲ ਸਿੰਘ ਧਾਲੀਵਾਲ ਨੇ ਵੀ ਪ੍ਰਬੰਧਕਾਂ ਨੂੰ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ।

## ਭਾਰਤਵੰਸ਼ੀ ਸਾਂਸਦ ਕ੍ਰਿਸ਼ਨਾਮੂਰਤੀ ਦੀ ਸਿਆਟਲ ਪੁਲਿਸ ਨੂੰ ਅਪੀਲ, ਜਾਹਨਵੀ ਦੀ ਮੌਤ ਦੀ ਗੰਭੀਰਤਾ ਨਾਲ ਕੀਤੀ ਜਾਵੇ ਜਾਂਚ



ਵਾਸ਼ਿੰਗਟਨ : ਭਾਰਤੀ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਮੂਰਤੀ ਨੇ ਵੀਰਵਾਰ ਨੂੰ ਸਿਆਟਲ ਪੁਲਸ ਨੂੰ ਭਾਰਤੀ ਵਿਦਿਆਰਥਣ ਜਾਹਨਵੀ ਕੰਦੂਲਾ ਦੀ ਦਰਦਨਾਕ ਮੌਤ ਦੀ ਜਾਂਚ ਨੂੰ ਗੰਭੀਰਤਾ ਨਾਲ ਅੱਗੇ ਵਧਾਉਣ ਦੀ ਅਪੀਲ ਕੀਤੀ। 23 ਸਾਲਾ ਜਾਹਨਵੀ ਕੰਦੂਲਾ ਦੀ ਮੌਤ ਦਾ ਮਜ਼ਾਕ ਉਡਾਉਣ ਵਾਲੇ ਸਿਆਟਲ ਪੁਲਸ ਅਧਿਕਾਰੀ ਬਾਰੇ ਕ੍ਰਿਸ਼ਨਾਮੂਰਤੀ ਨੇ ਕਿਹਾ, "ਜਾਹਨਵੀ ਕੰਦੂਲਾ ਦੀ ਮੌਤ ਇਕ ਭਿਆਨਕ ਤ੍ਰਾਸਦੀ ਸੀ ਅਤੇ ਉਸ ਦੀ ਮੌਤ ਨਾਲ ਹੋਏ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ...ਕਿਸੇ ਨੂੰ ਵੀ ਇਸ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ।" ਤੇਜ਼ ਰਫਤਾਰ ਪੁਲਸ ਕਾਰ ਦੀ ਲਪੇਟ 'ਚ ਆਉਣ ਨਾਲ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ ਸੀ। ਕ੍ਰਿਸ਼ਣਮੂਰਤੀ ਨੇ ਕਿਹਾ, ਜਾਹਨਵੀ ਦੀ ਮੌਤ ਬਾਰੇ ਜਾਣਕਾਰੀ ਦੇਣ ਦੌਰਾਨ ਇਕ ਸਿਆਟਲ ਪੁਲਸ ਅਧਿਕਾਰੀ ਵੱਲੋਂ ਉਸ ਦੇ ਜੀਵਨ ਦੀ ਕੀਮਤ 'ਤੇ ਸਵਾਲ ਉਠਾਉਣ ਸਬੰਧੀ ਰਿਕਾਰਡਿੰਗ ਘਿਣਾਉਣੀ ਅਤੇ ਅਸਵੀਕਾਰਯੋਗ ਹੈ। ਮੈਂ ਸਿਆਟਲ ਪੁਲਸ ਵਿਭਾਗ ਨੂੰ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨ ਦੀ ਅਪੀਲ ਕਰਦਾ ਹਾਂ। ਵਾਸ਼ਿੰਗਟਨ ਵਿੱਚ ਉੱਤਰ-ਪੂਰਬੀ ਯੂਨੀਵਰਸਿਟੀ ਵਿੱਚ ਗ੍ਰੈਜੂਏਟ ਵਿਦਿਆਰਥਣ ਜਾਨਵੀ ਨੂੰ 23 ਜਨਵਰੀ 2023 ਦੀ ਰਾਤ ਨੂੰ ਇੱਕ ਪੈਦਲ ਯਾਤਰੀ ਕਰਾਸਿੰਗ 'ਤੇ ਇੱਕ ਪੁਲਸ ਵਾਹਨ ਨੇ ਟੱਕਰ ਮਾਰ ਦਿੱਤੀ ਸੀ। ਡੈਨੀਅਲ ਆਰਡਰਰ ਦਾ ਇੱਕ ਬਾਡੀਕੈਮ ਰਿਕਾਰਡਿੰਗ ਵੀਡੀਓ ਸਾਹਮਣੇ ਆਇਆ ਹੈ ਜਿਸ ਵਿੱਚ ਉਸਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ - ਹਾਂ, ਬਸ ਇੱਕ ਚੈੱਕ ਲਿਖੋ। 11,000 ਅਮਰੀਕੀ ਡਾਲਰ ਦਾ। ਉਹ ਵੈਸੇ ਵੀ 26 ਸਾਲ ਦੀ ਸੀ, ਉਸਦੇ ਜੀਵਨ ਦੀ ਕੀਮਤ ਸੀਮਤ ਸੀ।'

## ਰਾਸ਼ਟਰਪਤੀ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਵਿਰੁੱਧ ਲੱਗੇ ਸੰਘੀ ਗੰਨ ਦੋਸ਼ ਬਣ ਸਕਦੇ ਹਨ ਪਾਰਟੀ ਸਮਰਥਕਾਂ ਲਈ ਚੁਣੌਤੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਹੰਟਰ ਬਾਈਡਨ ਵਿਰੁੱਧ ਝੂਠ ਬੋਲ ਕੇ ਰਿਵਾਲਵਰ ਲੈਣ ਦੇ ਮਾਮਲੇ ਵਿਚ ਦੋਸ਼ ਉਸ ਸਮੇ ਆਇਦ ਹੋਏ ਹਨ ਜਦੋਂ ਉਨਾਂ ਦੇ ਪਿਤਾ ਜੋ ਬਾਈਡਨ 2024 ਵਿਚ ਦੁਬਾਰਾ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ। ਦੋਸ਼ ਆਇਦ ਹੋਣ ਦਾ ਸਮਾਂ ਡੈਮੋਕਰੈਟਿਕ ਪਾਰਟੀ ਦੇ ਸਮਰਥਕਾਂ ਵਿਚ ਭੰਬਲਭੂਸਾ ਪੈਦਾ ਕਰ ਸਕਦਾ ਹੈ। ਡੈਮੋਕਰੈਟਿਕ ਪਾਰਟੀ ਲਈ ਬੇਹਤਰ ਇਹ ਹੈ ਕਿ ਦੋਸ਼ਾਂ ਦਾ ਨਿਪਟਾਰਾ ਛੇਤੀ ਹੋ ਜਾਵੇ ਪਰੰਤੂ ਜੇਕਰ ਮੱਤਦਾਤਾ ਵੱਲੋਂ ਦੁਬਾਰਾ ਚੋਣ ਲੜਨ ਲਈ ਜੋ ਬਾਈਡਨ ਦੇ ਹੱਕ ਵਿਚ ਫੈਸਲਾ ਦੇਣ ਤੋਂ ਥੋੜਾ ਸਮਾਂ ਪਹਿਲਾਂ ਹੰਟਰ ਬਾਈਡਨ ਨੂੰ ਦੋਸ਼ੀ ਕਰਾਰ ਦੇ ਦਿੱਤਾ ਜਾਂਦਾ ਹੈ ਤਾਂ ਇਹ ਪਾਰਟੀ ਲਈ ਚੰਗਾ ਨਹੀਂ ਹੋਵੇਗਾ। ਇਸ ਦਾ ਪਾਰਟੀ ਦੀਆਂ ਸੰਭਾਵਨਾਵਾਂ ਉਪਰ ਅਸਰ ਪੈ ਸਕਦਾ ਹੈ। ਹਾਲਾਂਕਿ ਮਾਮਲੇ ਵਿੱਚ




ਹੰਟਰ ਬਾਈਡਨ ਆਪਣੇ ਪਿਤਾ ਜੋ ਬਾਈਡਨ ਨਾਲ

ਸੁਣਵਾਈ ਦੇ ਸਮੇ ਬਾਰੇ ਕੋਈ ਭਵਿੱਖਬਾਣੀ ਕਰਨੀ ਮੁਸ਼ਕਿਲ ਹੈ ਪਰੰਤੂ ਅਜਿਹਾ ਲੱਗਦਾ ਹੈ ਕਿ ਹੰਟਰ ਬਾਈਡਨ ਦੇ ਵਕੀਲ ਮਾਮਲੇ ਦੀ ਤੁਰੰਤ ਸੁਣਵਾਈ ਦੇ ਹੱਕ ਵਿਚ ਨਹੀਂ ਹਨ। ਆਮ ਤੌਰ 'ਤੇ ਦੋਸ਼ ਪੱਤਰ ਆਇਦ ਹੋਣ ਉਪਰੰਤ ਮਾਮਲੇ ਦੀ ਸੁਣਵਾਈ 100 ਦਿਨਾਂ ਵਿਚ ਨਿਸ਼ਚਤ ਹੋ ਜਾਂਦੀ ਹੈ। ਵਕੀਲ ਅਬੇ ਲੋਵੈਲ ਵੱਲੋਂ ਮਾਮਲੇ ਨੂੰ ਨਜਿੱਠਣ ਲਈ ਜੋ ਅਨੇਕਾਂ ਢੰਗ ਤਰੀਕੇ ਅਪਣਾਉਣ ਦੀ ਯੋਜਨਾ ਹੈ ਉਸ ਤੋਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਹੰਟਰ ਬਾਈਡਨ ਮਾਮਲੇ ਦੀ ਤੇਜੀ ਨਾਲ ਸੁਣਵਾਈ ਦੇ ਆਪਣੇ ਹੱਕ ਉਪਰ ਜੋਰ ਨਹੀਂ ਦੇਵੇਗਾ। ਲੋਵੈਲ ਦੇ ਮੰਨਣਾ ਹੈ ਕਿ ਜੁਲਾਈ ਵਿਚ ਹੋਏ ਮੁਕੱਦਮਾ ਸਮਝੌਤੇ ਅਨੁਸਾਰ ਹੰਟਰ ਬਾਈਡਨ ਵਿਰੁੱਧ ਦੋਸ਼ ਆਇਦ ਨਹੀਂ ਹੋ ਸਕਦੇ। ਲੋਵੈਲ ਨੇ ਇਹ ਵੀ ਕਿਹਾ ਹੈ ਕਿ ਡੱਰਗ ਲੈਣ ਵਾਲੇ ਵਿਅਕਤੀਆਂ 'ਤੇ ਰਿਵਾਲਵਰ ਰੱਖਣ ਦੀ ਲੱਗੀ ਪਾਬੰਦੀ ਦੇ ਬਾਵਜੂਦ ਕਥਿੱਤ ਤੌਰ 'ਤੇ ਹੰਟਰ ਬਾਈਡਨ ਉਪਰ ਰਿਵਾਲਵਰ ਰੱਖਣ ਦੇ ਦੋਸ਼ ਲਾਉਣਾ ਗੈਰਸੰਵਿਧਾਨਕ ਹੈ। ਉਨਾਂ ਕਿਹਾ ਕਿ ਕੁਝ ਸਬੂਤ ਅਜਿਹੇ ਹਨ ਜਿਨਾਂ ਤੋਂ ਉਹ ਇਨਕਾਰ ਕਰਦੇ ਹਨ। ਅਜਿਹੇ ਵਿਚ ਜਦੋਂ ਵੀ ਜੇਕਰ ਸੁਣਵਾਈ ਹੁੰਦੀ ਹੈ ਤਾਂ ਹੰਟਰ ਬਾਈਡਨ ਦੋਸ਼ ਮੁਕਤ ਹੋ ਕੇ ਨਿਕਲੇਗਾ।

## ਅਦਾਕਾਰ ਬਿਲੀ ਮਿਲਰ ਦਾ 43 ਸਾਲ ਦੀ ਉਮਰ 'ਚ ਦਿਹਾਂਤ, ਮਾਨਸਿਕ ਉਦਾਸੀ ਨਾਲ ਰਹੇ ਸਨ ਜੂਝ


ਨਿਊਯਾਰਕ : ਬੀਤੇ ਦਿਨੀਂ ਸੋਪ ਓਪੇਰਾ ਸਟਾਰ ਬਿਲੀ ਮਿਲਰ, ਜੋ 'ਦਿ ਯੰਗ ਐਂਡ ਦਿ ਰੈਸਟਲੈੱਸ' ਤੇ 'ਜਨਰਲ ਹੌਸਪੀਟਲ' 'ਚ ਆਪਣੀਆਂ ਭੂਮਿਕਾਵਾਂ ਲਈ ਜਾਣੇ ਜਾਂਦੇ ਹਨ ਤੇ ਜੋ ਤਿੰਨ ਵਾਰ ਡੇ ਟਾਈਮ ਐਮੀ ਪੁਰਸਕਾਰ ਵਿਜੇਤਾ ਹਨ, ਦੀ ਬੀਤੇ ਦਿਨੀਂ ਮੌਤ ਹੋ ਗਈ। ਉਹ 43 ਸਾਲਾਂ ਦੇ ਸਨ। ਮਿੱਲਰ ਦੇ ਪਰਿਵਾਰ ਨੇ ਬੀਤੇਂ ਦਿਨੀਂ ਇਕ ਪੋਸਟ ਸਾਂਝੀ ਕੀਤੀ, ਜਿਸ 'ਚ ਦੱਸਿਆ ਕਿ ਉਹ ਕੁਝ ਸਮੇਂ ਤੋਂ ਮਾਨਸਿਕ ਉਦਾਸੀ ਨਾਲ ਜੂਝ ਰਹੇ ਸਨ। ਉਨ੍ਹਾਂ ਦੀ ਮੌਤ ਔਸਟਿਨ, ਟੈਕਸਾਸ ਸੂਬੇ 'ਚ ਹੋਈ। 17 ਸਤੰਬਰ, 1979 ਨੂੰ ਤੁਲਸਾ, ਓਕਲਾਹੋਮਾ 'ਚ ਜਨਮੇ ਮਿਲਰ ਗ੍ਰੈਂਡ ਪ੍ਰੇਰੀ, ਟੈਕਸਾਸ 'ਚ ਵੱਡੇ ਹੋਏ ਸਨ, ਜੋ ਤਿੰਨ ਵਾਰ ਡੇ ਟਾਈਮ ਐਮੀ ਪੁਰਸਕਾਰ ਵਿਜੇਤਾ ਰਹੇ ਹਨ। ਉਨ੍ਹਾਂ ਦੀ ਮੌਤ ਸਥਾਨਕ ਹਸਪਤਾਲ 'ਚ ਹੋਈ। ਉਨ੍ਹਾਂ ਨੂੰ 'ਦਿ ਯੰਗ ਐਂਡ ਦਿ ਰੈਸਟਲੈੱਸ' 'ਚ ਬਿਲੀ ਐਬੋਟ



ਦਾ ਕਿਰਦਾਰ ਨਿਭਾਉਣ ਲਈ ਤਿੰਨ ਡੇ ਟਾਈਮ ਐਮੀ ਐਵਾਰਡ ਪ੍ਰਾਪਤ ਕੀਤੇ ਸਨ। ਆਸਟਿਨ ਵਿਖੇ ਸਥਿਤ ਟੈਕਸਾਸ ਯੂਨੀਵਰਸਿਟੀ 'ਚ ਜਾਣ ਤੋਂ ਬਾਅਦ ਉਨ੍ਹਾਂ ਨੇ ਵਿਲਹੇਲਮੀਨਾ ਲਈ ਇਕ ਮਾਡਲ ਵਜੋਂ ਵੀ ਦਸਤਖ਼ਤ ਕੀਤੇ ਜਾਣ ਤੋਂ ਪਹਿਲਾਂ ਇੰਡਸਟਰੀ ਐਂਟਰਟੇਨਮੈਂਟ ਦੇ ਮੇਲਰੂਮ 'ਚ ਵੀ ਕੰਮ ਕੀਤਾ। ਉਨ੍ਹਾਂ ਨੇ ਮਸ਼ਹੂਰ ਸੋਪ ਓਪੇਰਾ 'ਆਲ ਮਾਈ ਚਿਲਡਰਨ' ਰਾਹੀਂ ਆਪਣੀ ਸ਼ੁਰੂਆਤ ਕੀਤੀ। 2008 'ਚ 'ਦਿ ਯੰਗ ਐਂਡ ਦਿ ਰੈਸਟਲੈੱਸ' ਦੀ ਕਾਸਟ 'ਚ ਸ਼ਾਮਲ ਹੋਣ ਤੋਂ ਪਹਿਲਾਂ ਥੋੜ੍ਹੇ ਸਮੇਂ ਲਈ ਰਿਚੀ ਨੋਵਾਕ ਦੀ ਭੂਮਿਕਾ ਨਿਭਾਈ ਤੇ ਉਹ ਆਪਣੇ ਯਤਨਾਂ ਲਈ ਜਾਣੇ ਜਾਂਦੇ ਸਨ।

## ਅਮਰੀਕਾ ਦੀ ਇਕ ਜੇਲ ਵਿਚੋਂ 2 ਹਫਤੇ ਪਹਿਲਾਂ ਫਰਾਰ ਹੋਇਆ ਦੋਸ਼ੀ ਅਜੇ ਵੀ ਨਹੀਂ ਆਇਆ ਕਾਬੂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਹੱਤਿਆ ਲਈ ਦੋਸ਼ੀ ਕਰਾਰ ਦਿੱਤਾ ਡਾਨੇਲੋ ਕੈਵਲਕਾਂਟ (34) ਜੋ ਤਕਰੀਬਨ 2 ਹਫਤੇ ਪਹਿਲਾਂ ਪੂਰਬੀ ਪੈਨਸਿਲਵਾਨੀਆ ਦੀ ਇਕ ਜੇਲ ਵਿਚੋਂ ਫਰਾਰ ਹੋ ਗਿਆ ਸੀ, ਅਜੇ ਤੱਕ ਪੁਲਿਸ ਦੇ ਕਾਬੂ ਨਹੀਂ ਆਇਆ ਜਦ ਕਿ ਪੁਲਿਸ ਉਸ ਦੀ ਭਾਲ ਜੰਗੀ ਪੱਧਰ ਉਪਰ ਕਰ ਰਹੀ ਹੈ। ਪੁਲਿਸ ਦਾ ਮੰਨਣਾ ਹੈ ਕਿ ਉਹ ਹਥਿਆਰਬੰਦ ਹੈ ਤੇ ਖਤਰਨਾਕ ਬਣ ਚੁੱਕਾ ਹੈ। ਹੰਗਾਮੀ ਚੌਕਸੀ ਵਿਭਾਗ ਅਨੁਸਾਰ ਕੈਵਲਕਾਂਟ ਨੂੰ ਸੋਮਵਾਰ ਦੀ ਰਾਤ ਨੂੰ ਚੈਸਟਰ ਕਾਊਂਟੀ ਦੇ ਦੱਖਣੀ ਕੋਵੈਂਟਰੀ ਟਾਊਨਸ਼ਿੱਪ ਵਿਚ ਵੇਖਿਆ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਇਕ ਸਥਾਨਕ ਘਰ ਦੇ ਮਾਲਕ ਦੀ ਇਕ ਗੈਰਾਜ ਵਿਚੋਂ ਰਾਈਫਲ ਚੋਰੀ ਕਰ ਲਈ ਹੈ। ਹਾਲਾਂ ਕਿ ਮਾਲਕ ਨੇ ਉਸ ਉਪਰ ਕਈ ਗੋਲੀਆਂ




ਡਾਨੇਲੋ ਕੈਵਲਕਾਂਟ ਦੀ ਭਾਲ ਵਿਚ ਲੱਗੀ ਪੁਲਿਸ

ਚਲਾਈਆਂ ਪਰ ਉਹ ਰਾਈਫਲ ਲੈ ਕੇ ਫਰਾਰ ਹੋ ਗਿਆ। ਪੈਨਸਿਲਵਾਨੀਆ ਸਟੇਟ ਪੁਲਿਸ ਜੋ ਉਸ ਨੂੰ ਕਾਬੂ ਕਰਨ ਦੀ ਮੁਹਿੰਮ ਦੀ ਅਗਵਾਈ ਕਰ ਰਹੀ ਹੈ, ਨੇ ਤਲਾਸ਼ੀ ਵਾਲੇ ਖੇਤਰ ਦੀ ਨਿਸ਼ਾਨਦੇਹੀ ਕਰਨ ਉਪਰੰਤ ਆਪਣੀ ਮੁਹਿੰਮ ਨੂੰ ਤੇਜ ਕਰ ਦਿੱਤਾ ਹੈ। ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ।

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹ ਰਿਹਾ ਨਵਾਂ ਦਫ਼ਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪੋ੍ਰਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**

**510-472-0608**

**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਉਲਝ ਜਾਵੇ ਨਾ ਤਾਣੀ, ਬਚਾਈਏ ਪਾਣੀ

ਗੁਰਬਾਣੀ ਦਾ ਫੁਰਮਾਨ ਹੈ, 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ' ਪਰ ਅਸੀਂ ਇਸ ਮਹਾਨ ਫਲਸਫ਼ੇ ਨੂੰ ਭੁਲਾ ਕੇ ਅਸੀਂ ਆਪਣੀ ਹਾਲਤ ਹਨੇਰੀ 'ਚ ਭਟਕੇ ਪੰਛੀ ਵਰਗੀ ਕਰ ਲਈ ਹੈ। ਅੱਜ ਪਾਣੀ ਦਾ ਨੀਵਾਂ ਪੱਧਰ ਪੰਜਾਬ ਨੂੰ ਸਤਾ ਰਿਹਾ ਹੈ ਅਤੇ ਭਵਿੱਖੀ ਵੰਗਾਰ ਲੈ ਕੇ ਬੂਹੇ ਉੱਤੇ ਆਣ ਖੜ੍ਹਾ ਹੋ ਗਿਆ ਹੈ।

ਪਾਣੀ ਦੀ ਹਾਲਤ ਨੂੰ ਸੁਧਾਰਨ ਲਈ ਮੌਜੂਦਾ ਸਰਕਾਰ ਨੇ ਹੰਭਲੇ ਮਾਰਨ ਦੀ ਸ਼ੁਰੂਆਤ ਕੀਤੀ। ਇਕ ਹੰਭਲਾ ਪਾਣੀ ਦੀ ਰੀਚਾਰਜਿੰਗ ਲਈ ਵੀ ਮਾਰਨਾ ਚਾਹੀਦਾ ਹੈ। ਨਿਰਾ-ਪੁਰਾ ਖੇਤੀ ਖੇਤਰ ਨੂੰ ਵੀ ਪਾਣੀ ਦੀ ਹਾਲਤ ਬਾਰੇ ਦੋਸ਼ ਨਹੀ ਦਿੱਤਾ ਜਾ ਸਕਦਾ। ਉਦਯੋਗਿਕ ਕ੍ਰਾਂਤੀ, ਹਰੀ ਕ੍ਰਾਂਤੀ ਅਤੇ ਪਾਣੀ ਦੀ ਕੀਮਤ ਨੂੰ ਨਾ ਸਮਝਣਾ ਵੀ ਇਸ ਦੇ ਕਾਰਨ ਹਨ। ਪਾਣੀ ਥੱਲੇ ਜਾਣ ਅਤੇ ਦੂਸ਼ਿਤ ਹੋਣ ਦਾ ਅਸੀਂ ਖ਼ੁਦ ਵੀ ਕਾਰਨ ਬਣੇ ਹਾਂ। ਸੰਤੁਲਨ ਬਣਾਉਣ ਲਈ ਸਮੇਂ ਦੀਆਂ ਸਰਕਾਰਾਂ ਨੇ ਉਪਰਾਲੇ ਕੀਤੇ ਪਰ ਲੋੜ ਅਨੁਸਾਰ ਟੀਚੇ ਨਹੀਂ ਪ੍ਰਾਪਤ ਕਰ ਸਕੇ।

ਇਸ ਵਿਚਲੀ ਕਮੀ ਨੂੰ ਮੁਲਾਂਕਣ ਅਤੇ ਘੋਖਣ ਦੀ ਲੋੜ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਖੇਤੀ ਖੇਤਰ ਲੇਜ਼ਰ ਕਰਾਹੇ ਦੀ ਵਰਤੋਂ, ਝੋਨੇ 'ਚ ਪਾਣੀ ਨਾ ਖੜ੍ਹਾਉਣ, ਝੋਨੇ ਦੀ ਸਿੱਧੀ ਬਿਜਾਈ, ਫ਼ਸਲੀ ਵਿਭਿੰਨਤਾ ਅਤੇ ਤੁਪਕਾ ਸਿੰਚਾਈ ਰਾਹੀਂ ਆਪਣਾ ਯੋਗਦਾਨ ਪਾ ਸਕਦਾ ਹੈ।



ਮੌਜੂਦਾ ਸਰਕਾਰ ਨੇ ਵੀ ਇਸ ਉੱਤੇ ਕੰਮ ਕਰਨਾ ਸ਼ੁਰੂ ਕੀਤਾ ਹੈ। ਪਿਛਲੀ ਸਰਕਾਰ ਸਮੇਂ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਸੂਬਾਈ ਯੋਜਨਾ ਬੋਰਡ ਨੂੰ ਗਤੀਸ਼ੀਲ ਕੀਤਾ। ਯੋਜਨਾ ਬੋਰਡ ਨੇ ਇਸ ਸਬੰਧੀ ਖ਼ਾਸ ਖ਼ਾਕਾ ਘੜਿਆ। ਖੇਤੀ ਸਕੀਮਾਂ ਯੋਜਨਾ ਬੋਰਡ ਨੂੰ ਅੰਕੜਿਆਂ ਦੇ ਮਿਲਾਨ ਅਤੇ ਕੇਂਦਰੀਕ੍ਰਿਤ ਅਧਿਐਨ ਨਿਰੀਖਣ ਡਵੀਜ਼ਨ ਕਾਇਮ ਕਰਨ ਦੇ ਹੁਕਮ ਹੋਏ। ਉਸ ਸਮੇਂ ਵੀ ਪਾਣੀ ਦੇ ਨੀਵੇਂਪੱਧਰ ਲਈ ਚਿੰਤਾ ਜ਼ਾਹਿਰ ਹੋਈ।

ਇਸੇ ਦੌਰਾਨ ਹੀ ਮੰਡੀਕਰਨ ਨੀਤੀ ਘੜਨ ਦੀ ਸਲਾਹ ਹੋਈ। ਹੁਣ ਸਰਕਾਰ ਨੇ ਪੰਚਾਇਤੀ ਜ਼ਮੀਨ ਦੇ ਠੇਕੇਦਾਰਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹਿਤ ਕੀਤਾ ਹੈ। ਕਿਸਾਨਾਂ ਲਈ ਸਰਕਾਰ ਨੇ 1500 ਰੁਪਏ ਦੇਣ ਦਾ ਉਪਰਾਲਾ ਵੀ ਕੀਤਾ। ਇਕ ਵਾਰ ਤਤਕਾਲੀ ਵਿੱਤ ਮੰਤਰੀ ਨੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਪੰਚਾਇਤੀ ਜ਼ਮੀਨ 'ਚ ਝੋਨਾ ਨਾ ਲਾਉਣ ਦਾ ਸੁਝਾਅ ਦਿੱਤਾ ਸੀ। ਇਸ ਵਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਸਾਫ਼ ਨੀਅਤ ਸਦਕਾ ਲੋਕ ਉਤਸੁਕਤਾ ਅਤੇ ਸਹਿਮਤੀ ਦਿਖਾ ਰਹੇ ਹਨ। ਇਹ ਭਵਿੱਖੀ ਸ਼ੁਭ ਸੁਨੇਹੇ ਦਾ ਪੰਨਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ 1998 ਤੋਂ 2018 ਤੱਕ ਅਧਿਐਨ ਤੋਂ ਬਾਅਦ ਸਿੱਟਾ ਕੱਢਿਆ ਸੀ ਕਿ 22 ਵਿੱਚੋਂ 18 ਜ਼ਿਲ੍ਹਿਆਂ 'ਚ ਧਰਤੀ ਹੇਠਲਾ ਪਾਣੀ ਇਕ ਲੀਟਰ ਥੱਲੇ ਜਾ ਰਿਹਾ ਹੈ। ਪਾਣੀ ਦਾ ਪੱਧਰ ਉੱਚਾ ਚੁੱਕਣ ਤੇ ਪਾਣੀ ਦੀ ਸੁਚੱਜੀ ਵਰਤੋਂ ਬਾਰੇ ਸੁਝਾਅ ਦੇਣ ਲਈ ਸੈਮੀਨਾਰ ਹੋਏ ਪਰ ਨਤੀਜਾ ਮੱਠੀ ਚਾਲ ਵਾਲਾ ਰਿਹਾ। 60-70 ਸਾਲ ਤੱਕ ਦਾ ਇਤਿਹਾਸ ਫਰੋਲ ਕੇ ਵੇਖਿਆ ਜਾਵੇ ਤਾਂ ਨਹਿਰੀ ਪਾਣੀ ਵਾਲੇ ਖੇਤਰ 58.4 ਫ਼ੀਸਦੀ ਤੋਂ ਘਟ ਕੇ 28 ਫ਼ੀਸਦੀ ਰਹਿ ਗਏ। ਟਿਊਬਵੈੱਲਾਂ ਅਧੀਨ 41.1 ਤੋਂ ਵੱਧ ਕੇ ਸਿੰਚਾਈ ਵਾਲਾ ਰਕਬਾ 71.3 ਫ਼ੀਸਦੀ ਹੋ ਗਿਆ ਹੈ। ਪੰਜਾਬ 'ਚ ਟਿਊਬਵੈੱਲਾਂ ਦੀ ਗਿਣਤੀ ਦਾ ਅੰਕੜਾ 15 ਕੁ ਲੱਖ ਹੈ। ਮੁਫ਼ਤ ਬਿਜਲੀ ਦੀ ਸਹੂਲਤ ਹਾਂ -ਪੱਖੀ ਦੇ ਨਾਲ-ਨਾਲ ਨਾਂਹ- ਪੱਖੀ ਅਸਰ ਵੀ ਪਾ ਰਹੀ ਹੈ। ਇਸ ਸਭ ਕਾਸੇ ਲਈ ਪਿਛਲੀ ਕਮੀ ਦੀ ਪੜਚੋਲ ਹੋਵੇ। ਲੋੜੀਂਦੀ ਲੋਕ ਲਹਿਰ ਪੈਦਾ ਕੀਤੀ ਜਾਵੇ। ਇਸ ਵਾਰ ਸਰਕਾਰ ਦਾ ਝੋਨੇ ਦੀ ਸਿੱਧੀ ਬਿਜਾਈ ਦਾ ਉਪਰਾਲਾ ਇਕ ਸਾਰਥਿਕ ਲਹਿਰ ਵਜੋਂ ਉੱਭਰ ਰਿਹਾ ਹੈ। 1980-81 'ਚ ਝੋਨੇ ਹੇਠ 1157000 ਹੈਕਟੇਅਰ ਰਕਬਾ ਸੀ ਜਦਕਿ 2019-20 ਤੱਕ ਇਹ ਰਕਬਾ ਵਧ ਕੇ 3142000 ਏਕੜ ਹੋ ਗਿਆ ਹੈ। ਸਰਕਾਰ ਦੀ ਉਕਾਈ ਵੀ ਝਲਕਦੀ ਹੈ ਕਿ ਬਿਮਾਰੀ ਨੂੰ ਸ਼ੁਰੂ 'ਚ ਨਹੀਂ ਫੜਿਆ ਗਿਆ।

15ਵੀਂ ਵਿਧਾਨ ਸਭਾ ਨੇ ਕਮੇਟੀ ਗਠਿਤ ਕਰ ਕੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸ਼ੁਰੂਆਤ ਕੀਤੀ। ਇਸ ਕਮੇਟੀ ਨੇ ਪਾਣੀ ਵਿਭਾਗਾਂ ਦਾ ਪੁਨਰਗਠਨ, ਧਰਤੀ ਹੇਠਲੇ ਪਾਣੀ ਲਈ ਰਾਜਪੱਧਰੀ ਨੀਤੀ, ਪਾਣੀ ਆਡਿਟ ਕਰਨ ਸਬੰਧੀ ਹੋਰ ਵੀ ਕਈ ਸਿਫ਼ਾਰਸ਼ਾਂ ਕੀਤੀਆਂ। ਇਨ੍ਹਾਂ ਸਿਫ਼ਾਰਸ਼ਾਂ 'ਤੇ ਕੰਮ ਤਾਂ ਸ਼ੁਰੂ ਹੋਇਆ ਪਰ ਰਫ਼ਤਾਰ ਨਹੀਂ ਫੜੀ। ਵਾਤਾਵਰਨ ਤੇ ਪਾਣੀ ਦਾ ਸੰਤੁਲਨ ਵਿਗੜਨ 'ਚ ਪਿਛਲੇ ਚਾਰ ਦਹਾਕਿਆਂ ਦੌਰਾਨ ਕੋਈ ਕਮੀ ਨਹੀਂ ਰਹੀ। ਹੁਣ ਪੰਜਾਬ ਸਰਕਾਰ ਨੇ ਪਾਣੀ ਅਤੇ ਵਾਤਾਵਰਨ ਲਈ ਪਰਮ ਅਗੇਤ ਕੀਤੀ ਹੈ। ਸਾਲ 2017 'ਚ ਸੈਂਟਰਲ ਗਰਾਊਂਡ ਵਾਟਰ ਬੋਰਡ ਨੇ ਖ਼ਤਰੇ ਦੀ ਘੰਟੀ ਵਜਾਈ ਸੀ ਕਿ ਧਰਤੀ ਹੇਠੋਂ 35.8 ਬਿਲੀਅਨ ਕਿਊਸਿਕ ਮੀਟਰ ਪਾਣੀ ਬਾਹਰ ਕੱਢਦੇ ਹਾਂ ਜਦਕਿ ਧਰਤੀ 21.6 ਬਿਲੀਅਨ ਕਿਊਸਿਕ ਮੀਟਰ ਪਾਣੀ ਸੋਖਦੀ ਹੈ। 14.2 ਬਿਲੀਅਨ ਕਿਊਸਿਕ ਮੀਟਰ ਦਾ ਖੱਪਾ ਭਵਿੱਖੀ ਖ਼ਤਰੇ ਦਾ ਸੰਕੇਤ ਦਿੰਦਾ ਸੀ ਪਰ ਇਸ ਦੀ ਭਰਪਾਈ ਲਈ ਕੋਈ ਖ਼ਾਸ ਯਤਨ ਨਹੀਂ ਦਿਸੇ। ਪੰਜਾਬ 'ਚ ਦਰਿਆਈ ਤੇ ਨਹਿਰੀ ਪਾਣੀ ਨੂੰ ਹਰ ਪੱਖ ਦਾ ਗ੍ਰਹਿਣ ਲੱਗਿਆ ਰਿਹਾ। ਮੌਜੂਦਾ ਸਰਕਾਰ ਨੇ ਉਪਰਾਲੇ ਸ਼ੁਰੂ ਕੀਤੇ ਹਨ, ਜਿਸ ਦੇ ਇਕ ਸਾਲ ਤੱਕ ਨਤੀਜੇ ਵੀ ਮਿਲਣਗੇ।

-ਸੁਖਪਾਲ ਸਿੰਘ ਗਿੱਲ

# ਸਿਰ ਜੋੜ ਕੇ ਬੈਠਣ ਦਾ ਵੇਲਾ, ਪੰਜਾਬ 'ਚ ਸਿੱਖ ਆਬਾਦੀ ਦਾ ਘਟਣਾ ਚਿੰਤਾ ਦਾ ਵਿਸ਼ਾ

**ਇਕਬਾਲ ਸਿੰਘ ਲਾਲਪੁਰਾ**



ਮਨੁੱਖ ਤੋਂ ਪਰਮ ਮਨੁੱਖ ਬਣਾਉਣ ਦਾ ਇਕ ਨਿਵੇਕਲਾ ਉੱਦਮ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤਾ। ਇਹ ਨਵਾਂ ਮਾਰਗ ਪ੍ਰੇਮ ਦਾ ਹੈ ਪਰ ਇਸ ਦੇ ਪਾਂਧੀ ਬਣਨ ਲਈ ਸਿਰ ਤਲੀ 'ਤੇ ਰੱਖ ਕੇ ਗੁਰੂ ਕੋਲ ਆਉਣ ਦੀ ਸ਼ਰਤ ਹੈ। ਗੁਰੂ ਦੇ ਹੁਕਮ ਤੇ ਦੱਸੇ ਮਾਰਗ 'ਤੇ ਚੱਲਣ ਨਾਲ ਸੰਤ ਸਿਪਾਹੀ ਸੁੱਤੇ ਸਿੱਧ ਹੀ ਬ੍ਰਹਮ ਗਿਆਨੀ ਬਣ ਕੇ ਮੁਕਤ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਦੀ ਗਵਾਹੀ "ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥" ਦੇ ਹੁਕਮ ਨਾਲ ਦਿੱਤੀ ਹੈ। ਇਸ ਪੰਥ ਜਾਂ ਮਾਰਗ ਦੇ ਪਾਂਧੀ ਨਾ ਕਿਸੇ ਤੋਂ ਡਰਦੇ ਹਨ, ਨਾ ਡਰਾਉਂਦੇ ਹਨ। ਉਹ ਅਣਖ ਨਾਲ ਜਿਊਂਦੇ ਹਨ ਤੇ ਕਿਸੇ ਦੀ ਟੈਂ ਵੀ ਨਹੀਂ ਮੰਨਦੇ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ 239 ਸਾਲ, ਆਪਣੇ ਫਲਸਫੇ ਦੀਆਂ ਉਦਾਹਰਨਾਂ ਆਪਣੇ ਜੀਵਨ ਰਾਹੀਂ ਪੇਸ਼ ਕੀਤੀਆਂ ਅਤੇ ਭਾਰਤੀ ਸਮਾਜ ਵਿੱਚੋਂ ਜਾਤ-ਪਾਤ ਦੀ ਵੰਡ ਸਮੇਤ ਸਭ ਕਮਜ਼ੋਰੀਆਂ ਦੂਰ ਕਰ ਕੇ ਇਕ ਨਵੇਂ, ਸੇਵਾ, ਸਿਮਰਨ ਤੇ 'ਸੂਰਬੀਰ ਬਚਨ ਕੇ ਬਲੀ' ਯੋਧਿਆਂ ਦੀ ਫ਼ੌਜ ਤਿਆਰ ਕੀਤੀ। ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ। ਇਸੇ ਨਵੇਂ ਪੰਥ ਵੱਲ ਤੁਰਨ ਦਾ ਸਫ਼ਰ ਵੀ ਸੁਖਾਲਾ ਨਹੀਂ ਸੀ, ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਹਰ ਬਾਦਸ਼ਾਹ ਨੇ ਗੁਰੂ ਸਾਹਿਬਾਨ ਨਾਲ ਟੱਕਰ ਲਈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮ ਰੱਖਿਆ ਤੇ ਜ਼ੁਲਮ ਵਿਰੁੱਧ 21 ਦੇ ਕਰੀਬ ਲੜਾਈਆਂ ਵੀ ਲੜਨੀਆਂ ਪਈਆਂ। ਜਿੱਤ ਉਪਰੰਤ ਵੀ ਗੁਰੂ ਸਾਹਿਬਾਨ ਨੇ ਇਕ ਇੰਚ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ ਪਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦਿੱਤਾ ਤਾਂ ਖ਼ਾਲਸਾ ਨੇ ਦੋ ਸਾਲ ਵਿਚ ਹੀ ਖ਼ਾਲਸਾ ਰਾਜ ਦੀ ਸਥਾਪਨਾ ਕਰ ਕੇ ਮੁਗ਼ਲ ਰਾਜ ਦੇ ਖ਼ਾਤਮੇ ਦੀ ਨੀਂਹ ਰੱਖ ਦਿੱਤੀ। ਸੰਨ 1715 ਵਿਚ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਬਾਹਰੋਂ ਸਹਾਇਤਾ ਦੀ ਉਮੀਦ ਕਰ ਰਹੇ ਸਨ ਤਾਂ ਵਿਰੋਧੀ ਫੁੱਟ ਪਾਉਣ ਵਿਚ ਸਫ਼ਲ ਹੋ ਚੁੱਕਾ ਸੀ ਤੇ ਬਾਹਰੋਂ ਕੋਈ ਸਹਾਇਤਾ ਨਹੀਂ ਪਹੁੰਚੀ।

ਮੰਨੂ ਦੀ ਦਾਤਰੀ ਨੇ ਭਾਵੇਂ ਸਿੱਖ ਕੌਮ ਦੇ ਸੱਥਰਾਂ ਦੇ ਸੱਥਰ ਲਾਹ ਦਿੱਤੇ ਤੇ ਸਿੱਖਾਂ ਦੇ ਸਿਰਾਂ ਦਾ ਮੁੱਲ ਲਾਇਆ ਤੇ ਬੀਬੀਆਂ ਵੀ ਕਤਲ ਕਰਨ ਤੋਂ ਗੁਰੇਜ਼ ਨਹੀਂ ਕੀਤਾ ਪਰ ਉਸ ਸਮੇਂ ਦੇ ਭਾਰਤੀ ਸਮਾਜ ਅੰਦਰ ਇਹ ਸੋਏ ਦੂਣ ਸਵਾਏ ਵੀ ਹੁੰਦੇ ਰਹੇ ਕਿਉਂਕਿ ਪਰਿਵਾਰ ਆਪਣਾ ਜੇਠਾ ਪੁੱਤਰ ਗੁਰੂ ਜਾਂ ਗੁਰੂ ਖ਼ਾਲਸਾ ਨੂੰ ਅਰਪਣ ਕਰ ਦਿੰਦਾ ਸੀ। ਇਸ ਕਤਲੋ-ਗਾਰਤ ਦੇ ਸਮੇਂ ਸਿੱਖ ਧਰਮ ਦਾ ਪ੍ਰਚਾਰ ਕੌਣ ਕਰ ਰਿਹਾ ਸੀ? ਨਿਰਮਲੇ, ਉਦਾਸੀਆਂ ਤੇ ਹੋਰਾਂ ਦੀ ਸਾਰਥਕ ਭੂਮਿਕਾ ਬਾਰੇ ਖੋਜ ਕਰਨ ਦੀ ਅਜੇ ਲੋੜ ਹੈ। ਸਿੱਖ ਤੇ ਖ਼ਾਲਸਾ ਦੀ ਨਰਸਰੀ ਕਿੱਥੇ ਸੀ? ਇਹ ਵੀ ਵਿਚਾਰਨ ਦਾ ਵਿਸ਼ਾ ਹੈ। ਖ਼ਾਲਸਾ ਨੇ ਮੁੜ ਲਾਹੌਰ ਫ਼ਤਿਹ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸੁਲਤਾਨ-ਉਲ-ਕੌਮ ਥਾਪ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਦੇਸ਼ ਦਿੱਤਾ ਸੀ ਕਿ ਦੁਸ਼ਮਣ ਦਾ ਧਰਮ ਅਸਥਾਨ ਨਹੀਂ ਢਾਹੁਣਾ ਜਿਸ ਦੀ ਬਾਬਾ ਬੰਦਾ ਸਿੰਘ ਬਹਾਦਰ ਨੇ ਪਾਲਣਾ ਵੀ ਕੀਤੀ ਪਰ ਸ਼ਾਇਦ ਅਹਿਮਦ ਸ਼ਾਹ ਅਬਦਾਲੀ ਨੂੰ ਅਜਿਹੀ ਸਿੱਖਿਆ ਦੇਣ ਵਾਲਾ ਮੁਰਸ਼ਦ ਨਹੀਂ ਸੀ ਮਿਲਿਆ। ਉਸ ਨੇ ਅੰਮ੍ਰਿਤ ਦੇ ਸੋਮੇ ਨੂੰ ਪੂਰਨ ਸਮੇਤ ਸ੍ਰੀ ਹਰਮਿੰਦਰ ਸਾਹਿਬ ਵੀ ਢਹਿ ਢੇਰੀ ਕਰਵਾ ਦਿੱਤਾ।

ਪਰ ਇਹ ਜ਼ੁਲਮ ਵੀ ਖ਼ਾਲਸੇ ਦਾ ਮਨੋਬਲ ਨਹੀਂ ਤੋੜ ਸਕਿਆ। ਛੋਟੇ, ਵੱਡੇ ਘੱਲੂਘਾਰਿਆਂ ਵਿੱਚੋਂ ਤਬਾਹੀ ਦੇ ਕੰਢੇ ਤੋਂ ਉਠ ਕੇ ਕੌਮ ਨੇ ਅਬਦਾਲੀ ਦੇ ਛੱਕੇ ਛੁੜਵਾ ਦਿੱਤੇ ਤੇ ਮੁੜ ਪੰਜਾਬ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ। ਮਿਸਲਾਂ ਪਹਿਲਾਂ ਕੌਮ ਦੇ ਦੁਸ਼ਮਣ ਵਿਰੁੱਧ ਇਕੱਠੇ ਹੋ ਕੇ ਲੜਦੀਆਂ ਸਨ ਪਰ ਸਮੇਂ ਨਾਲ ਰਾਜ ਦੇ ਲੋਭ ਵਿਚ ਫਸ ਕੇ ਕੁਝ ਕੁ ਮਿਸਲਾਂ ਵਾਲੇ ਇਕ-ਦੂਜੇ ਦੇ ਵਿਰੋਧੀ ਵੀ ਬਣ ਗਏ ਸਨ। ਆਪਸੀ ਕਤਲ ਵੀ ਹੋਏ ਤੇ ਸੁਲਤਾਨ-ਉਲ-ਕੌਮ ਨੂੰ ਕੈਦ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸੇ ਕਾਰਨ ਦਿੱਲੀ ਦਾ ਰਾਜ ਜਿੱਤ ਕੇ ਵੀ 1783 ਈ. ਵਿਚ ਸ਼ਾਹ ਆਲਮ ਨੂੰ ਵਾਪਸ ਕਰ ਦਿੱਤਾ ਗਿਆ ਕਿਉਂਕਿ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਕੌਮ ਵਿਚ ਲੜਾਈ ਨਹੀਂ ਚਾਹੁੰਦੇ ਸਨ। ਸੁਲਤਾਨ-ਉਲ-ਕੌਮ ਤੋਂ ਬਾਅਦ ਖ਼ਾਲਸਾ ਸ਼ਕਤੀ ਨੂੰ ਇਕ ਸੂਤਰ ਵਿਚ ਪਰੋਣ ਵਾਲਾ ਕੋਈ ਨਹੀਂ ਸੀ। ਪੰਜਾਬ ਦਾ ਰਾਜ ਖ਼ਾਲਸਾ ਕੋਲ ਸੀ ਤੇ ਦਿੱਲੀ ਦਾ ਬਾਦਸ਼ਾਹ ਟੈਕਸ ਭਰਦਾ ਸੀ। ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਭਰੋਸੇਯੋਗ ਸਾਥੀ ਸੀ। 18ਵੀਂ ਸਦੀ ਦੇ ਅੰਤ ਤੱਕ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਨੂੰ ਮੈਦਾਨ-ਏ-ਜੰਗ ਵਿਚ ਲਲਕਾਰਨ ਲਈ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਸਰਦਾਰ ਰਣਜੀਤ ਸਿੰਘ ਅੱਗੇ ਆਇਆ ਤੇ ਲਾਹੌਰ 'ਤੇ ਰਾਜ ਸਥਾਪਤ ਕਰਨ 'ਚ ਕਾਮਯਾਬ ਹੋ ਗਿਆ। ਉਸ ਨਾਲ ਅੰਗਰੇਜ਼ ਤੇ ਨੈਪੋਲੀਅਨ, ਦੋਵੇਂ ਸੰਧੀ ਕਰਨਾ ਚਾਹੁੰਦੇ ਸਨ। ਇਹ ਰਾਜ ਸਰਬ ਸਾਂਝੀਵਾਲਤਾ ਤੇ ਗੁਰੂ ਸਾਹਿਬਾਨ ਦੇ ਹਲੇਮੀ ਰਾਜ ਦੀ ਉਦਾਹਰਨ ਸੀ।

ਸੰਨ 1839 ਵਿਚ ਮਹਾਰਾਜਾ ਦੇ ਅਕਾਲ ਚਲਾਣੇ ਤੋਂ ਬਾਅਦ ਖ਼ਾਲਸਾ ਰਾਜ ਹੜੱਪਣ ਲਈ ਅੰਗਰੇਜ਼ਾਂ ਦੀ ਸਾਜ਼ਿਸ਼ ਦਾ ਇਹ ਸਤਲੁਜ ਪਾਰ ਦੇ ਸਿੱਖ ਵੀ ਹਿੱਸਾ ਬਣੇ। ਚਾਹੀਦਾ ਤਾਂ ਇਹ ਸੀ ਇਹ ਮਹਾਰਾਜਾ ਖੜਕ ਸਿੰਘ ਜਾਂ ਮਹਾਰਾਜਾ ਸ਼ੇਰ ਸਿੰਘ ਦੇ ਨਾਲ ਖੜ੍ਹੇ ?ਹ ਹੁੰਦੇ। ਅੰਗਰੇਜ਼ਾਂ ਨੇ ਆਪਣੇ ਧਰਮ ਦੇ ਪ੍ਰਚਾਰ ਨੂੰ ਸ਼ਕਤੀ ਦੇਣ ਲਈ ਸਿੱਖ ਧਰਮ ਅਸਥਾਨਾਂ ਦਾ ਪ੍ਰਬੰਧ ਆਪਣੇ ਪਿੱਠੂਆਂ ਦੇ ਹਵਾਲੇ ਕਰ ਕੇ ਉਨ੍ਹਾਂ ਨੂੰ ਵਿਭਚਾਰ ਤੇ ਭ੍ਰਿਸ਼ਟਾਚਾਰ ਦੇ ਅੱਡੇ ਬਣਾ ਦਿੱਤਾ।

ਜਦੋਂ 1873 'ਚ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ ਨੂੰ ਈਸਾਈ ਬਣਾਉਣ ਵਿਰੁੱਧ ਸਿੰਘ ਸਭਾ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ ਨੇ ਚਲਾਕੀ ਨਾਲ ਇਸ ਲਹਿਰ ਨੂੰ ਚੀਫ ਖ਼ਾਲਸਾ ਦੀਵਾਨ ਬਣਾ ਕੇ 1902 ਈ. ਤੱਕ ਖ਼ਤਮ ਕਰ ਦਿੱਤਾ। ਚੀਫ ਖ਼ਾਲਸਾ ਦੀਵਾਨ ਦੇ ਪੰਜ ਮਨੋਰਥ ਪੜ੍ਹਨ-ਸੁਣਨ ਨੂੰ ਚੰਗੇ ਹਨ ਪਰ ਕੀ ਇਨ੍ਹਾਂ 'ਤੇ ਅਮਲ ਹੋ ਰਿਹਾ ਹੈ ਤੇ ਅੱਜ ਸਥਿਤੀ ਕੀ ਹੈ?

ਸੰਨ 1920 ਦੀ ਗੁਰਦੁਆਰਾ ਸੁਧਾਰ ਲਹਿਰ ਵੱਡੀਆਂ ਕੁਰਬਾਨੀਆਂ ਮਗਰੋਂ ਕਾਮਯਾਬ ਹੋਈ ਸੀ ਪਰ ਇਹ ਵੀ ਸਿੱਖ ਕੌਮ ਦੀ ਜਿੱਤ ਨੂੰ ਆਜ਼ਾਦੀ ਦੀ ਲੜਾਈ ਦੀ ਪਹਿਲੀ ਜਿੱਤ ਆਖਣ ਵਾਲੇ ਕਾਂਗਰਸੀਆਂ ਦੀ ਝੋਲੀ ਪੈ ਗਈ। ਰਾਜਕੁਮਾਰੀ ਬੰਬਾ ਜੋ ਉਸ ਸਮੇਂ ਲਾਹੌਰ 'ਚ ਸੀ, ਨੂੰ ਨਾ ਇਨ੍ਹਾਂ ਨੇ ਨਾਲ ਲਿਆ, ਨਾ ਮਦਦ ਕੀਤੀ ਅਤੇ ਨਾ ਹੀ ਉਸ ਨੂੰ ਮੁੜ ਆਪਣੇ ਪੁਰਖਿਆਂ ਦੇ ਧਰਮ ਨਾਲ ਜੁੜਨ ਲਈ ਪ੍ਰੇਰਿਆ ਜਦਕਿ ਉਹ ਅਜ਼ਾਦੀ ਘੁਲਾਟੀਆਂ ਦੇ ਸੰਪਰਕ ਵਿਚ ਸੀ। ਅੰਗਰੇਜ਼ ਲਈ ਦੁਨੀਆ ਭਰ ਵਿਚ ਵਿਸ਼ਵ ਜੰਗਾਂ ਸਮੇਂ ਲੜਨ-ਮਰਨ ਵਾਲਿਆਂ ਸਿੱਖਾਂ ਦੀ ਸੂਚੀ ਬੜੀ ਲੰਬੀ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸਿੱਖ ਕੌਮ ਨੇ ਕੁਝ ਸਿਆਣਪ ਕੀਤੀ ਹੋਵੇ, ਇਸ ਬਾਰੇ ਵੀ ਪੜਤਾਲ ਕਰਨੀ ਬਣਦੀ ਹੈ। ਕਾਂਗਰਸ ਵੱਲੋਂ 1928 ਈ. ਦੀ ਮੋਤੀ ਲਾਲ ਨਹਿਰੂ ਰਿਪੋਰਟ ਹੀ ਸਪਸ਼ਟ ਗਵਾਹੀ ਭਰਦੀ ਸੀ ਕਿ ਸਿੱਖਾਂ ਨੂੰ ਕੁਝ ਵੀ ਵੱਖਰਾ ਮਿਲਣ ਵਾਲਾ ਨਹੀਂ। ਆਗੂਆਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਵਿੱਦਿਆ ਲਈ ਪ੍ਰਬੰਧ ਕਰਨ ਲਈ ਕੋਈ ਯੋਜਨਾਬੰਦੀ ਨਹੀਂ ਕੀਤੀ। ਆਜ਼ਾਦੀ ਤੋਂ ਤੁਰੰਤ ਬਾਅਦ ਅੰਗਰੇਜ਼ ਪ੍ਰਸਤ ਫਿਰ ਕਾਂਗਰਸੀ ਬਣ ਕੇ ਅੱਗੇ ਹੋ ਗਏ ਜਿਨ੍ਹਾਂ ਦੇ ਪੁਰਖਿਆਂ ਦਾ ਪਿਛੋਕੜ ਕਦੇ ਵੀ ਕੌਮ ਲਈ ਕੁਰਬਾਨੀ ਵਾਲਾ ਨਹੀਂ ਰਿਹਾ ਸੀ।

ਅਜੋਕੇ ਸਮੇਂ ਧਰਮ ਨੂੰ ਰਾਜਨੀਤਕ ਕੁਰਸੀ ਤੱਕ ਪੁੱਜਣ ਲਈ ਘੋੜੀ ਬਣਾਉਣ ਵਾਲੇ ਇਕ-ਦੂਜੇ 'ਤੇ ਚਿੱਕੜ ਸੁੱਟਣਾ ਹੀ ਸ਼ਾਇਦ ਰਾਜਨੀਤੀ ਮੰਨਦੇ ਹਨ। ਸਮਾਂ ਕਿਸੇ ਨੂੰ ਮਾਫ਼ ਨਹੀਂ ਕਰਦਾ। ਵਿਸ਼ਲੇਸ਼ਣ ਨਿਰਪੱਖ ਹੋਣਾ ਚਾਹੀਦਾ ਹੈ। ਪੰਜਾਬ 'ਚ ਸਿੱਖ ਆਬਾਦੀ 63 ਫ਼ੀਸਦੀ ਤੋਂ ਘਟ ਕੇ 57 ਫ਼ੀਸਦੀ ਹੋ ਗਈ ਹੈ। ਬੱਚੇ-ਬੱਚੀਆਂ ਵਿਦੇਸ਼ਾਂ ਵੱਲ ਭੱਜ ਰਹੇ ਹਨ ਜਿੱਥੇ ਉਨ੍ਹਾਂ ਦੀ ਹਾਲਤ ਬਾਰੇ ਪੜ੍ਹ ਕੇ ਚਿੰਤਾ ਹੁੰਦੀ ਹੈ।

ਉਚ ਸਰਕਾਰੀ ਅਹੁਦਿਆਂ ਤੇ ਦਫ਼ਤਰਾਂ ਵਿੱਚੋਂ ਦਸਤਾਰ ਗਾਇਬ ਹੁੰਦੀ ਜਾ ਰਹੀ ਹੈ। ਚਰਚਾ ਹੈ ਕਿ ਇਕ ਧਰਮ ਜਿਸ ਦੀ ਸੰਖਿਆ ਦੋ ਫ਼ੀਸਦੀ ਤੋਂ ਵੀ ਘੱਟ ਸੀ, ਅੱਜ ਨਿਰਮਲ ਪੰਥ ਨੂੰ ਸਰਾਲ਼ ਵਾਂਗ ਨਿਗਲ ਰਿਹਾ ਹੈ। ਧਰਮ ਅਸਥਾਨਾਂ ਦੇ ਪ੍ਰਬੰਧਕਾਂ 'ਤੇ ਮੁੜ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਭਾਰਤ ਵਿਰੋਧੀ ਵਿਦੇਸ਼ੀ ਤਾਕਤਾਂ ਸਿੱਖਾਂ ਨੂੰ ਝੂਠੀਆਂ ਕਹਾਣੀਆਂ ਨਾਲ ਦੇਸ਼ ਵਿਰੁੱਧ ਭੜਕਾ ਰਹੀਆਂ ਹਨ। ਇਹ ਕੇਵਲ ਕੌਮ ਨੂੰ ਬਦਨਾਮ ਤੇ ਕਮਜ਼ੋਰ ਕਰਨ ਲਈ ਹੋ ਰਿਹਾ ਹੈ। ਸਮਾਂ ਵਿਚਾਰਨ ਦਾ ਹੈ।

ਜਿੱਥੇ ਸ੍ਰੀ ਗੁਰੂ ਨਾਨਕ ਦੇਵ ਤੇ ਹੋਰ ਗੁਰੂ ਸਾਹਿਬਾਨ ਨੇ ਪ੍ਰਚਾਰ ਕੇਂਦਰ ਸਥਾਪਤ ਕੀਤੇ ਸਨ, ਕੀ ਅਸੀਂ ਉੱਥੇ ਖੋਜ ਕੇਂਦਰ ਤੇ ਯੂਨੀਵਰਸਿਟੀਆਂ ਬਣਾ ਲਈਆਂ ਹਨ? ਕੀ ਪੰਥਕ ਅਦਾਰਿਆਂ ਦੇ ਨਾਂ 'ਤੇ ਚੱਲ ਰਹੇ ਵਿੱਦਿਅਕ ਸਥਾਨ ਸਭ ਤੋਂ ਉੱਤਮ ਹਨ? ਕੀ ਪਿੰਡ ਦੇ ਗ਼ਰੀਬ ਦੀ ਧੀ ਦੇ ਵਿਆਹ ਲਈ ਅਸੀਂ ਕੁਝ ਕਰਦੇ ਹਾਂ? ਕੀ ਪੰਜਾਬ ਵਿਚ ਖੇਤੀ ਆਧਾਰਤ ਕਾਰਖਾਨੇ ਲੱਗ ਚੁੱਕੇ ਹਨ। ਕੀ ਨਿਰਮਲ ਪੰਥ ਵਿਚ ਡੇਰਾਵਾਦ ਲਈ ਕੋਈ ਥਾਂ ਹੈ? ਕੀ ਧਾਰਮਿਕ ਰੂਪ ਵਿਚ ਇਕੱਠੇ ਹੋ ਕੇ ਪੰਥ ਤੇ ਪੰਜਾਬ ਦੇ ਵਿਕਾਸ ਲਈ ਕੰਮ ਨਹੀਂ ਕਰਨਾ ਚਾਹੀਦਾ? ਕੀ ਕੇਂਦਰ ਸਰਕਾਰ ਨਾਲ ਲੜਨ ਤੋਂ ਬਿਨਾਂ ਤਰੱਕੀ ਦਾ ਕੋਈ ਰਾਹ ਨਹੀਂ? ਕੀ ਦੋਸਤ ਤੇ ਦੁਸ਼ਮਣ ਵਿਚ ਫ਼ਰਕ ਨਹੀਂ ਕਰਨਾ ਚਾਹੀਦਾ? ਜੇ ਇਨ੍ਹਾਂ 'ਤੇ ਚਰਚਾ ਬਣਦੀ ਹੈ ਤਾਂ ਕੀ ਅੱਜ ਸਿਰ ਜੋੜ ਕੇ ਬੈਠਣ ਦਾ ਸਮਾਂ ਨਹੀਂ? ਜਦ ਦੇਸ਼ ਅੱਗੇ ਵਧ ਰਿਹਾ ਹੈ ਤਾਂ ਪੰਜਾਬ ਪਿੱਛੇ ਕਿਉਂ? ਇਹ ਲੇਖ ਕੇਵਲ ਸਾਰਥਕ ਚਰਚਾ ਲਈ ਪੇਸ਼ ਹੈ।

ਸਾਡੇ ਲੋਕ
SADE LOK
ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-੪੬

**ਸੈਲ ਵਿਚ ਮੌਜੂਦ ਇਸਦੇ ਜ਼ਰੂਰੀ ਤੱਤਾ ਭਾਗਾਦੀ ਦੁਹਰਾਈ**

**ਪਰੋਟੋਪਲਾਜਮ** : ਸੈਲ ਮੈਮਬਰਾਨ ਯਾਨੀ ਸੈਲ ਦੀ ਬਾਹਰਲੀ ਦਿਵਾਰ ਦੇ ਅੰਦਰਲੇ ਸਾਰੇ ਅੰਗਾਂ ਸਣੇ ਨਿਉਕਲੀਅਸ ਤੇ ਸਾਈਟੋਪਲਾਜਮ ਨੂੰ ਸੰਭਾਲ ਕੇ ਆਪਣੇ ਵਿੱਚ ਸਮਾਈ ਰੱਖਣ ਵਾਲੇ ਸਮੁੱਚੇ ਘੁਲੇ ਮਿਲੇ ਪਦਾਰਥ ਨੂੰ ਪਰੋਟੋਪਲਾਜਮ ਕਹਿੰਦੇ ਹਨ। ਇਸ ਵਿੱਚ ਸੈਲ ਦੇ ਸਾਰੇ ਅੰਗਾਂ ਤੋਂ ਇਲਾਵਾ ਪ੍ਰੋਟੀਨ ਕਾਰਬੋਹਾਈਡਰੇਟ ਲਿਪਿਡਜ ਤੇ ਸਾਲਟ ਵਗੈਰਾ ਜਿਹਨਾਂ ਨੂੰ ਇੰਨਔਰਗੈਨਿਕ ਪਦਾਰਥ ਕਹਿੰਦੇ ਹਨ ਜਿਵੇਂ ਕੈਲਸ਼ੀਅਮ ਪੁਟਾਸ਼ੀਅਮ ਸੋਡੀਅਮ ਮੈਗਨੀਸੀਅਮ ਤੇ ਲੋਹਾ ਯਾਨੀ ਫੈਰਸ ਫਾਸਫੋਰਸ ਆਦਿ ਵੀ ਸ਼ਾਮਲ ਹੁੰਦੇ ਹਨ।

ਸਾਈਟੋਪਲਾਜਮ ਦੀ ਬਣਤਰ ਵਿੱਚ ਜ਼ਿਆਦਾਤਰ ਪਾਣੀ ਐਨਜਾਈਮ ਤੇ ਸਾਲਟ ਹੁੰਦੇ ਹਨ।

ਸੈਲ ਮੈਮਬਰਾਨ ਦੇ ਅੰਦਰ ਮੌਜੂਦ ਜਿਨ੍ਹਾਂ ਜਿਨ੍ਹਾਂ ਅੰਗਾਂ ਦੀ ਅਸਾਂ ਪਿਛਲੇ ਲੈਕਚਰ ਵਿੱਚ ਗਿਣਤੀ ਕੀਤੀ ਹੈ ਇਹ ਸਾਰੇ ਦੇ ਸਾਰੇ ਇਕ ਤੇਲ ਵਰਗੇ ਤਰਲ ਵਿੱਚ ਸੈਲ ਦੇ ਅੰਦਰ ਅੰਦਰ ਘੁੰਮਦੇ ਰਹਿੰਦੇ ਹਨ ਤੇ ਆਪਣਾ ਆਪਣਾ ਕੰਮ ਕਰਦੇ ਰਹਿੰਦੇ ਹਨ। ਉਸ ਸਾਰੇ ਤਰਲ ਪਦਾਰਥ ਯਾਨੀ ਸਿਰਫ ਤਰਲ ਪਦਾਰੰਥ ਦਾ ਨਾ ਹੈ ਸਾਈਟੋਪਲਾਜਮ।

ਦੂਜੇ ਲਫਜ਼ਾਂ ਵਿੱਚ ਕਹਿ ਸਕਦੇ ਹਾਂ ਕਿ ਸੈਲ ਅੰਦਰ ਕੰਮ ਕਰਦੇ ਇਹਦੀ ਬਣਤਰ ਦੇ ਵੱਖ ਵੱਖ ਹਿੱਸਿਆਂ ਜਾਂ ਅੰਗਾਂ ਦੀ ਆਵਾਜਾਈ ਅਸਾਨ ਬਣਾਉਣ ਵਾਲੇ ਵਗਦੇ ਦਰਿਆ ਵਰਗੇ ਪਦਾਰਥ ਨੂੰ ਸਾਈਟੋਪਲਾਜਮ ਕਹਿੰਦੇ ਹਨ। ਪਰ ਇਸ ਵਿੱਚ ਤਰਦੇ ਹੋਰ ਦੂਜੇ ਨਾਮਪੂਰੇ ਪਰੋਟੋਪਲਾਜਮ ਦਾ ਹਿੱਸਾ ਹਨ।

**ਨਿਉਕਲੀਅਸ** : ਸੈਲ ਅੰਦਰ ਮੌਜੂਦ ਜੀਵਨ ਪੈਦਾ ਕਰਨ ਦੀ ਜ਼ੁੰਮੇਵਾਰੀ ਸੰਭਾਲਣ ਵਾਲਾ ਅੰਗ ਹੈ।

ਇਕ ਸੈਲ ਵਿੱਚ ਬਾਕੀ ਸਾਰੇ ਅੰਗਾਂ ਵਿਚੋਂ ਸਭ ਤੋਂ ਵੱਡਾ ਗੋਲ ਅਕਾਰ ਵਾਲਾ ਹਿੱਸਾ ਜੋ ਅਸਲ ਵਿੱਚ ਸੈਲ ਦਾ ਅਸਲ ਮਕਸਦ ਪੂਰਾ ਕਰਦਾ ਹੈ ਭਾਵ ਜੀਵਨ ਤੋ ਅੱਗੇ ਜੀਵਨ ਤੋਰਨ ਦੀ ਕਾਰਵਾਈ ਕਰਨ ਲਈ ਜ਼ੁੰਮੇਵਾਰ ਹੈ ਉਸਨੂੰ ਨਿਉਕਲੀਅਸ ਕਹਿੰਦੇ ਹਨ।

ਦੁਬਾਰਾ ਫਿਰ ਯਾਦ ਕਰਵਾ ਦਿਆਂ ਪ੍ਰੋਟੋਪਲਾਜਮ ਅੰਦਰ ਬਾਕੀ ਸਾਰੇ ਇਕ ਸੈਲ ਦੇ ਅੰਦਰ ਮੌਜੂਦ ਅੰਗਾਂ ਦੇ ਨਾਲ ਨਾਲ ਇਕ ਵੱਡਾ ਗੋਲ ਅੰਗ ਨਿਉਕਲੀਅਸ ਵੀ ਮੌਜੂਦ ਹੁੰਦਾ ਹੈ।

ਭਾਵ ਸੈਲ ਮੈਮਬਰਾਨ ਦੇ ਅੰਦਰ ਜੋ ਕੁਝ ਵੀ ਰਹਿੰਦਾ ਹੈ ਜਿਸਦੀ ਗਿਣਤੀ ਤੇ ਜਾਣਕਾਰੀ ਅਸਾਂ ਸੈਲ ਦੀ ਅੰਦਰਲੀ ਬਣਤਰ ਵਿਚ ਕੀਤੀ ਹੈ ਉਸ ਸਾਰੇ ਨੂੰ ਸਾਂਝੇ ਤੌਰ 'ਤੇ ਪ੍ਰੋਟੋਪਲਾਜਮ ਕਹਿੰਦੇ ਹਨ। ਜਿਸ ਵਿਚ ਸੰਘਣਾ ਤਰਲ ਵੀ ਤੇ ਤੁਰਦੇ ਫਿਰਦੇ ਅੰਗ ਵੀ ਸ਼ਾਮਲ ਹਨ।

ਪਰ ਇਸ ਸਭ ਵਿਚ ਨਿਉਕਲੀਅਸ ਨੂੰ ਛੱਡ ਕੇ ਜੋ ਇਕੱਲਾ ਤਰਲ ਪਦਾਰਥ ਹੈ ਉਸ ਨੂੰ ਸਾਈਟੋਪਲਾਜਮ ਕਹਿੰਦੇ ਹਨ।

ਪ੍ਰੋਟੋਪਲਾਜਮ ਵਿੱਚ ਨਿਉਕਲੀਅਸ ਦੀ ਗਿਣਤੀ ਵੀ ਹੁੰਦੀ ਹੈ ਤੇ ਸਾਈਟੋਪਲਾਜਮ ਦੀ ਗਿਣਤੀ ਵੀ ਹੁੰਦੀ ਹੈ।

ਪਰ ਸਾਈਟੋਪਲਾਜਮ ਵਿੱਚ ਨਿਉਕਲੀਅਸ ਦੀ ਗਿਣਤੀ ਨਹੀਂ ਹੁੰਦੀ।

ਬੀਤੇ ਕੁਝ ਹਫ਼ਤਿਆਂ ਤੋਂ ਅਸੀ ਸਰੀਰ ਦੀ ਬਣਤਰ ਦੀਆਂ ਇਕਾਈਆਂ ਦੀ ਜਾਣਕਾਰੀ ਕਰ ਰਹੇ ਹਾਂ ਤੇ ਉਨ੍ਹਾਂ ਦੇ ਕੰਮਾਂ ਦੀ ਜਾਣਕਾਰੀ ਕਰ ਰਹੇ ਹਾਂ ਤਾਂਕਿ ਵੱਡੇ ਸਰੀਰਕ ਰੂਪ ਵਿੱਚ ਅਗਰ ਸਰੀਰ ਦੇ ਨਾਰਮਲ ਚੱਲਣ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਸਾਨੂੰ ਇਹ ਜਾਨਣ ਵਿੱਚ ਅਸਾਨੀ ਹੋਵੇ ਕਿ ਕਿਹੜੇ ਅੰਗ ਵਿੱਚ ਕਿਸ ਤਰ੍ਹਾਂ ਦੇ ਸੈਲਾਂ ਵਿੱਚ ਕਿਸ ਪ੍ਰਕਾਰ ਦੀ ਕਮੀ ਪੇਸ਼ੀ ਆ ਗਈ ਹੈ ਤਾਂਕਿ ਮੁਢਲੇ ਤੌਰ 'ਤੇ ਉਨ੍ਹਾਂ ਕਮੀਆਂ ਪੇਸ਼ੀਆਂ ਨੂੰ ਦੂਰ ਕਰਨ ਲਈ ਉਨ੍ਹਾਂ ਦੇ ਕਾਰਨ ਜਾਣਕੇ ਯੋਗ ਉਪਰਾਲੇ ਕਰ ਸਕੀਏ।

ਪਿਛਲੇ ਲੈਕਚਰ ਵਿੱਚ ਅਸਾਂ ਇਕ ਸੈਲ ਦੇ ਅੰਦਰ ਕੀ ਕੀ ਹੈ ਤੇ ਉਹ ਸੈਲ ਜਾ ਕਹੋ ਵੱਡੇ ਲੈਵਲ ਤੇ ਸਰੀਰ ਵਿੱਚ ਕੀ ਕੰਮ ਕਰਦੇ ਹਨ ਅਗਰ ਇਹ ਜਾਣਕਾਰੀ ਹੋਵੇ ਤਾਂ ਯਕੀਨਨ ਸਾਨੂੰ ਇਹ ਪਤਾ ਲੱਗ ਸਕਦਾ ਹੈ ਕਿ ਕਿਸ ਤਰ੍ਹਾਂ ਦੀਆਂ ਸਰੀਰ ਵਿੱਚ ਆਈਆਂ ਕਮੀਆਂ ਪੇਸ਼ੀਆਂ ਕਿਸ ਅੰਗ ਦੇ ਸੈਲਾਂ ਵਿੱਚ ਕਿਸ ਤਰ੍ਹਾਂ ਦੀ ਕਮੀ ਪੇਸ਼ੀ ਕਰਕੇ ਆ ਗਈਆਂ ਹਨ।

ਮਿਸਾਲ ਦੇ ਤੌਰ 'ਤੇ ਸ਼ੂਗਰ ਦਾ ਲੈਵਲ ਖ਼ੂਨ ਵਿੱਚ ਜ਼ਿਆਦਾ ਹੋਵੇ ਤਾਂ ਸਪਸ਼ਟ ਇਸ਼ਾਰਾ ਹੈ ਕਿ ਪੈਂ੍ਰੀਆਸ ਦੇ ਸੈਲਾ ਵੱਲੋਂ ਕੀਤਾ ਜਾਣ ਵਾਲਾ ਕੰਮ ਸੁਚਾਰੂ ਰੂਪ ਨਾਲ ਨਹੀਂ ਹੋ ਰਿਹਾ ਤੇ ਇੰਜ ਹੀ ਮੁਟਾਪਾ ਅਗਰ ਹੋ ਗਿਆ ਹੈ ਤਾਂ ਜਾਣਨਾ ਅਸਾਨ ਹੋ ਜਾਂਦਾ ਹੈ ਕਿ ਸੈਲਾਂ ਵਿੱਚ ਮਾਈਟੋਕੌਂਡਰੀਆ ਰਾਹੀਂ ਸਰੀਰ ਵਿੱਚੋਂ ਕੱਢਿਆ ਜਾ ਸਕਣ ਵਾਲਾ ਫਾਲਤੂ ਫੈਟ ਸਰੀਰ ਵਿੱਚ ਹੀ ਸਟੋਰ ਹੋ ਰਿਹਾ ਹੈ। ਹੁਣ ਕਾਰਨ ਲੱਭਣੇ ਅਸਾਨ ਹੋ ਜਾਣਗੇ ਕਿ ਕੀ ਫੈਟ ਖ਼ੁਰਾਕ ਵਿੱਚ ਜ਼ਿਆਦਾ ਹੈ ਜਾ ਮੈਟਾਬੋਲਿਕ ਰੇਟ ਦੇ ਵਾਧੇ ਕਾਰਨ ਘੱਟ ਫੈਟ ਵਾਲੀ ਖ਼ੁਰਾਕ ਵਿਚੋਂ ਵੀ ਜ਼ਿਆਦਾ ਫੈਟ ਸਟੋਰ ਹੋ ਰਿਹਾ ਹੈ ਤੇ ਜੇ ਇਹ ਕੰਮ ਸਾਡੀ ਜਾਣਕਾਰੀ ਵਿੱਚ ਹੋਵੇ ਕਿ ਫੈਟ ਖ਼ੁਰਾਕ ਵਿਚੋ ਨਿਚੋੜਨ ਤੇ ਸਰੀਰ ਵਿਚੋਂ ਬਾਹਰ ਕੱਢਣਾ ਜਾ ਸਰੀਰ ਵਿੱਚ ਹੀ ਸਟੋਰ ਕਰਨਾ ਇਹ ਕੰਮ ਕੀਹਦਾ ਹੈ ਤਾਂ ਇਸ ਮੁਟਾਪੇ ਦਾ ਉਪਚਾਰ ਕਰਨਾ ਸੌਖਾ ਹੋ ਜਾਵੇਗਾ ਕਿਉਂਕਿ ਸਾਨੂੰ ਪਤਾ ਹੋਵੇਗਾ ਕਿ ਮੈਟਾਬੋਲਿਜਮ ਦਾ ਕੰਮ ਸੰਭਾਲਣਾ ਸਾਡੇ ਥਾਇਰਾਇਡ ਹਾਰਮੋਨਜ ਦਾ ਕੰਮ ਹੈ ਸੋ ਸਪਸ਼ਟ ਤੌਰ 'ਤੇ ਇਸ਼ਾਰਾ ਹੈ ਕਿ ਸੰਭਾਲ ਥਾਇਰਾਇਡ ਦੀ ਕੀਤੀ ਜਾਣੀ ਚਾਹਦੀ ਹੈ। ਠੀਕ ਇਸੇ ਤਰ੍ਹਾਂ ਅਗਰ ਬੇਸ਼ੱਕ ਸੈਲ ਦੀ ਬਣਤਰ ਤੇ ਉਹਦੀ ਬਣਤਰ ਦੇ ਹਰ ਅੰਗ ਦੀ ਕਾਰਕਰਦਗੀ ਸਾਡੇ ਮਨਾ ਵਿੱਚ ਵੱਸ ਜਾਵੇ ਤਾਂ ਕੋਈ ਵੀ ਬਿਮਾਰੀ ਨਿਸ਼ਾਨੀ ਪੈਦਾ ਹੋਣ ਸਮੇਂ ਬਹੁਤ ਜਲਦੀ ਅਸੀਂ ਜਾਣ ਸਕਾਂਗੇ ਕਿ ਜੇ ਸਰੀਰ ਦੇ ਕਿਸੇ ਵੀ ਅੰਗ ਵਿੱਚ ਨੁਕਸ ਪੈ ਗਿਆ ਹੈ ਤੇ ਐਸਾ ਕਿਉਂ ਹੋ ਰਿਹਾ ਹੈ ਤੇ ਇਲਾਜ ਪ੍ਰਕਿਰਿਆ ਸਿਧੀ ਤੇ ਸਪਸ਼ਟ ਉਸ ਅੰਗ ਵੱਲ ਸੇਧਤ ਹੋ ਜਾਵੇਗੀ।

**ਕਰੋਮੋਜੋਮਜ** : ਹਰ ਇਕ ਸੈਲ ਦਾ ਇਕ ਵਿਰਾਸਤੀ ਡੀਪਾਰਟਮੈਂਟ ਹੈ ਜਿਸ ਨੂੰ ਕਪੋਮੋਜੋਮਜ ਕਹਿੰਦੇ ਹਨ। ਇਹ ਧਾਗਿਆਂ ਵਰਗੀ ਬਣਤਰ ਵਿਚ ਹੁੰਦੇ ਹਨ ਤੇ ਜਾਣਿਆ ਇਹ ਗਿਆ ਹੈ ਕਿ ਹਰ ਸੈਲ ਯਾਨੀ ਉਹ ਚਾਹੇ ਔਰਤ ਦਾ ਓਵਮ ਹੋਵੇ ਜਾਂ ਮਰਦ ਦਾ ਸਪਰਮ ਹੋਵੇ ਉਸ ਵਿੱਚ ਤੇਈ ਜੋੜੇ ਕਰੋਮੋਜੋਮਜ ਦੇ ਹੁੰਦੇ ਹਨ। ਜਿਹਨਾਂ ਵਿਚੋਂ ਬਾਈ ਜੋੜਿਆਂ ਨੂੰ ਬਾਡੀ ਕਰੋਮੋਜੋਮਜ ਯਾਨੀ ਸਰੀਰਕ ਬਣਤਰ ਵਿੱਚ ਯੋਗਦਾਨ ਪਾਉਣ ਵਾਲੇ ਕਰੋਮੋਜੋਮਜ ਕਹਿੰਦੇ ਹਾਂ। ਭਾਵ ਜੇ ਉਹ ਔਰਤ ਦੇ ਸੈਲ ਦੇ ਕਰੋਮੋਜੋਮਜ ਹਨ ਤਾਂ ਉਹਨਾਂ ਵਿੱਚ ਔਰਤ ਸਰੀਰ ਦੀ ਲਚਕ ਦੇ ਗੁਣ ਮੌਜੂਦ ਹੋਣਗੇ ਅਤੇ ਅਗਰ ਮਰਦ ਸਰੀਰ ਦੇ ਕਪੋਮੋਜੋਮਜ ਹਨ ਤਾਂ ਮਰਦ ਸਰੀਰ ਦੀ ਸਖ਼ਤੀ ਦੇ ਗੁਣ ਮੌਜੂਦ ਹੁੰਦੇ ਹਨ। ਮਰਦ ਅਤੇ ਔਰਤ ਵਿਚ ਇਹਨਾਂ ਬਾਈ ਜੋੜਿਆ ਨੂੰ ਮੈਡੀਕਲ ਟਰਮ ਵਿਚ ਆਉਟੋਸੋਮਜ ਕਹਿੰਦੇ ਹਨ। ਪਰ ਹਰ ਕਰੋਮੋਜੋਮ ਚਾਹੇ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician
Since 1973
DHMS-Gold Medalist,
BAMS, MDEH
Ex Prof, Principal, &
CMO Medical
Colleges/Hospitals in
India
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_577 STATE OF CA

CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
ਸਾਨੂੰ 16 ਸਾਲਾਂ ਦਾ ਤਜਰਬਾ ਹੈ।
Same Day Plates Same Day Plates Same Day Plates
PH : 530-669-5780 Fax : 530-669-5775,
Cell : 530-908-9386 Cell : 530-405-6020
Tax Returns- Corporations, LLC, Non-Profits, Small Business and Individuals
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

*ਇਕ ਕਾਲੇ ਵਿਅਕਤੀ ਦੀ ਕੁੱਟਮਾਰ ਉਪਰੰਤ ਮੌਤ ਦਾ ਮਾਮਲਾ*

# ਅਮਰੀਕਾ ਦੇ ਟੈਨੇਸੀ ਰਾਜ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਦੋਸ਼ ਆਇਦ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਇਕ ਸੰਘੀ ਗਰੈਂਡ ਜਿਊਰੀ ਵੱਲੋਂ ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੈਮਫਿਸ ਦੇ 5 ਸਾਬਕਾ ਪੁਲਿਸ ਅਫਸਰਾਂ ਵਿਰੁੱਧ ਟਾਇਰ ਨਿਕੋਲਸ ਨਾਲ ਬੁਰੀ ਤਰਾਂ ਕੁੱਟਮਾਰ ਕਰਨ ਦੇ ਮਾਮਲੇ ਵਿਚ ਦੋਸ਼ ਆਇਦ ਕਰਨ ਦੀ ਖਬਰ ਹੈ। 29 ਸਾਲਾ ਕਾਲਾ ਵਿਅਕਤੀ ਨਿਕੋਲਸ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਘਟਨਾ ਤੋਂ 3 ਦਿਨ ਬਾਅਦ ਹਸਪਤਾਲ ਵਿਚ ਦਮ ਤੋੜ ਗਿਆ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਾਲ ਜਨਵਰੀ ਵਿਚ ਵਾਪਰੀ ਇਸ ਘਟਨਾ ਵਿਚ ਸ਼ਾਮਿਲ 5 ਸਾਬਕਾ ਪੁਲਿਸ ਅਫਸਰਾਂ ਨੂੰ ਸੰਘੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ, ਸਾਜਿਸ਼ ਰਚਣ ਤੇ ਅੜਿਕਾ ਪਾਉਣ, ਜਿਸ ਕਾਰਨ ਨਿਕੋਲਸ ਦੀ ਮੌਤ ਹੋਈ, ਸਮੇਤ ਕਈ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਇਨਾਂ ਸਾਬਕਾ ਪੁਲਿਸ ਅਫਸਰਾਂ ਵਿਚ ਟਾਡਾਰੀਅਸ ਬੀਨ, ਡੀਮੈਟਰੀਅਸ ਹੇਲੀ, ਏਮਿਟ ਮਾਰਟਿਨ, ਡੈਸਮੌਂਡ ਮਿਲਜ ਜੂਨੀਅਰ ਤੇ ਜਸਟਿਨ ਸਮਿਥ ਸ਼ਾਮਲ ਹਨ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਫਸਰਾਂ ਨੇ ਉਨ੍ਹਾਂ ਲੋਕਾਂ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ ਜਿਨਾਂ ਦੀ ਰਾਖੀ ਲਈ ਉਨਾਂ ਨੇ ਸਹੁੰ ਚੁੱਕੀ ਸੀ। ਉਨਾਂ ਨੇ ਜਨਤਿਕ ਸੁਰੱਖਿਆ ਦੀ ਪਰਵਾਹ ਨਹੀਂ ਕੀਤੀ ਜਿਸ ਕਾਰਨ ਲੋਕਾਂ ਦਾ ਲਾਅ ਇਨਫੋਰਸਮੈਂਟ ਵਿਚ ਭਰੋਸਾ ਹੈ। ਉਨਾਂ ਕਿਹਾ ਕਿ ਜਿਨਾਂ ਅਫਸਰਾਂ ਨੇ ਸਹੁੰ ਨਾਲ ਖਿਲਵਾੜ ਕੀਤਾ ਹੈ ਨਿਆਂ ਵਿਭਾਗ ਉਨਾਂ ਨੂੰ ਦੋਸ਼ੀ ਠਹਿਰਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗਾ।

# ਅਮਰੀਕਾ ਦੀ ਉਘੀ ਸਿੱਖ ਸਖਸ਼ੀਅਤ, ਦੇਸੀ ਖੇਡਾਂ ਦੇ ਪ੍ਰਮੋਟਰ ਅਤੇ ਈ.ਐਚ.ਐਸ. ਪੇਸ਼ੇਵਰ ਡਾ. ਦੀਪ ਸਿੰਘ ਨੂੰ ਮਿਲਿਆ 'ਪ੍ਰੈਜ਼ੀਡੈਨਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ'

*ਨਿਊਯਾਰਕ, ਅਮਰੀਕਾ ਵਸਦੀ ਸਿੱਖ ਕਮਯੂਨਿਟੀ ਦੇ ਮਾਣ ਵਿੱਚ ਹੋਇਆ ਹੋਰ ਵਾਧਾ*

ਨਿਉਯਾਰਕ : ਅਮਰੀਕਾ ਵੱਸਦੀ ਸਿੱਖ ਕੌਮ ਵਿੱਚ ਬਹੁਤ ਸਾਰੀ ਸਿੱਖ ਸਖਸ਼ੀਅਤਾਂ ਆਪਣੀਆਂ ਪ੍ਰਾਪਤੀਆ ਰਾਂਹੀ ਸਿੱਖ ਕੌਮ ਦਾ ਨਾਂ ਰੋਸ਼ਨ ਕਰ ਰਹੀਆਂ ਹਨ ਉਹਨਾਂ ਵਿੱਚ ਡਾ. ਦੀਪ ਸਿੰਘ ਨੇ ਆਪਣਾ ਨਾਂ ਦਰਜ ਕਰਦਿਆਂ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਵੀ ਉੱਚਾ ਕੀਤਾ ਉਹਨਾਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਵਲੋਂ ਉਹਨਾਂ ਦੀ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਉਹਨਾਂ ਨੂੰ ਵਾਈਟ੍ਹ ਹਾਉਸ ਵਲੋਂ ਵੱਕਾਰੀ ਐਵਾਰਡ 'ਪ੍ਰੈਸ਼ੀਡੈਨਸ਼ੀਅਲ ਲਾਈਫਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਆ ਕੀਤਾ ਗਿਆ। ਡਾ. ਦੀਪ ਸਿੰਘ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਜੰਮਪਲ ਹਨ ਅਤੇ ਆਪਣੀ ਉਚੇਰੀ ਸਿੱਖਿਆ ਪੰਜਾਬ ਅਤੇ ਜੰਮੂ ਯੂਨੀਵਰਸਿਟੀ ਤੋਂ ਹਾਸਲ ਕੀਤੀ ਹੈ। ਡਾ. ਸਿੰਘ ਅੱਜ ਕੱਲ ਈ.ਐਚ.ਐਸ. ਪੇਸ਼ੇਵਰ ਵਜੋਂ



ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਸੇਵਾਵਾਂ ਦੇ ਰਹੇ ਹਨ। ਡਾ. ਸਿੰਘ ਸਿੱਖ ਧਰਮ ਦੇ ਫਲਸਫੇ ਤੋਂ ਪ੍ਰੇਰਿਤ ਹੋ ਕੇ ਲੰਮੇ ਸਮੇਂ ਤੋਂ ਬਲੱਡ ਅਤੇ ਫੂਡ ਡਰਾਈਵਾਂ ਦੇ ਵਿੱਚ ਯੋਗਦਾਨ ਦਿੰਦੇ ਆ ਰਹੇ ਹਨ। ਇਸ ਤੋਂ ਇਲਾਵਾ ਕਈ ਦਹਾਕਿਆਂ ਤੋਂ ਉਹ ਦੇਸੀ ਖੇਡਾਂ ਦੇ ਪ੍ਰਮੋਟਰ ਵਜੋਂ ਅਤੇ ਦੇਸੀ ਖੇਡਾਂ ਦੇ ਵਿਸਤਾਰ ਲਈ ਵੀ ਲਗਾਤਾਰ ਕਾਰਜ ਕਰ ਰਹੇ ਹਨ ਅਤੇ ਯੁਨਾਈਟਿਡ ਨੇਸ਼ਨਜ ਅਧੀਨ ਟੀ.ਐਸ.ਜੀ. ਪ੍ਰੋਗਰਾਮ ਨਾਲ ਵੀ ਜੁੜੇ ਹੋਏ ਹਨ। ਡਾ. ਸਿੰਘ ਭਾਈਚਾਰਕ ਸਾਂਝ ਸਥਾਪਿਤ ਕਰਨ ਹਿੱਤ ਵੱਖ-ਵੱਖ ਸਰਵ ਧਰਮ ਸੰਮੇਲਨਾਂ ਦਾ ਵੀ ਹਿੱਸਾ ਬਣਦੇ ਹਨ ਤਾਂ ਜੋ ਅਮਰੀਕਾ ਵਿੱਚ ਵੱਸਦੀਆਂ ਹੋਰ ਕਮਯੂਨਿਟੀਆਂ ਨਾਲ ਸਾਂਝ ਬਣਾ ਕੇ ਉਹਨਾਂ ਨੂੰ ਸਿੱਖ ਧਰਮ ਦੇ ਫਲਸਫੇ ਨਾਲ ਜਾਣੂ ਕਰਾਇਆ ਜਾ ਸਕੇ। ਇਸ ਤੋਂ ਇਲਾਵਾ ਡਾ. ਦੀਪ ਸਿੰਘ ਸਿੱਖ ਕਮਯੂਨਿਟੀ ਵਲੋਂ ਆਯੋਜਿਤ ਕੀਤੇ ਜਾਂਦੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਆਪਣਾ ਬਣਦਾ ਯੋਗਦਾਨ ਵੀ ਪਾਉਂਦੇ ਹਨ। ਡਾ. ਸਿੰਘ ਜਿੱਥੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਲਈ ਮਾਨਸਿਕ ਤੋਰ ਤੇ ਸਿੱਖਿਅਤ ਕਰਦੇ ਹਨ ਉਥੇ ਹੀ ਉਹ ਬੱਚਿਆਂ ਨੂੰ ਸਿੱਖੀ ਦੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੋੜਨ ਲਈ ਵੀ ਤਤਪਰ ਰਹਿੰਦੇ ਹਨ।

# ਪਹਿਲੀ ਵਾਰ ਨਕਲੀ ਕੁੱਖ 'ਚ ਹੋਵੇਗਾ ਪ੍ਰੀ-ਮੈਚਿਓਰ ਬੱਚਿਆਂ ਦਾ ਵਿਕਾਸ, ਪ੍ਰਕਿਰਿਆ ਦੇ ਨੇੜੇ ਪੁੱਜੇ ਵਿਗਿਆਨੀ

ਵਾਸ਼ਿੰਗਟਨ : ਦੇਸ਼-ਵਿਦੇਸ਼ ਵਿਚ ਵਿਗਿਆਨ ਇੰਨੀ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ ਕਿ ਜੋ ਚੀਜ਼ਾਂ ਅਸੰਭਵ ਲੱਗਦੀਆਂ ਹਨ, ਉਹ ਹੌਲੀ-ਹੌਲੀ ਸੰਭਵ ਹੁੰਦੀਆਂ ਨਜ਼ਰ ਆਉਣ ਲੱਗਦੀਆਂ ਹਨ। ਇਸੇ ਤਰ੍ਹਾਂ ਹੁਣ ਵਿਗਿਆਨੀ ਨਵਜੰਮੇ ਬੱਚਿਆਂ ਦਾ



ਵਿਕਾਸ ਨਕਲੀ ਕੁੱਖ ਰਾਹੀਂ ਕਰਨ ਦੀ ਪ੍ਰਕਿਰਿਆ ਦੇ ਬਹੁਤ ਨੇੜੇ ਪਹੁੰਚ ਗਏ ਹਨ। ਅਮਰੀਕਾ ਵਿੱਚ ਸਿਹਤ ਅਤੇ ਮਨੁੱਖੀ ਸੇਵਾਵਾਂ ਨਾਲ ਸਬੰਧਤ ਇੱਕ ਏਜੰਸੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਅਗਲੇ ਹਫ਼ਤੇ ਕਲੀਨਿਕਲ ਟੈਸਟਾਂ ਨਾਲ ਸਬੰਧਤ ਮੁੱਦਿਆਂ ਉੱਤੇ ਇੱਕ ਅਹਿਮ ਮੀਟਿੰਗ ਕਰਨ ਜਾ ਰਹੀ ਹੈ। ਦਰਅਸਲ, ਮਨੁੱਖੀ ਬੱਚਿਆਂ 'ਤੇ ਟੈਸਟ ਕਰਨ ਲਈ FDA ਦੀ ਇਜਾਜ਼ਤ ਦੀ ਲੋੜ ਹੋਵੇਗੀ। ਅਧਿਕਾਰੀਆਂ ਮੁਤਾਬਕ ਏਜੰਸੀ ਹਾਈ ਪ੍ਰੋਫਾਈਲ ਫੈਸਲੇ ਲੈਣ ਤੋਂ ਪਹਿਲਾਂ ਬਾਹਰੀ ਸਲਾਹਕਾਰਾਂ ਦੀ ਰਾਏ ਲੈਂਦੀ ਹੈ। ਇਸ ਵਿਚ ਇਸ ਗੱਲ 'ਤੇ ਚਰਚਾ ਹੋਵੇਗੀ ਕਿ ਕਿਵੇਂ ਨਕਲੀ ਕੁੱਖ ਵਿੱਚ ਮਨੁੱਖੀ ਪ੍ਰੀਖਣ (Human Trials) ਕੀਤੇ ਜਾਣਗੇ।

ਇਸ ਤੋਂ ਪਹਿਲਾਂ, ਵਿਗਿਆਨੀਆਂ ਨੇ 2017 ਵਿੱਚ ਇਸੇ ਵਿਧੀ ਦੀ ਵਰਤੋਂ ਕਰਕੇ ਇੱਕ ਲੇਲੇ ਦਾ ਪ੍ਰੀਖਣ ਕੀਤਾ ਸੀ। ਇਸ ਦੇ ਪ੍ਰੀਖਣ ਰਾਹੀਂ ਵਿਗਿਆਨੀ ਸਮੇਂ ਤੋਂ ਪਹਿਲਾਂ ਪੈਦਾ ਹੋਏ ਬੱਚਿਆਂ ਨੂੰ ਆਧੁਨਿਕ ਦਵਾਈ ਰਾਹੀਂ ਸਿਹਤਮੰਦ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਫਿਲਾਡੇਲਫੀਆ ਸਥਿਤ ਵਿਟਾਰਾ ਬਾਇਓਮੈਡੀਕਲ ਕੰਪਨੀ ਵੀ ਇਸ 'ਤੇ ਕੰਮ ਕਰ ਰਹੀ ਹੈ। ਵਿਟਾਰਾ ਦੀ ਨਕਲੀ ਕੁੱਖ ਪਲਾਸਟਿਕ ਦੇ ਬੈਗ ਵਰਗੀ ਹੈ। ਇਸ ਦੇ ਨਾਲ ਟਿਊਬਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਦੀ ਮਦਦ ਨਾਲ ਤਾਜ਼ੀ ਐਮਨੀਓਟਿਕ ਤਰਲ ਆਕਸੀਜਨ, ਖ਼ੂਨ ਅਤੇ ਦਵਾਈਆਂ ਭਰੂਣ ਤੱਕ ਪਹੁੰਚਾਈਆਂ ਜਾਂਦੀਆਂ ਹਨ। ਇੱਥੇ ਦੱਸ ਦੇਈਏ ਕਿ ਅਮਰੀਕਾ ਵਿੱਚ 10 ਵਿੱਚੋਂ ਇੱਕ ਬੱਚਾ 37 ਹਫ਼ਤਿਆਂ ਤੋਂ ਪਹਿਲਾਂ ਪੈਦਾ ਹੁੰਦਾ ਹੈ ਅਤੇ 1 ਫ਼ੀਸਦੀ ਬੱਚੇ 28 ਹਫ਼ਤਿਆਂ ਵਿੱਚ ਪੈਦਾ ਹੁੰਦੇ ਹਨ। ਇਨ੍ਹਾਂ ਨੂੰ ਮਾਂ ਦੇ ਗਰਭ 'ਚੋਂ ਬਾਹਰ ਕੱਢ ਕੇ ਬੈਗ 'ਚ ਰੱਖਣਾ ਹੋਵੇਗਾ। ਇਹ ਗਰਭਨਾਲ ਦੀਆਂ ਖ਼ੂਨ ਦੀਆਂ ਨਾੜੀਆਂ ਦੇ ਸੁੰਗੜਨ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਵਿਗਿਆਨੀ 23 ਤੋਂ 25 ਹਫ਼ਤਿਆਂ ਦੇ ਦੌਰਾਨ ਪੈਦਾ ਹੋਏ ਪ੍ਰੀ-ਮੈਚਿਓਰ ਬੱਚਿਆਂ ਦਾ ਨਕਲੀ ਕੁੱਖ ਦੀ ਮਦਦ ਨਾਲ ਪਾਲਣ ਪੋਸ਼ਣ ਕਰਨਗੇ। ਇਸ ਨਾਲ ਬੱਚਿਆਂ ਦੇ ਫੇਫੜੇ ਕੁਝ ਹੋਰ ਹਫ਼ਤਿਆਂ ਤੱਕ ਆਮ ਤੌਰ 'ਤੇ ਵਿਕਸਤ ਹੋ ਸਕਣਗੇ। ਮਾਪਿਆਂ ਨੂੰ ਡਿਵਾਈਸ ਦੇ ਖ਼ਤਰਿਆਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਵਿੱਚ ਸੰਕਰਮਣ, ਦਿਮਾਗ ਨੂੰ ਨੁਕਸਾਨ ਅਤੇ ਦਿਲ ਦੀ ਧੜਕਣ ਰੁੱਕਣਾ ਸ਼ਾਮਲ ਹੈ।

# ਕਰਮਨ ਸ਼ਹਿਰ ਦੇ ਸਲਾਨਾ 79ਵੇਂ ਹਾਰਵੈਸਟਰ ਫਿਸਟੀਵਲ ਲੱਗੀ ਸਟੇਜ ਤੋਂ ਪੰਜਾਬੀਆਂ ਕਰਾਈ ਬੱਲੇ-ਬੱਲੇ




ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ 79ਵੇਂ 'ਹਾਰਵੈਸਟ ਫਿਸ਼ਟੀਵਲ' (Harvest Festival) ਦੀ ਸੁਰੂਆਤ ਹਮੇਸ਼ਾ ਪਰੇਡ ਨਾਲ ਹੋਈ। ਜਿਸ ਦਾ ਮਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ। ਬੇਸ਼ੱਕ ਇੱਥੇ ਲੋਕ ਵੱਡੇ ਸ਼ਹਿਰਾ ਰਹਿ ਰਹੇ ਹਨ, ਪਰ ਫਿਰ ਵੀ ਲੋਕ ਆਪਣੀ ਪੱਕੀ ਫਸ਼ਲ ਦੀ ਕਟਾਈ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿੱਚ ਮਨਾਉਂਦੇ ਆ ਰਹੇ ਹਨ। ਜਿਸ ਦੀ ਸੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ। ਹਰ ਸਾਲ 50 ਤੋਂ ਵਧੀਕ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਂ-ਚਮਕਾ ਕੇ ਖੁੱਲ੍ਹਾਂ ਪਰਦਰਸ਼ਨ ਕਰਦੇ ਹਨ। ਇਨ੍ਹਾਂ ਫਲੋਟਾ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ। ਜਿਸ ਵਿੱਚ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋ ਪਾਸੇ ਬੈਠ ਇਸ ਪਰੰਪਰਾਗਤ ਪਰੇਡ ਦਾ ਖੁੱਲ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆ ਦੀ ਹੌਸ਼ਲਾ ਅਫਜ਼ਾਈ ਵੀ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਮੇਲੇ ਦਾ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆ ਦਾ ਅਨੰਦ ਮਾਣਦੇ ਹਨ।

ਮੇਲੇ ਦੌਰਾਨ ਹਰ ਸਾਲ ਸਟੇਜ਼ ਲੱਗਦੀ ਹੈ। ਜਿੱਥੇ ਵੱਖ-ਵੱਖ ਬੁਲਾਰੇ ਜਾਂ ਕਲਾਕਾਰ ਰਿਵਾਇਤੀ ਤੌਰ 'ਤੇ ਆਪਣੇ ਵਿਚਾਰ ਜਾਂ ਕਲਾ ਦਾ ਖੁੱਲ ਕੇ ਪ੍ਰਦਰਸਨ ਕਰਦੇ ਹਨ। ਇਸੇ ਹੀ ਸਟੇਜ਼ ਤੋਂ ਗਾਇਕੀ ਦਾ ਖੁੱਲਾ ਅਖਾੜਾ ਵੀ ਲੱਗਦਾ ਹੈ। ਜਿਸ ਵਿੱਚ ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੀ ਕਲਾ ਦਾ ਖੁੱਲ ਕੇ ਪ੍ਰਗਟਾ ਕਰਦੇ ਹੋਏ, ਦੂਸਰੇ ਭਾਈਚਾਰਿਆਂ ਨਾਲ ਸੱਭਿਆਚਾਰ ਦੀ ਸਾਂਝ ਪਾਉਂਦੇ ਹਨ। ਕਰਮਨ ਸ਼ਹਿਰ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਹੈ। ਇਸੇ ਲੜੀ ਤਹਿਤ ਪਹਿਲੀ ਵਾਰ ਕਿਰਨਜੋਤ ਕੌਰ ਢੇਸੀ ਦੇ ਉੱਦਮ ਸਦਕਾ, ਗੁਲਬਿੰਦਰ ਗੈਰੀ ਢੇਸੀ ਅਤੇ ਕੁਲਵੰਤ ਧਾਲੀਆਂ ਨੇ ਪੰਜਾਬੀ ਸੱਭਿਆਚਾਰ ਦੀ ਸਾਂਝ ਪਾਉਂਦਾ ਪ੍ਰੋਗਰਾਮ ਸਟੇਜ਼ ਸਫਲਤਾ ਨਾਲ ਪੇਸ਼ ਕੀਤਾ। ਜਿਸ ਦੀ ਸੁਰੂਆਤ ਦਿਲਦਾਰ ਮਿਊਜ਼ੀਕਲ ਬ੍ਰਦਰਜ਼ ਗਰੁੱਪ ਕੈਲੇਫੋਰਨੀਆਂ ਦੇ ਕਲਾਕਾਰ ਅਵਤਾਰ ਗਰੇਵਾਲ, ਰਾਣੀ ਗਿੱਲ, ਕਾਂਤਾ ਸਹੋਤਾ ਨੇ ਕੀਤੀ। ਜਦ ਕਿ ਬਾਕੀ ਕਲਾਕਾਰਾਂ ਵਿੱਚ ਪੱਪੀ ਭਦੌੜ, ਜੋਗਿੰਦਰ ਸਿੰਘ ਜੋਗੀ, ਅਮਰੀਕ ਸਿੰਘ ਸੰਗੀਤ ਮਾਸਟਰ, ਗੀਤਕਾਰ ਸਤਵੀਰ ਹੀਰ ਆਦਿਕ ਕਲਾਕਾਰਾਂ ਨੇ ਜਿੱਥੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ, ਉੱਥੇ ਅਮਰੀਕਨਾਂ ਨੂੰ ਵੀ ਨੱਚਣ ਲਾ ਦਿੱਤਾ। ਮੇਲੇ ਦੇ ਪ੍ਰਬੰਧਕਾਂ ਵਿੱਚੋਂ ਮਿਸ. ਸੂਸਨ ਨੇ ਪੰਜਾਬੀ ਭਾਈਚਾਰੇ ਨੂੰ ਅਗਲੇ ਸਾਲ ਦਾ ਸੱਦਾ ਦਿੰਦੇ ਹੋਏ, ਇਸ ਸਫਲ ਪੇਸ਼ਕਾਰੀ ਦੀ ਵਧਾਈ ਵੀ ਦਿੱਤੀ। ਅੰਤ ਆਪਣੀਆਂ ਯਾਦਗਾਰੀ ਪੈੜਾਂ ਛੱਡਦਾ ਹੋਇਆ ਇਹ ਮੇਲਾ ਯਾਦਗਾਰੀ ਹੋ ਨਿਬੜਿਆ।

# ਗੁਰਬਖਸ਼ ਸਿੰਘ ਸਿੱਧੂ ਨੇ ਸੀਨੀਅਰ ਗੇਮਾਂ ਵਿੱਚ ਜਿੱਤਿਆ ਗੋਲਡ ਮੈਡਲ

ਫਰਿਜਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਫਰਿਜਨੋ ਨਿਵਾਸੀ ਗੁਰਬਖਸ਼ ਸਿੰਘ ਸਿੱਧੂ ਅਮਰੀਕਾ ਵਿੱਚ ਹੁੰਦੀਆਂ ਸੀਨੀਅਰ ਗੀਮਾਂ ਵਿੱਚ ਜੌਹਰ ਵਿਖਕੇ ਅਕਸਰ ਚਰਚਾ ਵਿੱਚ ਰਹਿੰਦੇ ਹਨ। ਅੱਜ-ਕੱਲ ਓਹ ਸੀਨੀਅਰ ਗੀਮਾਂ ਵਿੱਚ ਹਿੱਸਾ ਲੈਣ ਗਈ ਕੈਲੀਫੋਰਨੀਆਂ ਦੇ ਸ਼ਹਿਰ ਸੈਨ ਡਿਓਗੋ ਵਿਖੇ ਗਏ ਹੋਏ ਹਨ, ਜਿੱਥੇ ਉਹਨਾਂ ਨੇ ਹੈਂਮਰ ਥਰੋ ਵਿੱਚ ਸੋਨ ਤਗਮਾਂ ਜਿੱਤਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ। ਲੰਘੇ ਐਤਵਾਰ ਮੇਸਾ ਕਾਲਜ ਦੇ ਮੈਦਾਨਾਂ ਵਿੱਚ 50+ ਸਾਲ ਦੇ ਪੁਰਸ਼ਾਂ ਅਤੇ ਔਰਤਾਂ ਦੇ ਉਮਰ ਸਮੂਹਾਂ ਲਈ ਟਰੈਕ ਅਤੇ




ਫੀਲਡ ਇਵੈਂਟਾਂ ਲਈ ਸੈਨ ਡਿਏਗੋ ਸੀਨੀਅਰਜ਼ ਗੇਮਜ਼ ਹੋਈਆਂ। ਇਹਨਾਂ ਗੇਮਾਂ ਦੌਰਾਨ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋ ਈਵੈਂਟ ਵਿੱਚ ਹਿੱਸਾ ਲਿਆ ਅਤੇ 35:49 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਡਿਸਕਸ਼ ਥਰੋਅ ਦੇ ਮੁਕਾਬਲੇ ਵਿੱਚ ਵੀ ਭਾਗ ਲਿਆ, ਅਤੇ 31:75 ਮੀਟਰ ਦੀ ਦੂਰੀ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ। ਇਹਨਾਂ ਖੇਡਾਂ ਵਿੱਚ ਅਮਰੀਕਾ ਦੇ ਅਰੀਜ਼ੋਨਾ, ਨਿਊ ਮੈਕਸੀਕੋ, ਟੈਕਸਾਸ ਅਤੇ ਨੇਵਾਡਾ ਵਰਗੇ ਗੁਆਂਢੀ ਰਾਜਾਂ ਦੇ 300 ਤੋਂ ਵੱਧ ਐਥਲੀਟਾਂ ਐਥਲੀਟਾਂ ਨੇ ਟਰੈਕ ਅਤੇ ਫੀਲਡ ਈਵੈਂਟਸ ਵਿੱਚ ਹਿੱਸਾ ਲਿਆ। ਗੁਰਬਖਸ਼ ਸਿੰਘ ਸਿੱਧੂ ਦੀ ਜਿੱਤ ਕਾਰਨ ਫਰਿਜਨੋ ਦੇ ਪੰਜਾਬੀ ਭਾਈਚਾਰੇ ਅੰਦਰ ਜਸ਼ਨ ਦਾ ਮਹੌਲ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਵੱਡੇ ਭਰਾ ਦਾ ਅਸਰ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਤਵੰਤ ਮੇਰੇ ਬਹੁਤ ਅਸਰ ਵਿਚ ਸੀ। ਮੈਂਐੱਮ.ਏ ਕਰ ਹੀ ਰਿਹਾ ਸੀ ਕਿ ਨਵੰਬਰ 1962 ਵਿਚ ਭਾਰਤ ਦੀ ਚੀਨ ਨਾਲ ਲੜਾਈ ਲੱਗ ਗਈ। ਪਟਿਆਲੇ ਸਮੇਤ ਹਰ ਸ਼ਹਿਰ ਵਿਚ ਚੀਨ ਖ਼ਿਲਾਫ ਜਲਸੇ ਅਤੇ ਜਲੂਸ ਕੱਢੇ ਜਾ ਰਹੇ ਸਨ ਅਤੇ ਚੀਨ ਮੁਰਦਾਬਾਦ ਦੇ ਨਾਅਰੇ ਲੱਗ ਰਹੇ ਸਨ। ਮੇਰੇ ਦਿਲ 'ਤੇ ਇਸ ਚੀਜ਼ ਦਾ ਬਹੁਤ ਅਸਰ ਹੋਇਆ। ਮੈਨੂੰ ਦੇਸ਼ ਭਗਤੀ ਦੀ ਭਾਵਨਾ ਬਚਪਨ ਤੋਂ ਹੀ ਘਰੋਂ, ਸਕੂਲੋਂ ਅਤੇ ਕਾਲਜ ਤੋਂ ਪ੍ਰਾਪਤ ਹੋਈ। ਬਹਾਦਰੀ ਦੀ ਭਾਵਨਾ ਮੈਨੂੰ ਮੇਰੀ ਮਾਂ ਤੋਂ ਮਿਲੀ। ਮੈਂ ਐੱਮ.ਏ ਕਰਦੇ ਸਾਰ ਹੀ ਫੌਜ ਵਿਚ ਲਫਟੈਨ ਭਰਤੀ ਹੋ ਗਿਆ।

ਮੈ ਐੱਮ.ਏ ਕਰਕੇ ਐਜੂਕੇਸ਼ਨ ਕੋਰ ਵਿਚ ਵੀ ਜਾ ਸਕਦਾ ਸੀ। ਪਰ ਮੈਂ ਇਨਫੈਂਟਰੀ ਜਾਣਾ ਚੰਗਾ ਸਮਝਿਆ। ਸਾਲ ਕੁ ਬਾਅਦ 1965 ਦੀ ਲੜਾਈ ਲੱਗੀ। ਸਾਡੀ ਰੈਜੀਮੈਂਟ ਲੜਾਈ ਦਾ ਹਿੱਸਾ ਬਣ ਗਈ। ਮੈਂ ਉਸ ਵੇਲੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਸੀ। ਮਾਰਚ-ਅਪ੍ਰੈਲ 1965 ਵਿਚ ਮੈਂ ਦੋ ਮਹੀਨੇ ਦੀ ਛੁੱਟੀਆਂ ਆਇਆ ਹੋਇਆ ਸੀ। ਮੇਰੇ ਮਾਤਾ ਪਿਤਾ ਉਸ ਵੇਲੇ ਦੁਗਾਲ ਪਿੰਡ ਵਿਚ ਰਹਿ ਕੇ ਖੇਤੀ ਕਰਦੇ ਸਨ। ਮੈਂ ਉਹਨਾਂ ਕੋਲ ਹੀ ਰਹਿੰਦਾ ਸੀ। 1965 ਦੀ ਲੜਾਈ ਤੋਂ ਪਹਿਲਾਂ ਰਣਕੱਛ ਵਿਚ ਇੱਕ ਛੋਟੀ ਜਿਹੀ ਲੜਾਈ ਲੱਗੀ। ਇਹ ਤਕਰੀਬਨ ਮਾਰਚ-ਅਪ੍ਰੈਲ 1965 ਵਿਚ ਲੱਗੀ। ਮੇਰੀ ਬਦਲੀ ਮਹਾਰ ਸੈਂਟਰ ਸਾਗਰ ਤੋਂ ਬਦਲ ਕੇ ਸੈਕਿੰਡ ਮਹਾਰ ਇਨਫੈਂਟਰੀ ਵਿਚ ਹੋ ਗਈ, ਜੋ ਰਣਕੱਛ ਦੇ ਇਲਾਕੇ ਵਿਚ ਤੈਨਾਤ ਸੀ। ਮੇਰੇ ਪਿਤਾ ਕਿਸੇ ਕੰਮ ਕਰਕੇ ਬਾਹਰ ਗਏ ਹੋਏ ਸਨ। ਮੇਰੇ ਮਾਤਾ ਜੀ, ਛੋਟੇ ਭਰਾ ਸਤਵੰਤ, ਗੁਰਵੰਤ ਤੇ ਭੈਣ ਹਰਿੰਦਰ ਮੈਨੂੰ ਬੱਸ ਸਟੈਂਡ ਤੇ ਛੱਡਣ ਆਏ।

ਬੱਸ ਸਟੈਂਡ ਸਾਡੇ ਘਰ ਤੋਂ ਤਕਰੀਬਨ ਅੱਧਾ ਕੁ ਕਿਲੋਮੀਟਰ ਦੂਰ ਸੀ। ਜਦੋਂ ਬੱਸ ਨੇੜੇ ਆਉਣ ਲੱਗੀ ਤਾਂ ਮੇਰੀ ਮਾਂ ਨੇ ਮੈਨੂੰ ਇਕ ਪਾਸੇ ਲਿਜਾ ਕੇ ਇਹ ਗੱਲ ਸਮਝਾਈ, "ਕਾਕਾ ਦੁੱਖ-ਸੁੱਖ ਬੰਦਿਆਂ 'ਤੇ ਹੀ ਆਉਂਦੇ ਹਨ। ਚੰਗਾ ਕੰਮ ਕਰਨਾ ਹੈ।" ਮੈਂ ਕਿਹਾ, "ਮਾਤਾ ਜੀ ਮੈਂ ਤੁਹਾਡੀ ਸਾਰੀ ਗੱਲ ਸਮਝ ਗਿਆ ਹਾਂ। ਮੈਂ ਤੁਹਾਡੇ ਦੁੱਧ ਨੂੰ ਲਾਜ ਨਹੀਂ ਲੱਗਣ ਦਿਆਂਗਾ ਤੇ ਨਾਲ ਹੀ ਤੁਹਾਨੂੰ ਬੇਨਤੀ ਹੈ ਕਿ ਜੇ ਕੋਈ ਗੜਬੜ ਹੋ ਜਾਵੇ ਤਾਂ ਤੁਸੀਂ ਵੀ ਪਿੰਡ ਵਿਚ ਚੀਂ-ਚੀਂ ਕਰਦੇ ਨਹੀਂ ਫਿਰਨਾ। ਲੋਕਾਂ ਨੂੰ ਦਿਲ ਛੋਟਾ ਕਰ ਕੇ ਨਹੀਂ ਦਿਖਾਉਣਾ, ਬਲਕਿ ਇਸ ਤਰ੍ਹਾਂ ਅਹਿਸਾਸ ਕਰਵਾਉਣਾ ਹੈ ਕਿ ਤੁਸੀਂ ਬਹਾਦਰ ਯੋਧੇ ਦੀ ਮਾਂ ਹੋ, ਜੋ ਦੇਸ਼ ਵਾਸਤੇ ਕੁਰਬਾਨ ਹੋ ਗਿਆ ਹੈ।"

ਅਖ਼ੀਰ ਥੋੜ੍ਹੇ ਸਮੇਂ ਤੋਂ ਬਾਅਦ ਸਤੰਬਰ 1965 ਨੂੰ ਪੂਰੀ ਲੜਾਈ ਲੱਗ ਗਈ ਤੇ ਸਾਡੀ ਸੈਕਿੰਡ ਮਹਾਰ ਨੂੰ ਜੋਧਪੁਰ ਤੋਂ ਬਦਲ ਕੇ ਖੇਮ ਕਰਨ ਇਲਾਕੇ ਵਿਚ ਭੇਜ ਦਿੱਤਾ, ਜਿਥੇ ਅਸੀਂ ਫੌਰਮਾਊਂਟੇਨ ਡਵੀਜ਼ਨ ਦਾ ਹਿੱਸਾ ਬਣ ਗਏ। ਇਹ ਸਾਰੀ ਡਵੀਜ਼ਨ ਖੇਮ ਕਰਨ ਇਲਾਕੇ ਵਿਚ ਲੜ ਰਹੀ ਸੀ।




12 ਸਤੰਬਰ 1965 ਨੂੰ ਸਾਡੇ ਮਹਾਰ ਯੂਨਿਟ ਨੂੰ ਇਸੇ ਇਲਾਕੇ ਵਿਚ ਦੁਸ਼ਮਣ ਨੂੰ ਖਦੇੜਣ ਦਾ ਹੁਕਮ ਮਿਲਿਆ। ਦੋ ਕੰਪਨੀਆਂ ਨੇ ਇਸ ਇਲਾਕੇ 'ਤੇ ਹਮਲਾ ਕੀਤਾ। ਖ਼ਬਰ ਇਹ ਸੀ ਕਿ ਉਸ ਇਲਾਕੇ ਵਿਚ ਇਕ ਕੰਪਨੀ ਬੈਠੀ ਹੈ। ਬਾਅਦ ਵਿਚ ਪਤਾ ਲੱਗਾ ਕਿ ਕੰਪਨੀ ਨਹੀਂ ਬਲਕਿ ਪੂਰੀ ਬਟਾਲੀਅਨ ਬੈਠੀ ਹੈ। ਉਹਨਾਂ ਨੂੰ ਸਾਡੇ ਹਮਲੇ ਦੀ ਖ਼ਬਰ ਪਹਿਲਾਂ ਹੀ ਪਤਾ ਲੱਗ ਗਈ ਸੀ। ਉਹ ਪਾਸੇ ਬੈਠ ਕੇ ਅੱਗੇ ਪਿੱਛੇ ਹੋ ਗਏ ਤੇ ਜਿਸ ਪਾਸੇ ਹਮਲਾ ਕੀਤਾ ਸੀ ਉਸ ਨੂੰ ਰਫਲਫਾਇਰ, ਮਸ਼ੀਨਗਨ ਫਾਇਰ ਅਤੇ ਤੋਂ ਪਖਾਨੇ ਨਾਲ ਰੱਜ ਕੇ ਅੱਗ ਵਰਸਾਈ ਗਈ। ਨਾਲ ਹੀ ਹਵਾਈ ਜਹਾਜ਼ਾਂ ਨੇ ਵੀ ਹਮਲਾ ਕਰ ਦਿੱਤਾ। ਦੋਵੇਂ ਕੰਪਨੀ ਕਮਾਂਡਰ ਕੈਪਟਨ ਰਮੇਸ਼ ਕਪੂਰ ਅਤੇ ਲਫਟੈਨ ਹੁਕਮ ਸਿੰਘ ਮਾਰੇ ਗਏ। ਕਰਨਲ ਕੇ.ਐਸ. ਬਖਸ਼ੀ ਹਮਲੇ ਵਿਚ ਅਗਵਾਈ ਕਰ ਰਹੇ ਸਨ। ਉਹਨਾਂ ਦਾ ਇੰਟੈਲੀਜੈਂਸ ਅਫ਼ਸਰ ਸੈਕਿੰਡ ਲਫਟੈਨ ਓਮ ਪ੍ਰਕਾਸ਼ ਗਾਡਜੋ ਕਰਨਲ ਬਖਸ਼ੀ ਨਾਲ ਸੀ, ਵੀ ਮਾਰਿਆ ਗਿਆ। ਕੁਲ ਤਿੰਨ ਅਫ਼ਸਰ, ਦੋ ਜੇ.ਸੀ.ਓ ਅਤੇ 38 ਜਵਾਨ ਮਾਰੇ ਗਏ। ਤਕਰੀਬਨ ਇੰਨੇ ਕੁ ਹੀ ਜ਼ਖ਼ਮੀ ਹੋ ਗਏ। ਸਾਡੀ ਰੈਜੀਮੈਂਟ ਮਹਾਰ ਸ਼ੁੱਧ ਰੈਜੀਮੈਂਟ ਸੀ। ਇਸ ਵਿਚ ਬਹੁਤ ਸਾਰੇ ਰਿਸ਼ਤੇਦਾਰ ਇਕੱਠੇ ਹੀ ਕਿਸੇ ਰੈਜੀਮੈਂਟ ਦਾ ਹਿੱਸਾ ਹੁੰਦੇ ਹਨ। ਜਿਵੇਂ ਮਾਮਾ-ਭਾਣਜਾ, ਸਾਲਾ ਭਣੋਈਆ, ਦੋ ਭਰਾ ਇਕੋ ਰੈਜੀਮੈਂਟ ਵਿਚ ਹੁੰਦੇ ਹਨ।

ਦੂਜਾ ਓਪਰੇਸ਼ਨ ਜਿਸ ਵਿਚ ਮੇਜਰ ਕੁਲਵਿੰਦਰ ਸਿੰਘ (ਬਾਅਦ ਵਿਚ ਬ੍ਰਿਗੇਡੀਅਰ) ਅਤੇ ਮੈਂ ਹਿੱਸਾ ਲਿਆ। ਇਹ ਵਾਕਿਆ ਪਿੰਡ ਭੂਰਾ ਕੂਆਂ ਦਾ ਹੈ। ਭੂਰਾ ਕੂਆਂ ਕਰੀਮਪੁਰ ਅਤੇ ਖੇਮਕਰਨ ਭਾਰਤ ਦੇ ਇਲਾਕੇ ਹਨ। ਸਾਡੀ ਰੈਜੀਮੈਂਟ ਇਸ ਇਲਾਕੇ ਵਿਚ ਆਉਣ ਤੋਂ ਪਹਿਲਾਂ ਹੀ ਇਹ ਇਲਾਕੇ ਪਾਕਿਸਤਾਨ ਫੌਜ ਨੇ ਦਬ ਲਏ ਸਨ। ਅਫ਼ਸਰਾਂ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਇਸ ਇਲਾਕੇ ਵਿਚ ਕਿਸੇ ਵੱਡੇ ਟੈਂਕ ਅਟੈਕ ਦੀ ਸੰਭਾਵਨਾ ਨਹੀਂ ਸਮਝੀ, ਕਿਉਂਕਿ ਇਹਨਾਂ ਪਿੰਡਾਂ ਤੋਂ ਅੱਗੇ ਪਾਕਿਸਤਾਨ ਵੱਲ ਦਰਿਆ ਦਾ ਢਾਹਾ ਸੀ। ਇਸ ਕਰਕੇ ਗੋਰਖਿਆਂ ਦੀ ਸਿਰਫ਼ ਇੱਕ ਕੰਪਨੀ ਹੀ ਤੈਨਾਤ ਸੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ - ਸ਼ਖ਼ਸੀ ਤੇ ਪੰਥਕ**

**ਸ਼ਖ਼ਸੀ ਰਹਿਣੀ**


1. ਨਾਮ ਦੀ ਬਾਣੀ ਦਾ ਅਭਿਆਸ।
2. ਗੁਰਮਤਿ ਦੀ ਰਹਿਦੀ।
3. ਸੇਵਾ

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੯)

1. ਸ਼ਖ਼ਸੀ ਤੇ ਪੰਥਕ 2. ਸਿੱਖ ਤੇ ਸੰਗਤ ਇਸ ਕਾਂਡ ਦਾ ਸਿਰਲੇਖ ਹੈ, ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ -ਸ਼ਖ਼ਸੀ ਤੇ ਪੰਥਕ। ਇਹ ਦੀ ਅਰੰਭਤਾ ਗੁਰੂ ਸਾਹਿਬ ਜੀ ਨੇ ਸਿੱਖ ਅਤੇ ਸੰਗਤ ਤੋਂ ਕੀਤੀ। ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ। ਸਿੱਖ ਰਹਿਤ ਮਰਯਾਦਾ ਦੇ ਦਸਤਾਵੇਜ਼ ਵਾਚਣ 'ਤੇ ਪਤਾ ਲੱਗਦਾ ਹੈ ਕਿ ਇਸ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਇਸ ਬਾਰੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਗਿਆ।

ਸਿੱਖ ਦੀ ਪਰਿਭਾਸ਼ਾ ਦੇ ਬਾਅਦ ਇਸ ਵਿਚ ਦਿੱਤਾ ਹੋਇਆ ਇਹ ਸਿਰਲੇਖ 'ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ - ਸ਼ਖ਼ਸੀ ਤੇ ਪੰਥਕ' ਬਹੁਤ ਹੀ ਮਹੱਤਵਪੂਰਨ ਹੈ। ਇਸ ਵਿਚ ਸਿੱਖ ਦੀ ਜੀਵਨ ਜਾਚ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਪਰ ਇਹ ਦ੍ਵੈਤ ਨਹੀਂ ਹੈ। ਇਹ ਦੋ ਲਫ਼ਜ਼ ਹੁੰਦੇ ਹੋਏ ਵੀ ਵੱਖ ਨਾ ਹੋ ਕੇ ਗੁਰਮਤਿ ਰਹਿਤ ਦੇ ਹੀ ਦੋ ਪਹਿਲੂ ਹਨ। ਆਮ ਤੌਰ 'ਤੇ ਸੰਸਾਰ ਵਿਚ ਧਰਮ ਅਤੇ ਧਾਰਮਿਕ ਜੀਵਨ ਨੂੰ ਉਸ ਵਿਅਕਤੀ ਦੀ ਨਿੱਜੀ ਜ਼ਿੰਦਗੀ ਤੱਕ ਹੀ ਸੀਮਤ ਕਰ ਲਿਆ ਜਾਂਦਾ ਸੀ।

ਇਸ ਵਿਚ ਜੀਵਨ ਨੂੰ ਦੋ ਵੱਖ ਵੱਖ ਡੱਬਿਆਂ ਵਿਚ ਬੰਦ ਕਰ ਕੇ ਦੋਨਾਂ ਵਿਚ ਸੁਮੇਲ ਨਾ ਹੋ ਕੇ ਵਿੱਥ ਪੈਦਾ ਹੋ ਜਾਂਦੀ ਸੀ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਦੇ ਧਾਰਮਿਕ ਜੀਵਨ ਅਤੇ ਸਮਾਜਿਕ ਜੀਵਲ ਵਿਚ ਪਾੜਾ ਵਧਦਾ ਜਾਂਦਾ ਸੀ। ਵਿਅਕਤੀ ਧਰਮ ਨੂੰ ਮੰਨਣ ਦੇ ਬਾਵਜੂਦ ਵੀ ਧਾਰਮਿਕ ਨਹੀਂ ਸੀ ਹੁੰਦਾ। ਧਰਮ ਦੀ ਖੁਸ਼ਬੋ ਉਸ ਦੇ ਸਮਾਜਿਕ ਜੀਵਨ ਵਿਚੋਂ ਨਹੀਂ ਸੀ ਪ੍ਰਾਪਤ ਹੁੰਦੀ। ਜਿਵੇਂ ਵਿਅਕਤੀ ਦਾ ਧਾਰਮਿਕ ਜੀਵਨ ਹੋਰ ਅਤੇ ਵਪਾਰਕ ਕਾਰ ਵਿਹਾਰ ਵੱਖ ਵੱਖ ਹੁੰਦੇ ਜਾਂਦੇ ਸਨ। ਇਸ ਨਾਲ ਬੇਇਲਮ ਆਬਿਦ ਅਤੇ ਬੇਅਮਲ ਆਲਿਮ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਇਸ ਨਾਲ ਬੰਦੇ ਧਾਰਮਿਕ ਚਿੰਨ੍ਹ ਧਾਰਨ ਕਰਕੇ ਕਰਮਕਾਂਡ ਵੀ ਕਰਦੇ ਸਨ ਪਰ ਉਨ੍ਹਾਂ ਦਾ ਜੀਵਨ ਧਾਰਮਿਕ ਨਹੀਂ ਸੀ ਹੁੰਦਾ। ਗੁਰੂ ਸਾਹਿਬ ਨੂੰ ਇਹ ਪ੍ਰਵਾਨ ਨਹੀਂ ਸੀ। ਹਜ਼ੂਰ ਨੇ ਇਸ ਵਿਚ ਇਕਸਾਰਤਾ ਪੈਦਾ ਕੀਤੀ। ਇਸ ਲਈ ਸਿਰਲੇਖ ਸ਼ਖਸੀ ਤੇ ਪੰਥਕ ਲਿਖਿਆ ਹੈ। ਸ਼ਖਸੀ ਜਾਂ ਪੰਥਕ ਨਹੀਂ। ਦੋਨਾਂ ਦੇ ਹੀ ਸੁਮੇਲ ਨੇ ਸਿੱਖ ਦੇ ਜੀਵਨ ਨੂੰ ਸੰਪੂਰਨਤਾ ਬਖ਼ਸ਼ਣੀ ਹੈ। ਕਈ ਵਾਰ ਇਹ ਭੁਲੇਖਾ ਪਿਆ ਨਜ਼ਰ ਆਉਂਦਾ ਹੈ ਕਿ ਆਪਣੇ ਸਖਸੀ ਜੀਵਨਨੂੰ ਸੁਧਾਰ ਲਵੋ। ਧਾਰਮਿਕ ਤੌਰ 'ਤੇ ਚੰਗਾ ਜੀਵਨ ਜੀਣ ਵਾਲੇ ਕਈ ਵਾਰ ਪੰਥਕ ਪੱਖੋਂ ਊਣੇ ਰਹਿ ਜਾਂਦੇ ਹਨ ਅਤੇ ਦੂਸਰੇ ਪਾਸੇ ਕਈ ਵਿਅਕਤੀ ਪੰਥਕ ਤੌਰ 'ਤੇ ਕਾਫ਼ੀ ਸੁਚੇਤ ਅਤੇ ਸੁਦ੍ਰਿੜ ਹੋਣ ਦੇ ਬਾਵਜੂਦ ਧਾਰਮਿਕ ਪੱਖੋਂ ਬਿਲਕੁਲ ਕੋਰੇ ਰਹਿ ਜਾਂਦੇ ਹਨ। ਇਸ ਵਿਸੰਗਤੀ ਨੂੰ ਇਹ ਸਿਰਲੇਖ 'ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ-ਸ਼ਖਸੀ ਤੇ ਪੰਥਕ' ਦੂਰ ਕਰਦਾ ਹੈ। ਸੋ ਸਿੱਖ ਉਹੀ ਵਿਅਕਤੀ ਅਖਵਾਣ ਦਾ ਹੱਕਦਾਰ ਹੈ ਜੋ ਜਾਤੀ ਅਤੇ ਜਮਾਤੀ ਤੌਰ 'ਤੇ ਸਿੱਖ ਰਹਿਤ ਮਰਯਾਦਾ ਦਾ ਧਾਰਨੀ ਹੋਵੇ। ਜਾਤੀ ਤੌਰ 'ਤੇ ਉਸਦੀ




ਜ਼ਿੰਦਗੀ ਸ਼ਖਸੀ ਰੂਪ ਵਿਚ ਅਤੇ ਜਮਾਤੀ ਤੌਰ 'ਤੇ ਗੁਰੂ ਪੰਥ ਦਾ ਅੰਗ ਬਣ ਕੇ ਰਹੇ। ਪੰਥਕ ਧੁਰੇ ਨਾਲੋਂ ਮੁਨਕਰ ਹੋ ਕੇ, ਟੁੱਟ ਕੇ ਜਾਂ ਫਿਰ ਗੁਰੂ ਪੰਥ ਦਾ ਹਿੱਸਾ ਨਾ ਰਹਿ ਕੇ ਉਹ ਸਿੱਖ ਅਖਵਾਣ ਦਾ ਹੱਕਦਾਰ ਨਹੀਂ ਭਾਵੇਂ ਉਹ ਸ਼ਖਸੀ ਤੌਰ 'ਤੇ ਜਿਤਨੀ ਮਰਜ਼ੀ ਉਚੇ ਧਾਰਮਿਕ ਜੀਵਨ ਦੀ ਗੱਲ ਕਰੇ। ਸ਼ਖਸੀ ਅਤੇ ਪੰਥਕ ਜੀਵਨ ਵਿਚ ਇਕਸਾਰਤਾ ਨਾ ਹੋਣ ਕਾਰਨ ਹੀ ਇਹ ਵੇਖਣ ਵਿਚ ਆਉਂਦਾ ਹੈ ਕਿ ਕਈ ਵਿਅਕਤੀ ਧਾਰਮਿਕ ਤਾਂ ਹੁੰਦੇ ਹਨ ਪਰ ਪੰਥਕ ਨਹੀਂ ਅਤੇ ਦੂਸਰੇ ਪਾਸੇ ਪੰਥਕ ਅਖਵਾਣ ਵਾਲੇ ਧਾਰਮਿਕ ਤੌਰ 'ਤੇ ਤੱਤਾਂ ਤੋਂ ਊਣੇ ਹੋਏ ਵੇਖੇ ਜਾ ਸਕਦੇ ਹਨ।

ਸ਼ਖਸੀ ਰਹਿਣੀ ਦੇ ਇਸ ਸਿਰਲੇਖ ਦੇ ਤਿੰਨ ਹਿੱਸੇ ਹਨ- 1. ਨਾਮ ਬਾਣੀ ਦਾ ਅਭਿਆਸ, 2. ਗੁਰਮਤਿ ਦੀ ਰਹਿਣੀ ਅਤੇ 3. ਸੇਵਾ। ਇਨ੍ਹਾਂ ਦੀ ਵਿਚਾਰ ਇਸ ਤਰ੍ਹਾਂ ਹੈ।

੧. ਨਾਮ ਬਾਣੀ ਦਾ ਅਭਿਆਸ

ਇਸ ਅਧਿਆਇ ਦਾ ਸਿਰਲੇਖ ਹੈ ਨਾਮ ਬਾਣੀ ਦਾ ਅਭਿਆਸ। ਅਭਿਆਸ ਜਾਂ ਪ੍ਰੈਕਟਿਸ, ਲਗਾਤਾਰ ਨਿਰੰਤਰ ਕਰਨੀ ਪੈਂਦੀ ਹੈ। ਵਕੀਲ, ਡਾਕਟਰ ਆਦਿ ਭਾਵੇਂ ਉਨ੍ਹਾਂ ਨੂੰ ਕਿਸੇ ਵੀ ਕਿੱਤੇ ਜਾਂ ਪੇਸ਼ੇ ਵਿਚ ਕੰਮ ਕਰਦਿਆਂ ਪੰਜਾਹ-ਪੰਜਾਹ ਵਰ੍ਹੇ ਬੀਤ ਜਾਣ ਅਤੇ ਜਿਤਨੀ ਮਰਜ਼ੀ ਮੁਹਾਰਤ ਹਾਸਲ ਕਰ ਲੈਣ ਪਰ ਹਾਲੇ ਵੀ ਕਿਹਾ ਜਾਂਦਾ ਹੈ ਕਿ ਉਹ ਪ੍ਰੈਕਟਿਸ ਕਰ ਰਹੇ ਹਨ। ਇਸੇ ਤਰ੍ਹਾਂ ਨਾਮ ਬਾਣੀ ਦਾ ਅਭਿਆਸ ਇਕ ਵਾਰ ਨਹੀਂ ਬਲਕਿ ਬਾਰ ਬਾਰ ਕਰਨਾ ਪੈਣਾ ਹੈ। ਪਿਤਾ ਜੀ ਕਿਹਾ ਕਰਦੇ ਸਨ ਕਲਗੀਆਂ ਵਾਲਿਆਂ ਤੇਰੇ ਦਰਬਾਰ ਅੰਦਰ ਨਾ ਇਤਵਾਰ ਛੁੱਟੀ ਨਾ ਦਿਨ ਦਿਹਾਰ ਛੁੱਟੀ।

ਸਿੱਖ ਰਹਿਤ ਮਰਯਾਦਾ ਵਿਚ ਨਾਮ ਬਾਣੀ ਦਾ ਅਭਿਆਸ ਸ਼ਖ਼ਸੀ ਰਹਿਣੀ ਦਾ ਹਿੱਸਾ ਹੈ। ਇਸ ਤਰ੍ਹਾਂ ਨਾਮ ਬਾਣੀ ਦਾ ਅਭਿਆਸ ਜਾਤੀ ਹੈ ਅਤੇ ਸੰਗਤੀ ਰੂਪ ਵਿਚ 'ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ' ਕਰਨ ਬਾਰੇ ਕਿਹਾ ਗਿਆ ਹੈ। ਇਸ ਲਈ ਨਾਮ ਬਾਣੀ ਦਾ ਅਭਿਆਸ ਅਤੇ ਸਿਮਰਨ ਜਾਤੀ ਹੈ ਅਤੇ ਸੰਗਤੀ ਰੂਪ ਵਿਚ ਕਥਾ, ਕੀਰਤਨ ਜਮਾਤੀ ਹੈ।

1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ।

(ਚਲਦਾ)

# ਕੈਲੇਫੋਰਨੀਆਂ ਦੇ ਸ਼ਹਿਰ ਲਿੰਡਸੇ ਦੇ "ਤੂਤਾਂ ਵਾਲਾ ਖੂਹ" ਵਿਖੇ ਲੱਗੀਆਂ ਤੀਆਂ ਅਤੇ ਹੋਈ ਪਰਿਵਾਰਕ ਮਿਲਣੀ

ਲਿੰਡਸੇ/ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਹਰ ਇਨਸਾਨ ਦੀ ਜ਼ਿੰਦਗੀ ਵਿੱਚ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਤਰੱਕੀਆਂ ਕਰਨ ਦਾ ਜਾਨੂੰਨ ਹੁੰਦਾ ਹੈ। ਇਸੇ ਜਨੂੰਨ ਦੇ ਚੱਲਦਿਆਂ ਉਹ ਦੂਜਿਆਂ ਨੂੰ ਦੇਖ ਤਰੱਕੀਆਂ ਤਾਂ ਬਹੁਤ ਕਰ ਲੈਂਦਾ ਹੈ। ਪਰ ਜਾਣੇ-ਅਨਜਾਣੇ ਆਪਣੇ ਆਪਣੇ ਸੱਭਿਆਚਾਰ ਵਿਰਸੇ ਤੋਂ ਬਹੁਤ ਦੂਰ ਹੋ ਜਾਂਦਾ ਹੈ। ਪਰ ਉਹ ਲੋਕ ਬਹੁਤ ਖੁਸ਼ਕਿਸਮਤ ਹੁੰਦੇ ਹਨ ਜੋ ਆਪਣੀ ਤਰੱਕੀ ਦੇ ਨਾਲ-ਨਾਲ ਆਪਣੇ ਵਿਰਸੇ ਨੂੰ ਲੈ ਕੇ ਚੱਲਦੇ ਹਨ। ਇਸੇ ਦੀ ਮਿਸਾਲ ਕੈਲੀਫੋਰਨੀਆਂ ਦੇ ਸ਼ਹਿਰ ਲਿੰਡਸੇ ਵਿੱਚ ਬਣਿਆ "ਤੂਤਾਂ ਵਾਲਾ ਖੂਹ" ਹੈ। ਜਿਸ ਨੂੰ ਅਰਵਿੰਦਰ ਸਿੰਘ ਲਾਖਨ ਅਤੇ ਪਰਿਵਾਰ ਨੇ ਬੜੀ ਮਿਹਨਤ ਅਤੇ ਲਗਨ ਨਾਲ ਪੰਜਾਬ ਦੇ ਵਿਰਾਸਤੀ ਰੰਗਾਂ ਵਿੱਚ ਰੰਗਿਆ ਹੈ। ਜਿਸ ਨੂੰ ਦੇਖ ਦੂਰ ਦੁਰਾਡੇ ਤੋਂ ਪਹੁੰਚ ਸਾਲਾਘਾ ਕਰਦੇ ਹਨ।



ਇਸੇ "ਤੂਤਾਂ ਵਾਲੇ ਖੂਹ" 'ਤੇ ਅਰਵਿੰਦਰ ਸਿੰਘ ਲਾਖਨ ਵੱਲੋਂ ਕੁਲਵੀਰ ਸਿੰਘ ਹੇਅਰ ਅਤੇ ਹੋਰ ਦੋਸ਼ਤਾਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਅਤੇ ਪਰਿਵਾਰਕ ਮਿਲਣੀ ਕਰਵਾਈ ਗਈ। ਇਸ ਸਮੇਂ ਲੱਗੀਆਂ ਤੀਆਂ ਦਾ ਮਹੌਲ ਬਿਲਕੁਲ ਪੰਜਾਬ ਦੇ ਵਿਰਾਸਤੀ ਵਿਆਹ ਵਰਗਾ ਸੀ। ਜਿੱਥੇ ਡਹੇ ਮੰਜੇ, ਚਰਖਾ, ਮਧਾਣੀ, ਸੰਗੀਤਕ ਸਾਜ ਅਤੇ ਹੋਰ ਵਿਰਾਸਤੀ ਵਸਤਾਂ ਵਿਸਰ ਰਹੀਆਂ ਪੰਜਾਬ ਦੀਆਂ ਰਸਮਾਂ ਨੂੰ ਜੀਵਤ ਕਰ ਰਹੀਆਂ ਸਨ। ਇਸ ਸਮੇਂ ਤੀਆਂ ਦੀ ਸੁਰੂਆਤ ਪੱਤਰਕਾਰ ਕੁਲਵੀਰ ਹੇਅਰ ਦੀ ਬੇਟੀ ਆਂਚਲ ਹੇਅਰ ਨੇ ਸਭ ਨੂੰ "ਜੀ ਆਇਆਂ ਕਹਿਣ" ਨਾਲ ਕੀਤੀ। ਇਸ ਉਪਰੰਤ ਕਈ ਘੰਟੇ ਚੱਲਿਆ ਲਾਈਵ ਬੋਲੀਆਂ ਪਾਉਦੇ ਹੋਏ ਗਿੱਧਾ। ਜਿਸ ਹਾਜ਼ਰ ਔਰਤਾਂ ਨੇ ਇੱਕ-ਦੂਜੇ ਨਾਲੋਂ ਵੱਧ ਚੜ ਕੇ ਬੋਲੀਆਂ ਪਾਈਆ। ਇਨ੍ਹਾਂ ਤੀਆਂ ਦਾ ਮਹੌਲ ਬਿਲਕੁਲ ਵਿਰਾਸਤੀ ਰੰਗ ਵਿੱਚ ਰੰਗਿਆ ਹੋਇਆ ਸੀ। ਜੋ ਅੱਜ ਵੀ ਪੰਜਾਬ ਦੇ ਅਮੀਰ ਵਿਰਸੇ ਦੀ ਵਿਦੇਸ਼ਾਂ ਵਿੱਚ ਝਲਕ ਪੇਸ਼ ਕਰ ਰਿਹਾ ਸੀ। ਇਸ ਪ੍ਰੋਗਰਾਮ ਦੌਰਾਨ ਖੂਬ ਰੌਣਕਾਂ ਲੱਗੀਆਂ ਹੋਈਆਂ ਸਨ। ਹਰ ਕੋਈ ਆਪਣੇ ਆਪ ਨੂੰ ਪੰਜਾਬ ਵਿੱਚ ਬੈਠਾ ਮਹਿਸੂਸ ਕਰ ਰਿਹਾ ਸੀ।

ਔਰਤਾਂ ਦੁਆਰਾ ਲੱਗੀਆਂ ਤੀਆਂ ਦੀ ਸਮਾਪਤੀ ਉਪਰੰਤ ਹਾਜ਼ਰ ਆਦਮੀਆਂ ਵੱਲੋਂ ਵੀ ਇੱਕ ਸਾਨਦਾਰ ਮਹਿਫ਼ਲ ਦਾ ਆਗਾਜ਼ ਕੀਤਾ ਗਿਆ। ਜਿਸ ਜਿਸ ਦਿਲਦਾਰ ਮਿਊਜੀਕਲ ਗਰੁੱਪ ਕੈਲੈਫੋਰਨੀਆਂ ਦੇ ਗਾਇਕ ਰਾਣਾ ਗਿੱਲ, ਗੈਰੀ ਢੇਸੀ ਅਤੇ ਅਵਤਾਰ ਗਿੱਲ ਨੇ ਖੂਬ ਰੰਗ ਬੰਨੇ। ਜਦ ਕਿ ਉਸਤਾਦ ਲਾਲ ਚੰਦ ਯਮਲਾ ਦੇ ਸ਼ਾਗਿਰਦ ਰਾਜ ਬਰਾੜ ਨੇ ਵੀ ਨਵੇਂ ਗੀਤ ਗਾ ਸਰੋਤੇ ਕੀਲ ਰੱਖੇ। ਸਮੁੱਚੇ ਪ੍ਰੋਗਰਾਮ ਨੂੰ ਸੰਗੀਤ ਪੱਪੀ ਭਦੌੜ, ਅਮਰੀਕ ਸਿੰਘ ਅਤੇ ਜੋਗਿੰਦਰ ਜੋਗੀ ਨੇ ਦਿੱਤਾ। ਇਸ ਸਾਰੇ ਪ੍ਰੋਗਰਾਮ ਦੌਰਾਨ ਤੀਆਂ ਸਮੇਂ ਸਟੇਜ਼ ਸੰਚਾਲਨ ਆਂਚਲ ਕੌਰ ਹੇਅਰ ਨੇ ਬਹੁਤ ਖੂਬਸੂਰਤ ਗੀਤ ਅਤੇ ਬੋਲੀਆਂ ਪਾਉਦੇ ਹੋਏ ਕੀਤਾ। ਜਦ ਕਿ ਆਦਮੀਆਂ ਦੀ ਸੰਗੀਤਕ ਮਹਿਫਲ ਦਾ ਸਟੇਜ਼ ਸੰਚਾਲਨ ਕੁਲਵੰਤ ਧਾਲੀਆਂ ਨੇ ਬਾਖੂਬੀ ਕੀਤਾ। ਇਸ ਸਮੇਂ ਅਰਵਿੰਦਰ ਸਿੰਘ ਲਾਖਨ, ਕੁਲਵੀਰ ਹੇਅਰ ਅਤੇ ਹੋਰ ਬੁਲਾਰਿਆਂ ਨੇ ਬੋਲਦੇ ਹੋਏ ਸਭ ਨੂੰ ਵਧਾਈ ਦਿੱਤੀ। ਸਭ ਹਾਜ਼ਰੀਨ ਲਈ ਸੁਆਦਿਸਟ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਤੂਤਾਂ ਵਾਲੇ ਖੂਹ ਦਾ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆਂ।




# Balsani Welders & Builders

## We Design, Manufacture & Ship Nationwide

### All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





## ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।


**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- \- FABRICATION TO INSTALLATION














ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

ਸਾਡੇ ਲੋਕ



**S. Iqbal Singh**

844-573-3824 | 510 862 2332

433 W Scotts Ave Stockton, CA 95203

PH: (925) 487-7117

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਗਿਆ ਅਲੌਕਿਕ ਨਗਰ ਕੀਰਤਨ





ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਇਸ ਇਤਿਹਾਸਕ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਵੱਖ-ਵੱਖ ਸਮਾਗਮ ਕਰਵਾਏ ਗਏ, ਜਿਥੇ ਬੀਤੇ ਕਈ ਦਿਨਾਂ ਤੋਂ ਸ੍ਰੀ ਅੰਮ੍ਰਿਤਸਰ ਸ਼ਹਿਰ ਅੰਦਰ ਜੀਵਨ ਜੁਗਤਿ ਸਮਾਗਮਾਂ ਦੀ ਲੜੀ ਚਲਾਈ ਗਈ, ਉਥੇ ਹੀ ਅੱਜ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਓਟ ਆਸਰੇ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ।


ਇਸ ਮੌਕੇ ਵੱਡੀ ਗਿਣਤੀ ਵਿਚ ਪੰਥਕ ਸ਼ਖ਼ਸੀਅਤਾਂ ਅਤੇ ਸੰਗਤਾਂ ਪਹੁੰਚੀਆਂ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਗੁਰੂ ਹਨ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਪਾਵਨ ਗੁਰਬਾਣੀ ਵੱਲੋਂ ਦੱਸੇ ਮਾਰਗ 'ਤੇ ਚੱਲ ਕੇ ਜੀਵਨ ਬਸਰ ਕਰਨ। ਉਨ੍ਹਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥੀਂ ਸੰਨ 1604ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਸੀ। ਇਸੇ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ ਸੰਭਾਲ ਦੀ ਸੇਵਾ ਦਿੱਤੀ, ਜਿਸ ਨਾਲ ਗ੍ਰੰਥੀ ਪ੍ਰੰਪਰਾ ਦੀ ਆਰੰਭਤਾ ਵੀ ਹੋਈ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਇਕੱਤਰ ਹੁੰਦੀਆਂ ਹਨ ਅਤੇ ਆਪਣੇ ਪਾਵਨ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦੀਆਂ ਹਨ। ਉਨ੍ਹਾਂ ਸੰਗਤਾਂ ਨੂੰ ਪ੍ਰੇਰਣਾ ਦਿੱਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਨੂੰ ਆਪਣੇ ਜੀਵਨ ਵਿਚ ਢਾਲ ਕੇ ਗੁਰਮਤਿ ਰਹਿਣੀ ਅਨੁਸਾਰ ਜੀਵਨ ਬਤੀਤ ਕਰਨ। ਇਸ ਦੇ ਨਾਲ ਹੀ ਦੱਸ ਦਈਏ ਕਿ ਨਗਰ ਕੀਰਤਨ ਸਮੇਂ ਸਿੱਖ ਨੌਜੁਆਨਾਂ ਵੱਲੋਂ ਗਤਕਾ ਪ੍ਰਦਰਸ਼ਨ ਦੇ ਨਾਲ-ਨਾਲ ਸ਼ਬਦੀ ਜਥਿਆਂ ਸ਼ਰਧਾਂ ਨਾਲ ਸ਼ਬਦ ਗਾਇ ਕੀਤੇ। ਇਸੇ ਦੌਰਾਨ ਵੱਖ-ਵੱਖ ਥਾਵਾਂ 'ਤੇ ਸ਼ਰਧਾਲੂਆਂ ਵੱਲੋਂ ਲੰਗਰ ਦੀ ਸੇਵਾ ਵੀ ਕੀਤੀ ਗਈ।

**1984 Sikh Genocide**

## ਸੱਜਣ ਕੁਮਾਰ ਨੂੰ ਅਦਾਲਤ ਨੇ ਕਤਲ ਕੇਸਾਂ 'ਚ ਕੀਤਾ ਬਰੀ

### ਸੁਲਤਾਨਪੁਰੀ ਵਿਚ 6 ਲੋਕਾਂ ਦੀ ਹਤਿਆ ਦਾ ਮਾਮਲਾ



ਨਵੀਂ ਦਿੱਲੀ: 1984 ਸਿੱਖ ਨਸਲਕੁਸ਼ੀ ਮਾਮਲੇ ਵਿਚ ਅਹਿਮ ਫ਼ੈਸਲਾ ਸੁਣਾਉਂਦਿਆਂ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿਤਾ ਹੈ। ਇਸ ਤੋਂ ਪਹਿਲਾਂ ਅਦਾਲਤ ਨੇ 15 ਸਤੰਬਰ ਨੂੰ 1984 ਦੇ ਸੁਲਤਾਨਪੁਰੀ ਸਿੱਖ ਕਤਲੇਆਮ ਦੇ ਮਾਮਲੇ ਵਿਚ ਸੱਜਣ ਕੁਮਾਰ ਵਿਰੁਧ ਫ਼ੈਸਲੇ ਨੂੰ ਟਾਲ ਦਿਤਾ ਸੀ।

ਅਦਾਲਤ ਨੇ 23 ਅਗਸਤ ਨੂੰ ਕਾਂਗਰਸ ਆਗੂ ਸੱਜਣ ਕੁਮਾਰ ਵਿਰੁਧ ਦੋਸ਼ ਤੈਅ ਕੀਤੇ ਸਨ। ਮਾਮਲਾ ਜਨਕਪੁਰੀ ਤੇ ਵਿਕਾਸਪੁਰੀ ਵਿਚ ਸਿੱਖਾਂ ਦੀ ਹਤਿਆ ਨਾਲ ਸਬੰਧਤ ਹੈ। ਸੱਜਣ ਕਮਾਰ ਵਿਰੁਧ ਹਤਿਆ ਦੀ ਕੋਸ਼ਿਸ਼, ਭੀੜ ਨੂੰ ਉਕਸਾਉਣ ਅਤੇ ਦੰਗੇ ਭੜਕਾਉਣ ਦੇ ਇਲਜ਼ਾਮ ਹਨ। ਅਦਾਲਤ ਨੇ ਸੱਜਣ ਕੁਮਾਰ ਵਿਰੁਧ ਆਈ.ਪੀ.ਸੀ. ਦੀ ਧਾਰਾ 147, 148, 153ਏ, 295 R/W149, 307, 308, 323, 325, 395,436 ਤਹਿਤ ਦੋਸ਼ ਆਇਦ ਕੀਤੇ ਸਨ। ਇਸ ਦੇ ਨਾਲ ਹੀ ਅਦਾਲਤ ਨੇ ਕਤਲ ਦੀ ਧਾਰਾ 302 ਨੂੰ ਰੱਦ ਕਰ ਦਿਤਾ ਸੀ। ਜ਼ਿਕਰਯੋਗ ਹੈ ਕਿ 2015 'ਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਸੱਜਣ ਕੁਮਾਰ ਵਿਰੁਧ ਜਨਕਪੁਰੀ ਅਤੇ ਵਿਕਾਸਪੁਰੀ 'ਚ ਐਫ਼.ਆਈ.ਆਰ. ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਸੀ। ਦਿੱਲੀ 'ਚ 1984 'ਚ ਹੋਏ ਸਿੱਖ ਕਤਲੇਆਮ ਦੌਰਾਨ ਸੱਜਣ ਕੁਮਾਰ ਵਿਰੁਧ ਜਨਕਪੁਰੀ 'ਚ ਰਹਿਣ ਵਾਲੇ ਦੋ ਸਿੱਖਾਂ ਸੋਹਨ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦਾ ਕਤਲ ਕਰਨ ਦਾ ਦੋਸ਼ ਹੈ। 1 ਨਵੰਬਰ 1984 ਨੂੰ ਦੋਹਾਂ ਦਾ ਕਤਲ ਕਰ ਦਿਤਾ ਗਿਆ ਸੀ। ਇਸ ਕੇਸ 'ਚ ਸੱਜਣ ਕੁਮਾਰ ਦਾ ਪੋਲੀਗ੍ਰਾਫ਼ੀ ਟੈਸਟ ਵੀ ਹੋਇਆ ਸੀ। ਅਦਾਲਤ 'ਚ ਸੱਜਣ ਕੁਮਾਰ ਦੇ ਵਕੀਲਾਂ ਨੇ ਦਲੀਲ ਦਿਤੀ ਸੀ ਕਿ ਐਸ.ਆਈ.ਟੀ. ਕੋਲ ਕੋਈ ਸਬੂਤ ਨਹੀਂ ਹੈ ਜਿਸ ਕਾਰਨ ਸੱਜਣ ਕੁਮਾਰ ਦਾ ਪੋਲੀਗ੍ਰਾਫ਼ੀ ਟੈਸਟ ਕੀਤਾ ਜਾ ਰਿਹਾ ਹੈ।

## ਜੰਮੂ 'ਚ ਗੁਰਮਤਿ ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੰਗਤਾਂ ਨੂੰ ਸ਼ਬਦ-ਗੁਰੂ ਨਾਲ ਜੁੜਨ ਅਤੇ ਅੰਮ੍ਰਿਤ ਛਕਣ ਲਈ ਪ੍ਰੇਰਿਆ



ਅੰਮ੍ਰਿਤਸਰ: ਸਿੱਖ ਨੌਜਵਾਨ ਸਭਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰਾਣੀ ਤਲਾਬ, ਡਿਗਿਆਨਾ, ਜੰਮੂ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਨਾਮਵਰ ਰਾਗੀ ਭਾਈ ਹਰਪ੍ਰੀਤ ਸਿੰਘ ਚੋਹਾਲਾ ਵੱਲੋਂ ਕੀਰਤਨ ਰਾਹੀਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਤਰਨਜੀਤ ਸਿੰਘ ਖ਼ਾਲਸਾ ਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਕਥਾ-ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਗੁਰਮਿਤ ਵਿਚਾਰਾਂ ਦੀ ਸਾਂਝ ਕਰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੇਹਧਾਰੀ ਗੁਰੂ-ਡੰਮ ?ਹ ਦੇ ਪਾਜ ਉਘੇੜ ਦਿੱਤੇ, ਮੜ੍ਹੀਆਂ-ਮਸਾਣਾਂ ਅਤੇ ਮਨਮੱਤ ਖ਼ਿਲਾਫ਼ ਵੀ ਉਹਨਾਂ ਖੁੱਲ੍ਹ ਕੇ ਬੋਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂੰ ਕਰਵਾਉਂਦਿਆਂ ਸੰਗਤਾਂ ਨੂੰ ਸ਼ਬਦ-ਗੁਰੂ ਦੇ ਲੜ ਲੱਗਣ ਉੱਤੇ ਜ਼ੋਰ ਦਿੱਤਾ। ਉਹਨਾਂ ਗੁਰਬਾਣੀ ਅਤੇ ਇਤਿਹਾਸ ਦੇ ਪ੍ਰਮਾਣ-ਹਵਾਲੇ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ-ਜੋਤ ਪ੍ਰਤੱਖ ਸਤਿਗੁਰੂ ਹਨ ਤੇ ਉਹ ਹਰ ਸਮੇਂ ਸਾਡੀ ਅਗਵਾਈ ਅਤੇ ਸਹਾਇਤਾ ਕਰਦੇ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਬੇਅਦਬੀ ਮਸਲਿਆਂ ਉੱਤੇ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਤੇ ਦੁਸ਼ਟਾਂ ਨੂੰ ਮੌਕੇ 'ਤੇ ਖ਼ਾਲਸਈ ਰਵਾਇਤਾਂ ਅਨੁਸਾਰ ਸੋਧਣ ਨੂੰ ਠੀਕ ਦਰਸਾਇਆ ਤੇ ਕਿਹਾ ਕਿ ਸ਼ਹੀਦ ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਨਲੂਆ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬੰਦਾ ਸਿੰਘ ਬਹਾਦਰ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ ਅਤੇ ਭਾਈ ਸੰਦੀਪ ਸਿੰਘ ਸੰਨੀ ਜਿਹੇ ਸੂਰਮੇ ਅਤੇ ਸ਼ਹੀਦ ਸਾਡੇ ਨਾਇਕ ਅਤੇ ਰੋਲ ਮਾਡਲ ਹਨ। ਉਹਨਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤਾਂ ਨੂੰ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ ਤੇ ਨੌਜਵਾਨਾਂ ਨੂੰ ਅੰਮ੍ਰਿਤਧਾਰੀ, ਸ਼ਸ਼ਤਰਧਾਰੀ ਅਤੇ ਕੇਸਾਧਾਰੀ ਹੋਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਸਿੱਖ ਨੌਜਵਾਨ ਸਭਾ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਜੰਮੂ, ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਅਤੇ ਜਥੇਬੰਧਕ ਸਕੱਤਰ ਭਾਈ ਮਨਪ੍ਰੀਤ ਸਿੰਘ ਮੰਨਾ ਵੀ ਹਾਜ਼ਰ ਸਨ। ਸਿੱਖ ਨੌਜਵਾਨ ਸਭਾ ਅਤੇ ਗੁਰਦੁਆਰਾ ਕਮੇਟੀ ਵੱਲੋਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਹੋਰ ਜੱਥਿਆਂ ਦਾ ਸ਼ਾਨਦਾਰ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਬਾਹਰ ਸੰਤ ਜਰਨੈਲ ਸਿੰਘ ਅਤੇ ਢੱਠੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵੱਡੇ ਪੋਸਟਰ ਵੀ ਲੱਗੇ ਸਨ ਜੋ ਖਿੱਚ ਦਾ ਕੇਂਦਰ ਬਣੇ ਸਨ। ਸਮਾਗਮ ਦੌਰਾਨ ਬੇਅੰਤ ਸੰਗਤਾਂ ਸ਼ਰਧਾ-ਭਾਵਨਾ ਨਾਲ ਸਮਾਪਤੀ ਤਕ ਦਰਬਾਰ 'ਚ ਬੈਠੀਆਂ ਰਹੀਆਂ ਤੇ ਗੁਰੂ ਕੇ ਲੰਗਰ ਵੀ ਅਤੁੱਟ ਵਰਤੇ।

## ਸ਼੍ਰੋਮਣੀ ਕਮੇਟੀ ਪਾਵਨ ਸਰੂਪਾਂ ਦੀ ਛਪਾਈ ਬਾਰੇ ਪੈਮਾਨਾ ਜਾਰੀ ਕਰੇ: ਰੰਧਾਵਾ



ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਭੇਜ ਕੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਲਈ ਅਮਰੀਕਾ ਵਿੱਚ ਪ੍ਰੈਸ ਲਗਾਉਣ ਦੇ ਫ਼ੈਸਲੇ ਬਾਰੇ ਮੰਗ ਕੀਤੀ ਕਿ ਉਹ ਸਪਸ਼ਟ ਕਰਨ ਕਿ ਛਪਾਈ ਦੀ ਸੁਰੱਖਿਆ ਮਰਿਆਦਾ ਦਾ ਕੀ ਪੈਮਾਨਾ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੇਸ਼ਾਂ ਵਿਚ ਵੱਖ-ਵੱਖ ਕਾਨੂੰਨ ਹਨ, ਇਸ ਲਈ ਸ਼ਬਦਾਂ ਨਾਲ ਛੇੜ-ਛਾੜ ਜਾਂ ਤਰੁੱਟੀ ਰਹਿਣ ਨਾਲ ਇਹ ਚੰਗਾ ਕੰਮ ਸਿਧਾਂਤਕ ਤੌਰ 'ਤੇ ਨੁਕਸਾਨ ਵੀ ਕਰ ਸਕਦਾ ਹੈ। ਪਿਛਲੇ ਸਮੇਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦਾ ਵਾਦ-ਵਿਵਾਦ ਅੱਜ ਵੀ ਜਿਉਂ ਦਾ ਤਿਉਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਐਲਾਨ ਤਾਂ ਵੱਡੇ ਕਰ ਦਿੰਦੀ ਹੈ ਪਰ ਸਿੱਖ ਕੌਮ ਦੇ ਸਿਧਾਂਤ ਨਾਲ ਜੁੜੇ ਵੱਡੇ ਮਾਮਲੇ ਸਿਰਫ਼ ਐਲਾਨਾਂ ਤੱਕ ਸੀਮਤ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਿੱਖੀ ਦੀ ਹੋਂਦ ਅਤੇ ਗੁਰਬਾਣੀ ਦੀ ਪਵਿੱਤਰਤਾ ਨਾਲ ਸਬੰਧਿਤ ਮੱਸਲਾ ਹੋਣ ਦੇ ਬਾਵਜੂਦ ਹੈਰਾਨੀ ਵਾਲੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਨੇ ਇਸ ਪਾਸੇ ਚੁੱਪ ਧਾਰੀ ਹੋਈ ਹੈ।

# ਅੰਤਰਰਾਸ਼ਟਰੀ ਗੀਤਕਾਰ ਮੱਖਣ ਲੁਹਾਰ ਦੀ ਇੱਕ ਹੋਰ ਐਲਬਮ 'ਢੋਲਾ ਵੇ' ਬੁਲੰਦ ਅਵਾਜ਼ ਦੇ ਮਾਲਕ ਗੁਰਬਖਸ਼ ਸ਼ੌਕੀ ਵਲੋਂ ਗਾਇਆ

## Mtrack Beat ਵਲੋਂ ਰਿਲੀਜ਼ ਕੀਤਾ ਗੀਤ ਵਿਆਹਾਂ ਸ਼ਾਦੀਆਂ ਪਾਰਟੀਆਂ ਉਪਰ ਪਹਿਲੀ ਪਸੰਦ ਬਣਿਆ



ਗੀਤਕਾਰ ਮੱਖਣ ਲੋਹਾਰ

ਸੈਕਰਾਮੈਂਟੋ/ਕੈਲੀਫੋਰਨੀਆ : ਬਹੁਤ ਹੀ ਸੁਰੀਲੀ ਅਤੇ ਬੁਲੰਦ ਆਵਾਜ਼ ਦੇ ਮਾਲਕ ਪੰਜਾਬ ਦੇ ਸੁਪਰ ਸਟਾਰ ਸੁਪਰਹਿੱਟ ਗਾਇਕ ਸ੍ਰ. ਗੁਰਬਖਸ਼ ਸ਼ੌਕੀ ਵਲੋਂ ਬੁਲੰਦ ਅਵਾਜ ਵਿੱਚ ਗਾਇਆ। ਅੰਤਰਰਾਸ਼ਟਰੀ ਗੀਤਕਾਰ ਮੱਖਣ ਲੁਹਾਰ ਦਾ ਲਿਖਿਆ ਅਤੇ Mtrack ਵਲੋਂ ਰਿਲੀਜ਼ ਕੀਤਾ ਗੀਤ 'ਢੋਲਾ ਵੇ' ਵਿਆਹਾਂ ਸ਼ਾਦੀਆਂ ਪਾਰਟੀਆਂ ਉਪਰ ਪਹਿਲੀ ਪਸੰਦ ਬਣਿਆ।

ਇਸ ਗੀਤ ਨੂੰ ਮਿਊਜ਼ਿਕ ਸੁਪਰ ਸਟਾਰ ਅਮਦਾਦ ਅਲੀ ਜੀ ਨੇ ਦਿੱਤਾ ਹੈ ਅਤੇ ਵੀਡੀਓਗ੍ਰਾਫ਼ੀ ਆਰ.ਕੇ. ਬਾਂਸਲ ਨੇ ਬਣਾਈ ਹੈ। ਬਹੁਤ ਹੀ ਖ਼ੂਬਸੂਰਤ ਗੀਤ ਸੁਣੋ ਅਤੇ ਸੁਣਾਓ ਮਿੱਤਰਾਂ ਪਿਆਰਿਆਂ ਨੂੰ ਬਹੁਤ ਚੰਗਾ ਲੱਗੇਗਾ।

ਪਹਿਲਾਂ ਵੀ ਇਸ ਗੀਤਕਾਰ ਦੇ ਮਿਆਰੀ ਗੀਤ ਘਰ ਘਰ ਵੱਜ ਰਹੇ ਹਨ ਇਸ ਗੀਤ ਨੂੰ ਗਾਉਣ ਵਾਲਾ ਸ੍ਰ. ਗੁਰਬਖਸ਼ ਸ਼ੌਕੀ ਇੱਕ ਬੁਲੰਦ ਅਵਾਜ਼ ਦਾ ਮਾਲਕ ਹੈ ਅਤੇ ਕਈ ਦਹਾਕਿਆਂ ਤੋਂ ਸਟੇਜ਼ਾਂ ਦਾ ਸ਼ਿੰਗਾਰ ਬਣਦਾ ਆ ਰਿਹਾ ਹੈ।

ਇਥੇ ਇਸਦਾ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਅਮਰੀਕਾ ਦੇ ਅੰਤਰਰਾਸ਼ਟਰੀ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਮੱਖਣ ਲੁਹਾਰ ਇੱਕ ਜਾਣਿਆ ਪਹਿਚਾਣਿਆ ਗੀਤਕਾਰ ਹੈ ਜਿਨ੍ਹਾਂ ਦੇ ਗੀਤ ਤਕਰੀਬਨ ਪੰਜਾਬੀ ਦੇ ਹਰ ਨਾਮਵਰ ਗਾਇਕ ਨੇ ਗਾਏ ਹਨ।






# 7 ਅਗਸਤ ਨੂੰ ਕੈਨੇਡਾ ਦੇ ਸਰੀ 'ਚ ਆਏ ਪੰਜਾਬੀ ਨੌਜਵਾਨ ਦੀ ਮੌਤ



ਕੈਲਗਰੀ: ਕੈਨੇਡਾ 'ਚ ਚੰਗੇ ਭਵਿੱਖ ਲਈ ਆਉਂਦੇ ਨੌਜਵਾਨ ਲੜਕੇ ਲੜਕੀਆਂ ਦੀ ਮੌਤ ਦੀਆਂ ਮੰਦਭਾਗੀਆਂ ਖਬਰਾਂ ਅਕਸਰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਪਰਿਵਾਰਕ ਮੈਂਬਰ ਵੀ ਲੱਖਾਂ ਰੁਪਏ ਇਕੱਠੇ ਕਰਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ 'ਚ ਪੜ੍ਹਾਈ ਕਰਨ ਲਈ ਭੇਜਦੇ ਹਨ ਪਰ ਜਦੋਂ ਇਸ ਤਰ੍ਹਾਂ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ ਤਾਂ ਬਹੁਤ ਹੀ ਦੁੱਖ ਲੱਗਦਾ ਹੈ। ਤਾਜ਼ਾ ਮਾਮਲਾ ਕੈਨੇਡਾ ਦੇ ਸਰੀ ਤੋਂ ਸਾਹਮਣੇ ਆਇਆ ਹੈ ਜਿੱਥੇ ਕਿ ਇੱਕ 19 ਸਾਲਾ ਨੌਜਵਾਨ ਮਨਜੋਤ ਸਿੰਘ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ। ਦੱਸ ਦਈਏ ਕਿ ਮਨਜੋਤ 7 ਅਗਸਤ ਨੂੰ ਸਰੀ 'ਚ ਪੜ੍ਹਾਈ ਲਈ ਗਿਆ ਸੀ ਤੇ ਜਦੋਂ ਉਹ ਕਾਲਜ 'ਚ ਪਹਿਲੇ ਦਿਨ ਦੀ ਕਲਾਸ ਲਈ ਪਹੁੰਚਿਆ ਤਾਂ ਕਾਲਜ ਦੇ ਬਾਥਰੂਮ 'ਚ ਹਾਰਟ ਅਟੈਕ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਹਲਕਾ ਘਨੌਰ ਦੇ ਪਿੰਡ ਸ਼ੰਭੂ ਖੁਰਦ ਦੇ ਮੱਧ ਵਰਗੀ ਪਰਿਵਾਰ ਨਾਲ ਸਬੰਧਿਤ ਸੀ ਤੇ ਇਹ ਖਬਰ ਸੁਣ ਕੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਦਾ ਰੋ ਰੋ ਕੇ ਬੁਰਾ ਹਾਲ ਹੈ ਤੇ ਮ੍ਰਿਤਕ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦੇ ਭਤੀਜਾ ਵੀ ਕੈਨੇਡਾ 'ਚ ਹੀ ਰਹਿੰਦਾ ਹੈ ਤੇ ਉਸ ਨੂੰ ਕੈਨੇਡਾ ਪੁਲਿਸ ਨੇ ਫੋਨ ਕਰਕੇ ਸਾਰੀ ਜਾਣਕਾਰੀ ਦਿੱਤੀ ਤੇ ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਉਨ੍ਹਾਂ ਲੱਖਾਂ ਰੁਪਏ ਲਗਾ ਕੇ ਆਪਣੇ ਬੇਟੇ ਨੂੰ ਪੜ੍ਹਾਈ ਲਈ ਬਾਹਰ ਭੇਜਿਆ ਸੀ ਤੇ ਹੁਣ ਉਸ ਦੀ ਲਾਸ਼ ਵਾਪਸ ਲੈ ਕੇ ਆਉਣ ਲਈ ਉਨ੍ਹਾਂ ਕੋਲ ਇੰਨੇ ਪੈਸੇ ਨਹੀਂ ਹਨ ਤੇ ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਤੇ ਪੰਜਾਬ ਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਬੇਟੇ ਦੀ ਲਾਸ਼ ਨੂੰ ਕੈਨੇਡਾ ਤੋਂ ਪੰਜਾਬ ਲਿਆਉਣ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ। ਹੁਣ ਪਰਿਵਾਰ ਵੱਲੋਂ ਗੋ ਫੰਡ ਮੀ ਰਾਹੀਂ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਪੰਜਾਬ ਭੇਜਣ ਲਈ ਪੈਸੇ ਇਕੱਠੇ ਕੀਤੇ ਜਾ ਰਹੇ ਹਨ ਤੇ ਲੋਕਾਂ ਨੂੰ ਮਦਦ ਕਰਨ ਦੀ ਵੀ ਅਪੀਲ ਕੀਤੀ ਗਈ ਹੈ।

# ਕੈਨੇਡਾ ਨੇ ਜਾਰੀ ਕੀਤੇ 52 ਲੱਖ ਵੀਜ਼ੇ




ਟੋਰਾਂਟੋ : ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਨੇ 52 ਲੱਖ ਅਰਜ਼ੀਆਂ ਦਾ ਨਿਪਟਾਰਾ ਕਰਦਿਆਂ ਨਵਾਂ ਮੀਲ ਪੱਥਰ ਕਾਇਮ ਹੈ ਅਤੇ ਬੈਕਲਾਗ ਘਟਾਉਣ ਵਿਚ ਵੀ ਸਫ਼ਲਤਾ ਹਾਸਲ ਕੀਤੀ ਹੈ। 31 ਜੁਲਾਈ ਤੱਕ ਇੰਮੀਗ੍ਰੇਸ਼ਨ ਵਿਭਾਗ ਕੋਲ 22,74,600 ਅਰਜ਼ੀਆਂ ਵਿਚਾਰ ਅਧੀਨ ਸਨ ਜਿਨ੍ਹਾਂ ਵਿਚੋਂ 8 ਲੱਖ ਨੂੰ ਬੈਕਲਾਗ ਮੰਨਿਆ ਜਾ ਰਿਹਾ ਹੈ। ਕੁਲ ਅਰਜ਼ੀਆਂ ਵਿਚੋਂ ਪਰਮਾਨੈਂਟ ਰੈਜ਼ੀਡੈਂਸ ਦੀਆਂ 6 ਲੱਖ 31 ਹਜ਼ਾਰ, ਸਿਟੀਜ਼ਨਸ਼ਿਪ ਦੀਆਂ 2 ਲੱਖ 97 ਹਜ਼ਾਰ ਅਤੇ ਟੈਂਪਰੇਰੀ ਰੈਜ਼ੀਡੈਂਸ ਦੀਆਂ 9 ਲੱਖ ਅਰਜ਼ੀਆਂ ਦੱਸੀਆਂ ਜਾ ਰਹੀਆਂ ਹਨ।

ਪਰਮਾਨੈਂਟ ਰੈਜ਼ੀਡੈਂਸ ਵਾਲੀਆਂ ਅਰਜ਼ੀਆਂ ਵਿਚੋਂ 2 ਲੱਖ 90 ਹਜ਼ਾਰ ਬੈਕਲਾਗ ਵਾਲੇ ਖਾਤੇ ਵਿਚ ਹਨ ਜਦਕਿ ਸਿਟੀਜ਼ਨਸ਼ਿਪ ਵਾਲੀਆਂ ਅਰਜ਼ੀਆਂ ਵਿਚੋਂ 68 ਹਜ਼ਾਰ ਬੈਕਲਾਗ ਵਿਚ ਮੰਨੀ ਜਾ ਰਹੀਆਂ ਹਨ। ਇਮੀਗ੍ਰੇਸ਼ਨ ਵਿਭਾਗ ਕੋਲ ਪੁੱਜੀਆਂ ਉਨ੍ਹਾਂ ਅਰਜ਼ੀਆਂ ਨੂੰ ਬੈਕਲਾਗ ਵਿਚ ਮੰਨਿਆ ਜਾਂਦਾ ਹੈ ਜਿਨ੍ਹਾਂ ਦੀ ਪ੍ਰੋਸੈਸਿੰਗ ਤੈਅਸ਼ੁਦਾ ਹੱਦ ਅੰਦਰ ਸੰਭਵ ਨਹੀਂ ਹੁੰਦੀ।

ਐਕਸਪ੍ਰੈਸ ਐਂਟਰੀ ਅਧੀਨ ਅਰਜ਼ੀਆਂ ਦੇ ਨਿਪਟਾਰੇ ਲਈ ਛੇ ਮਹੀਨੇ ਦੀ ਸਮਾਂ ਹੱਦ ਰੱਖੀ ਗਈ ਹੈ ਜਦਕਿ ਸਟੱਡੀ ਵੀਜ਼ਾ ਅਰਜ਼ੀਆਂ 60 ਦਿਨ ਦੇ ਅੰਦਰ ਨਿਪਟਾਈਆਂ ਜਾਣੀਆਂ ਲਾਜ਼ਮੀ ਹਨ। ਇਮੀਗ੍ਰੇਸ਼ਨ ਵਿਭਾਗ 80 ਫ਼ੀ ਸਦੀ ਅਰਜ਼ੀਆਂ ਦੀ ਨਿਪਟਾਰਾ ਤੈਅਸ਼ੁਦਾ ਸਮਾਂ ਹੱਦ ਦੇ ਅੰਦਰ ਕਰਨ ਦਾ ਟੀਚਾ ਲੈ ਕੇ ਚਲਦਾ ਹੈ। ਤਾਜ਼ਾ ਅੰਕੜੇ ਦਰਸਾਉਂਦੇ ਹਨ ਮਈ ਦੇ ਮੁਕਾਬਲੇ ਜੁਲਾਈ ਵਿਚ ਬੈਕਲਾਗ ਵਾਲੀਆਂ ਅਰਜ਼ੀਆਂ ਦੀ ਗਿਣਤੀ ਹੇਠਾਂ ਆਈ। ਮਿਸਾਲ ਵਜੋਂ ਮਈ ਵਿਚ ਪਰਮਾਨੈਂਟ ਰੈਜ਼ੀਡੈਂਸ ਦੀਆਂ 48 ਫ਼ੀ ਸਦੀ ਅਰਜ਼ੀਆਂ ਬੈਕਲਾਗ ਵਿਚ ਸਨ ਜਦਕਿ ਜੁਲਾਈ ਵਿਚ ਇਹ ਅੰਕੜਾ ਮਾਮੂਲੀ ਕਮੀ ਨਾਲ 46 ਫ਼ੀ ਸਦੀ 'ਤੇ ਆ ਗਿਆ। ਸਪਾਊਜ਼ ਵੀਜ਼ਾ, ਪਾਰਟਨਰਜ਼ ਅਤੇ ਬੱਚਿਆਂ ਦੀ ਪੀ.ਆਰ. ਦੇ ਮਾਮਲਿਆਂ ਵਿਚ ਜ਼ਿਆਦਾ ਕਮੀ ਆਈ ਅਤੇ ਬੈਕਲਾਗ ਵਿਚ 18 ਫ਼ੀ ਸਦੀ ਅਰਜ਼ੀਆਂ ਦਰਜ ਕੀਤੀਆਂ ਗਈਆਂ। ਸਿਟੀਜ਼ਨਸ਼ਿਪ ਦੀ ਸ਼੍ਰੇਣੀ ਵਿਚ ਮਈ ਦੇ ਮੁਕਾਬਲੇ ਜੁਲਾਈ ਦੌਰਾਨ ਬੈਕਲਾਗ ਵਾਲੀਆਂ ਅਰਜ਼ੀਆਂ 4 ਫ਼ੀ ਸਦੀ ਘਟੀਆਂ। ਟੈਂਪਰੇਰੀ ਰੈਜ਼ੀਡੈਂਸ ਵਾਲੀ ਸ਼੍ਰੇਣੀ ਵਿਚ ਸਭ ਤੋਂ ਜ਼ਿਆਦਾ 4 ਲੱਖ ਦੀ ਕਮੀ ਦਰਜ ਕੀਤੀ ਗਈ। ਮਈ ਵਿਚ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਵਿਜ਼ਟ ਵੀਜ਼ਾ ਵਾਸਤੇ ਆਈਆਂ 13 ਲੱਖ ਅਰਜ਼ੀਆਂ ਵਿਚਾ ਅਧੀਨ ਸਨ ਜਦਕਿ ਜੁਲਾਈ ਵਿਚ ਇਹ ਅੰਕੜਾ 9 ਲੱਖ ਰਹਿ ਗਿਆ। ਇੰਮੀਗ੍ਰੇਸ਼ਨ ਵਿਭਾਗ ਦੇ ਅੰਕੜੇ ਦਰਸਾਉਂਦੇ ਹਨ ਕਿ ਜੁਲਾਈ ਦੇ ਅੰਤ ਤੱਕ ਟੈਂਪਰੇਰੀ ਰੈਜ਼ੀਡੈਂਸ ਵੀਜ਼ਾ ਨਾਲ ਸਬੰਧਤ 47 ਫ਼ੀ ਸਦੀ ਅਰਜ਼ੀਆਂ ਦਾ ਸਮੇਂ ਸਿਰ ਨਿਪਟਾਰਾ ਨਾ ਕੀਤਾ ਜਾ ਸਕਿਆ।

ਸਟੱਡੀ ਵੀਜ਼ਾ ਦੇ ਮਾਮਲੇ ਵਿਚ ਹਾਲਾਤ ਬਿਹਤਰ ਰਹੇ ਜਿਥੇ ਸਿਰਫ 17 ਫ਼ੀ ਸਦੀ ਅਰਜ਼ੀਆਂ ਬੈਕਲਾਗ ਵਿਚ ਸਨ। ਵਰਕ ਪਰਮਿਟ ਅਰਜ਼ੀਆਂ ਦੇ ਮਾਮਲੇ ਵਿਚ ਬੈਕਲਾਗ 25 ਫ਼ੀ ਸਦੀ ਰਿਹਾ ਜੋ ਮਈ ਦੇ 27 ਫ਼ੀ ਸਦੀ ਅੰਕੜੇ ਤੋਂ ਘੱਟ ਬਣਦਾ ਹੈ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਦਾ ਕਹਿਣਾ ਹੈ ਕਿ ਬੈਕਲਾਗ ਘਟਾਉਣ ਲਈ ਕਈ ਉਪਾਅ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਪੀ.ਆਰ. ਦੀਆਂ ਕੁਝ ਅਰਜ਼ੀਆਂ ਆਨਲਾਈਨ ਦਾਖਲ ਕਰਵਾਈਆਂ ਜਾ ਰਹੀਆਂ ਹਨ। ਮਿਆਦ ਪੁੱਗਣ ਦੇ ਨੇੜੇ ਪੁੱਜੇ ਵਿਦਿਆਰਥੀਆਂ ਦੇ ਪੋਸਟਗ੍ਰੈਜੂਏਟ ਵਰਕ ਪਰਮਿਟ ਵਧਾਏ ਜਾ ਰਹੇ ਹਨ ਅਤੇ ਸੁਪਰ ਵੀਜ਼ਾ 'ਤੇ ਆਉਣ ਵਾਲੇ ਮਾਪਿਆਂ ਦੀ ਰਿਹਾਇਸ਼ ਦਾ ਸਮਾਂ ਦੋ ਸਾਲ ਵਧਾਇਆ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਵਿਜ਼ਟਰ ਵੀਜ਼ਾ ਦੀਆਂ ਅਰਜ਼ੀਆਂ 14 ਦਿਨ ਦੇ ਅੰਦਰ ਨਿਪਟਾਏ ਜਾਣ ਦਾ ਟੀਚਾ ਰੱਖਿਆ ਗਿਆ ਹੈ ਪਰ 47 ਫ਼ੀ ਸਦੀ ਅਰਜ਼ੀਆਂ ਦੀ ਸਮੇਂ ਸਿਰ ਪ੍ਰੋਸੈਸਿੰਗ ਨਹੀਂ ਹੋ ਰਹੀ।

# ਕੈਨੇਡਾ 'ਚ ਸਕੂਲ ਤੋਂ ਘਰ ਜਾ ਰਹੇ ਸਿੱਖ ਵਿਦਿਆਰਥੀ 'ਤੇ ਹਮਲਾ




ਕੈਲੋਨਾ: ਸਿਰਫ ਪੰਜ ਮਹੀਨੇ ਪਹਿਲਾਂ ਕੈਨੇਡਾ ਆਏ ਸਿੱਖ ਵਿਦਿਆਰਥੀ 'ਤੇ ਹਮਲਾ ਹੋਣ ਦਾ ਸੰਜੀਦਾ ਮਾਮਲਾ ਸਾਹਮਣੇ ਆਇਆ ਹੈ। 11ਵੀਂ ਵਿਚ ਪੜ੍ਹਦਾ ਸਿੱਖ ਵਿਦਿਆਰਥੀ ਸਕੂਲ ਤੋਂ ਘਰ ਜਾ ਰਿਹਾ ਸੀ ਜਦੋਂ ਬੀ.ਸੀ. ਟ?ਾਂਜ਼ਿਟ ਦੀ ਬੱਸ ਵਿਚ ਸਵਾਰ ਦੋ ਜਣਿਆਂ ਨੇ ਹਮਲਾ ਕੀਤਾ ਅਤੇ ਬੱਸ ਡਰਾਈਵਰ ਨੇ ਇਨ੍ਹਾਂ ਨੂੰ ਰੋਕਣਾ ਵਾਜਬ ਨਾ ਸਮਝਿਆ।


ਸਿੱਖ ਵਿਦਿਆਰਥੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ। ਕੈਲੋਨਾ ਆਰ.ਸੀ.ਐਮ.ਪੀ. ਦੇ ਅਫ਼ਸਰ ਮਾਈਕਲ ਗਾਉਥੀਅਰ ਨੇ ਦੱਸਿਆ ਕਿ ਮੌਕੇ 'ਤੇ ਮੌਜੂਦ ਲੋਕਾਂ ਦੀ ਮਦਦ ਨਾਲ ਅੱਲੜ੍ਹ ਉਮਰ ਦੇ ਸ਼ੱਕੀ ਦੀ ਪਛਾਣ ਹੋ ਚੁੱਕੀ ਹੈ। ਉਧਰ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਇਕ ਬਿਆਨ ਜਾਰੀ ਕਰਦਿਆਂ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਕਿਹਾ ਕਿ ਸਿੱਖ ਵਿਦਿਆਰਥੀ ਨੂੰ ਹੁਣ ਤੱਕ ਪਤਾ ਨਹੀਂ ਲੱਗ ਸਕਿਆ ਕਿ ਆਖਰਕਾਰ ਉਸ ਉਪਰ ਹਮਲਾ ਕਿਉਂ ਹੋਇਆ।

ਰਟਲੈਂਡ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਨਾਲ ਵਾਪਰੀ ਘਟਨਾ ਬਾਰੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਦੱਸਿਆ ਕਿ ਬੱਸ ਵਿਚ ਦੋ ਜਣਿਆਂ ਨੇ ਲਾਈਟਰ ਨਾਲ ਅੱਗ ਬਾਲ ਕੇ ਉਸ ਨੂੰ ਧਮਕਾਇਆ ਅਤੇ ਸਾਰੇ ਘਟਨਾਕ੍ਰਮ ਦੀ ਵੀਡੀਓ ਰਿਕਾਰਡਿੰਗ ਵੀ ਕਰਦੇ ਰਹੇ। ਸਿੱਖ ਵਿਦਿਆਰਥੀ ਨੇ ਦੋਹਾਂ ਤੋਂ ਪਾਸਾ ਵੱਟਣ ਦਾ ਯਤਨ ਕੀਤਾ ਤਾਂ ਬੱਸ ਦੇ ਡਰਾਈਵਰ ਸਾਹਮਣੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ। ਜਥੇਬੰਦੀ ਦੀ ਬੀ.ਸੀ. ਇਕਾਈ ਦੇ ਮੀਤ ਪ੍ਰਧਾਨ ਅਮਨ ਸਿੰਘ ਹੁੰਦਲ ਨੇ ਕਿਹਾ ਕਿ ਬੱਸ ਡਰਾਈਵਰ ਨੇ ਹਮਲਾਵਰਾਂ ਦੇ ਨਾਲ ਪੀੜਤ ਨੂੰ ਵੀ ਬੱਸ ਵਿਚੋਂ ਉਤਾਰ ਦਿਤਾ ਜਿਸ ਮਗਰੋਂ ਸਿੱਖ ਵਿਦਿਆਰਥੀ 'ਤੇ ਪੈਪਰ ਸਪ੍ਰੇਅ ਕੀਤਾ ਗਿਆ ਅਤੇ ਨੇੜੇ ਖੜ੍ਹੇ ਕੁਝ ਲੋਕਾਂ ਨੇ ਪੁਲਿਸ ਸੱਦ ਲਈ। ਅਮਨ ਸਿੰਘ ਹੁੰਦਲ ਨੇ ਸਵਾਲ ਉਠਾਇਆ ਕਿ ਬੀ.ਸੀ. ਟਰਾਂਜ਼ਿਟ ਦੇ ਡਰਾਈਵਰ ਨੇ ਹਮਲਾਵਰਾਂ ਦੇ ਨਾਲ-ਨਾਲ ਪੀੜਤ ਨੂੰ ਬੱਸ ਵਿਚੋਂ ਉਤਰਨ ਲਈ ਮਜਬੂਰ ਕਿਉਂ ਕੀਤਾ? ਡਰਾਈਵਰ ਨੇ ਸਿੱਖ ਵਿਦਿਆਰਥੀ ਨੂੰ ਇਕ ਚੌਰਾਹੇ 'ਤੇ ਇਕੱਲਾ ਛੱਡ ਦਿਤਾ ਜਿਥੇ ਉਸ ਨੂੰ ਮੁੜ ਨਿਸ਼ਾਨਾ ਬਣਾਇਆ ਗਿਆ। ਉਧਰ ਬੀ.ਸੀ. ਟਰਾਂਜ਼ਿਟ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਦਿਆਰਥੀ 'ਤੇ ਹਮਲੇ ਦਾ ਉਨ੍ਹਾਂ ਨੂੰ ਬੇਹੱਦ ਅਫ਼ਸੋਸ ਹੈ ਅਤੇ ਪੜਤਾਲ ਵਿਚ ਪੁਲਿਸ ਨੂੰ ਹਰ ਸੰਭਵ ਸਹਿਯੋਗ ਦਿਤਾ ਜਾ ਰਿਹਾ ਹੈ। ਅਮਨ ਸਿੰਘ ਹੁੰਦਲ ਵੱਲੋਂ ਲਾਏ ਦੋਸ਼ਾਂ ਬਾਰੇ ਬੀ.ਸੀ. ਟਰਾਂਜ਼ਿਟ ਨੇ ਕੋਈ ਟਿੱਪਣੀ ਨਹੀਂ ਕੀਤੀ ਅਤੇ ਪੜਤਾਲ ਚੱਲ ਰਹੀ ਹੋਣ ਕਾਰਨ ਇਸ ਮਾਮਲੇ ਬਾਰੇ ਹੋਰ ਕੁਝ ਵੀ ਕਹਿਣਾ ਸੰਭਵ ਨਹੀਂ। ਬੁਲਾਰੇ ਨੇ ਅੱਗੇ ਕਿਹਾ ਕਿ ਬੀ.ਸੀ. ਟਰਾਂਜ਼ਿਟ ਦੀਆਂ ਬੱਸਾਂ ਜਾਂ ਬੱਸ ਸਟੌਪ 'ਤੇ ਅਜਿਹੀਆਂ ਘਟਨਾਵਾਂ ਬਹੁਤ ਘੱਟ ਵੇਖਣ ਨੂੰ ਮਿਲਦੀਆਂ ਹਨ ਪਰ ਕੋਈ ਮਾਮਲਾ ਸਾਹਮਣੇ ਆਉਣ 'ਤੇ ਉਸ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ।

ਉਧਰ ਕੈਲੋਨਾ ਤੋਂ ਕੌਂਸਲਰ ਮੋਹਿਨੀ ਸਿੰਘ ਨੇ ਤਕਰੀਬਨ ਪੰਜ ਮਹੀਨੇ ਪਹਿਲਾਂ ਕੈਨੇਡਾ ਪੁੱਜੇ ਸਿੱਖ ਵਿਦਿਆਰਥੀ ਨੂੰ ਚੰਗੀ ਤਰ੍ਹਾਂ ਅੰਗਰੇਜ਼ੀ ਵੀ ਨਹੀਂ ਆਉਂਦੀ। ਅਜਿਹੇ ਵਿਚ ਉਹ ਕਿਸੇ ਨਾਲ ਵਾਧੂ ਗੱਲ ਨਹੀਂ ਕਰਦਾ। ਉਸ ਨੂੰ ਸਿਰਫ ਸਕੂਲ ਜਾਣਾ ਪਸੰਦ ਹੈ ਅਤੇ ਆਪਣੇ ਟੀਚਰਾਂ ਨਾਲ ਉਸ ਦਾ ਬਹੁਤ ਪਿਆਰ ਹੈ ਪਰ ਹਮਲੇ ਮਗਰੋਂ ਉਹ ਡੂੰਘੇ ਸਦਮੇ ਵਿਚ ਹੈ। ਮੋਹਿਨੀ ਸਿੰਘ ਨੇ ਸਿੱਖ ਵਿਦਿਆਰਥੀ ਦੇ ਘਰ ਜਾ ਕੇ ਉਸ ਨਾਲ ਮੁਲਾਕਾਤ ਕੀਤੀ।

ਇਥੇ ਦਸਣਾ ਬਣਦਾ ਹੈ ਕਿ ਬੀਤੇ ਮਾਰਚ ਮਹੀਨੇ ਦੌਰਾਨ ਬੀ.ਸੀ. ਟਰਾਂਜ਼ਿਟ ਦੀ ਬੱਸ ਵਿਚੋਂ ਉਤਰੇ ਗਗਨਦੀਪ ਸਿੰਘ ਨੂੰ ਕੈਲੋਨਾ ਵਿਖੇ ਹੀ ਨਿਸ਼ਾਨਾ ਬਣਾਇਆ ਗਿਆ ਸੀ। ਗਗਨਦੀਪ ਸਿੰਘ ਉਤੇ ਕਈ ਜਣਿਆਂ ਨੇ ਹਮਲਾ ਕਰਦਿਆਂ ਉਸ ਦੀ ਪੱਗ ਮਿੱਟੀ ਵਿਚ ਰੋਲ ਦਿਤੀ ਅਤੇ ਕੇਸਾਂ ਤੋਂ ਫੜ ਕੇ ਘੜੀਸਿਆ ਜਦੋਂ ਉਹ ਗਰੌਸਰੀ ਸਟੋਰ ਤੋਂ ਘਰ ਪਰਤ ਰਿਹਾ ਸੀ। ਕੈਲੋਨਾ ਦੇ ਵਕੀਲ ਬਲ ਗਰੇਵਾਲ ਨੇ ਉਸ ਵੇਲੇ ਕਿਹਾ ਸੀ ਕਿ ਗਗਨਦੀਪ ਸਿੰਘ ਦੀ ਪੱਗ ਅਤੇ ਦਾੜ੍ਹੀ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ। ਇਥੋਂ ਤੱਕ ਕਿ ਭੀੜ ਗਗਨਦੀਪ ਦੀ ਪੱਗ ਆਪਣੇ ਨਾਲ ਲੈ ਗਈ ਜੋ ਹੁਣ ਤੱਕ ਨਹੀਂ ਮਿਲ ਸਕੀ।

# ਮੋਦੀ ਦੇ ਨਕਸ਼ੇ-ਕਦਮ 'ਤੇ ਰਿਸ਼ੀ ਸੁਨਕ




ਨਵੀਂ ਦਿੱਲੀ : ਅਜਿਹਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਖੀਰ ਭਾਰਤ ਵਿਚ ਨਹੀਂ ਤਾਂ ਇੰਗਲੈਂਡ ਵਿਚ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲਣ ਵਾਲਾ ਮਿਲ ਗਿਆ ਹੈ। ਅਨੁਮਾਨ ਲਾਓ ਉਹ ਕੌਣ ਹੈ! ਇਹ ਕੋਈ ਹੋਰ ਨਹੀਂ ਸਗੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਹਨ, ਜਿਨ੍ਹਾਂ ਨੂੰ ਹਿੰਦੂ ਧਰਮ ਦੀ ਪਾਲਣਾ ਕਰਨ 'ਤੇ ਮਾਣ ਹੈ, ਉਹ ਆਪਣੇ ਸੁਰੱਖਿਆ ਘੇਰੇ ਨੂੰ ਛੱਡ ਕੇ ਸਾਧਾਰਨ ਪੌਸ਼ਾਕ ਵਿਚ ਨੰਗੇ ਪੈਰ ਮੰਦਰਾਂ ਵਿਚ ਜਾਂਦੇ ਹਨ ਅਤੇ ਇਹ ਕਹਿ ਕੇ ਭਾਰਤੀ ਵਿਰਾਸਤ ਦਾ ਦਾਅਵਾ ਕਰਦੇ ਹਨ ਕਿ ਉਹ ਭਾਰਤ ਦੇ ਜਵਾਈ ਹਨ।

ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ 2015 ਵਿਚ ਬ੍ਰਿਟਿਸ਼ ਸੰਸਦ ਮੈਂਬਰ ਦੇ ਰੂਪ ਵਿਚ ਭਗਵਦ ਗੀਤਾ ਦੇ ਨਾਂ 'ਤੇ ਸਹੁੰ ਚੁੱਕੀ ਸੀ ਅਤੇ ਉਨ੍ਹਾਂ ਦੇ ਹਿੰਦੂ ਹੋਣ ਨੂੰ ਲੈ ਕੇ ਇੰਗਲੈਂਡ ਵਿਚ ਕੋਈ ਵਿਵਾਦ ਨਹੀਂ ਹੈ। ਜੀ-20 ਸਿਖਰ ਸੰਮੇਲਨ ਦੌਰਾਨ ਵਿਸ਼ਵ ਨੇਤਾਵਾਂ ਦੀ ਭੀੜ ਦਰਮਿਆਨ ਬ੍ਰਿਟਿਸ਼ ਪ੍ਰਧਾਨ ਮੰਤਰੀ ਆਪਣੇ ਪਦਚਿੰਨ੍ਹਾਂ ਨੂੰ ਪਿੱਛੇ ਛੱਡਣ ਦੇ ਮਾਮਲੇ ਵਿਚ ਉਨ੍ਹਾਂ ਸਾਰਿਆਂ ਤੋਂ ਕਿਤੇ ਅੱਗੇ ਸਨ। ਜੇਕਰ ਮੋਦੀ ਨੇ ਪ੍ਰਧਾਨ ਮੰਤਰੀ ਦੇ ਰੂਪ ਵਿਚ ਪਹਿਲੀ ਵਾਰ ਬ੍ਰਿਟੇਨ ਦਾ ਦੌਰਾ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਤਾਂ ਉਨ੍ਹਾਂ ਦੇ ਹਮਅਹੁਦਾ ਸੁਨਕ ਨੇ ਵੀ ਪ੍ਰਸ਼ੰਸਾ ਹਾਸਲ ਕੀਤੀ ਅਤੇ ਆਪਣੀ ਵਿਰਾਸਤ ਨੂੰ ਪਿੱਛੇ ਛੱਡ ਦਿੱਤਾ। ਸੋਸ਼ਲ ਮੀਡੀਆ 'ਤੇ ਇਕ ਨਜ਼ਰ ਮਾਰਨ ਨਾਲ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਕਿੰਨੀ ਵੱਡੀ ਪਛਾਣ ਬਣਾਈ ਹੈ। ਹਾਲਾਂਕਿ ਉਨ੍ਹਾਂ ਕਿਸੇ ਸਭਾ ਜਾਂ ਸੈਮੀਨਾਰ ਨੂੰ ਸੰਬੋਧਨ ਨਹੀਂ ਕੀਤਾ ਪਰ ਆਪਣੇ ਪ੍ਰਵਾਸ ਦੌਰਾਨ ਉਹ ਦਿੱਲੀ ਵਿਚ ਵੱਖ-ਵੱਖ ਥਾਵਾਂ 'ਤੇ ਲੋਕਾਂ ਨੂੰ ਮਿਲੇ। ਸੁਨਕ ਅਤੇ ਉਨ੍ਹਾਂ ਦੀ ਪਤਨੀ ਦੀ ਸਾਦਗੀ ਅਦਭੁੱਤ ਸੀ। ਸੁਨਕ ਨੇ ਭਾਰਤ ਵਿਚ ਲੱਖਾਂ ਵਾਤਾਵਰਣ ਮਾਹਰਾਂ ਦਾ ਦਿਲ ਜਿੱਤ ਲਿਆ ਜਦੋਂ ਉਨ੍ਹਾਂ ਜਲਵਾਯੂ ਫੰਡ ਲਈ 2 ਅਰਬ ਡਾਲਰ ਦੀ ਸਭ ਤੋਂ ਵੱਡੀ ਰਾਸ਼ੀ ਦਾ ਐਲਾਨ ਕੀਤਾ, ਜੋ ਭਾਰਤ ਅਤੇ ਅਮਰੀਕਾ ਦੀ ਵਚਨਬੱਧਤਾ ਨਾਲੋਂ ਵੀ ਵੱਧ ਸੀ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵਲੋਂ ਆਯੋਜਿਤ ਵਿਸ਼ਵ ਨੇਤਾਵਾਂ ਦੇ ਡਿਨਰ ਵਿਚ ਫੋਟੋ ਖਿੱਚਣ ਯੋਗ ਹੋਰ ਵੀ ਪਲ ਆਏ। ਮੀਂਹ ਨਾਲ ਭਿੱਜੀ ਸਵੇਰ ਲਾਲ ਛੱਤਰੀ ਦੇ ਹੇਠਾਂ ਅਤੇ ਨੰਗੇ ਪੈਰ ਪੂਰਬੀ ਦਿੱਲੀ ਦੇ ਅਕਸ਼ਰਧਾਮ ਮੰਦਰ ਵਿਚ ਉਨ੍ਹਾਂ ਦੀ ਯਾਤਰਾ ਨੇ ਦਿਲ ਜਿੱਤ ਲਿਆ ਅਤੇ ਨਾਲ ਆਰਤੀ ਕਰਨਾ ਉਹ ਸਭ ਸੀ, ਜਿਸ ਨੂੰ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਜਾਣੇ ਜਾਂਦੇ ਹਨ। ਇਸ ਜੋੜੇ ਨੇ 'ਯੂ. ਕੇ. ਵਿਚ ਇਕ ਮਹਾਨ ਦਰਮਿਆਨੇ ਵਰਗ ਦੀ ਸਫਲਤਾ ਦੀ ਕਹਾਣੀ' ਦੀ ਨੁਮਾਇੰਦਗੀ ਕੀਤੀ ਅਤੇ ਸੁਨਕ ਉਸ ਦੇਸ਼ ਦਾ ਦੌਰਾ ਕਰਨ ਵਾਲੇ ਭਾਰਤੀ ਵਿਰਾਸਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ, ਜੋ ਇਕ ਸਾਬਕਾ ਬ੍ਰਿਟਿਸ਼ ਉਪਨਿਵੇਸ਼ ਸੀ। ਸੁਨਕ ਨਾਲ ਦੋ-ਪੱਖੀ ਮੁਲਾਕਾਤ ਦੌਰਾਨ ਮੋਦੀ ਵਪਾਰ ਸਮਝੌਤਾ ਕਰਨਾ ਚਾਹੁੰਦੇ ਸਨ ਪਰ ਇਹ ਹੁਣ ਬਾਅਦ ਵਿਚ ਹੋ ਸਕਦਾ ਹੈ।

# ਜਟਾਣਾ ਦਾ ਨੌਜਵਾਨ ਆਸਟਰੇਲੀਆ 'ਚ ਜਸਟਿਸ ਆਫ ਪੀਸ ਬਣਿਆ

ਚਮਕੌਰ ਸਾਹਿਬ : ਪਿੰਡ ਜਟਾਣਾ ਵਾਸੀ ਮਨਮੋਹਨ ਸਿੰਘ ਦਾ ਪੁੱਤਰ ਗੁਰਜਿੰਦਰਪਾਲ ਸਿੰਘ ਗਿਰਨ ਆਸਟਰੇਲੀਆ ਵਿੱਚ ਜਸਟਿਸ ਆਫ ਪੀਸ ਬਣ ਗਿਆ ਹੈ। ਇਸ ਸਬੰਧੀ ਆਸਟਰੇਲੀਆ ਤੋਂ ਤੇਜੀ ਜਟਾਣਾ ਨੇ ਦੱਸਿਆ ਕਿ ਗੁਰਜਿੰਦਰਪਾਲ ਸਿੰਘ ਆਸਟਰੇਲੀਆ ਦੇ ਰਾਜ ਨਿਊ ਸਾਊਥ ਵੇਲਜ਼ ਦਾ ਜਸਟਿਸ ਆਫ ਪੀਸ ਬਣ ਗਿਆ ਹੈ ਜਿਸ ਦੀ ਤਾਇਨਾਤੀ ਡਿਪਾਰਟਮੈਂਟ ਆਫ ਕਮਿਊਨਿਟੀ ਐਂਡ ਜਸਟਿਸ ਵਿਭਾਗ ਵਿਚ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਾਲੀ ਨੇ ਸਖ਼ਤ ਮਿਹਨਤ ਤੇ ਉੱਚ ਵਿਦਿਆ ਹਾਸਲ ਕਰ ਕੇ ਇਹ ਮਾਅਰਕਾ ਮਾਰਿਆ ਹੈ। ਪਿੰਡ ਦੇ ਸਰਪੰਚ ਦਿਆਲ ਸਿੰਘ ਤੇ ਹੋਰਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ।



# ਯਾਦਗਾਰੀ 16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਯੂਨੀਅਨ ਸਿਟੀ ਕੈਲੀਫੋਰਨੀਆ

## ਗਾਖਲ ਭਰਾਵਾਂ ਵਲੋਂ 16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਸਹੋਤਾ ਬ੍ਰਦਰਜ਼ ਵਲੋਂ ਵਧਾਈਆਂ











## 16ਵਾਂ ਕਬੱਡੀ ਕੱਪ ਯਾਦਗਾਰੀ ਕਬੱਡੀ ਕੱਪ ਹੋ ਨਿਬੜਿਆ ਹਜ਼ਾਰਾਂ ਲੋਕਾਂ ਨੇ ਅਨੰਦ ਮਾਣਿਆ


ਕਬੱਡੀ ਜਗਤ ਦੇ ਦੁਨੀਆ ਦੇ ਨਾਮਵਾਰ ਖਿਡਾਰੀ ਪਹੁੰਚੇ ਜਿਸ ਵਿੱਚ ਇੰਡੀਆ, ਕੈਨੇਡਾ ਇੰਗਲੈਂਡ ਅਤੇ ਸਮੂਹ ਅਮਰੀਕਾ ਦੇ ਖਿਡਾਰੀਆਂ ਨੇ ਜੌਹਰ ਦਿਖਾਏ ਜਦ ਖਿਡਾਰੀ ਦਮ ਭਰਦੇ ਲੋਕ ਆਪ ਮੁਹਾਰੇ ਲਲਕਾਰੇ ਮਾਰਨ ਲੱਗ ਪੈਂਦੇ। ਮੈਦਾਨ ਦੇ ਅੰਦਰ ਖਿਡਾਰੀਆਂ ਦੀਆਂ ਚੱਟਾਨਾਂ ਵਰਗੀਆਂ ਛਾਤੀਆਂ ਭਿੜਦੀਆਂ ਬਾਹਰ ਦਰਸ਼ਕਾਂ ਦੇ ਡੌਲੇ ਫਰਕਨ ਲਗਦੇ। ਨੋਟਾਂ ਦਾ ਮੀਂਹ ਵਰਦਾ ਕਬੱਡੀ ਦੀ ਕੁਮੈਂਟਰੀ ਦੇ ਸਿਤਾਰਿਆਂ ਦੇ ਲਫਜ਼ ਮੁੱਕ ਜਾਂਦੇ। ਬਸ ਕਬੱਡੀ-ਕਬੱਡੀ-ਕਬੱਡੀ-ਕਬੱਡੀ- ਕਬੱਡੀ-ਕਬੱਡੀ- ਕਬੱਡੀ -ਕਬੱਡੀ -ਔ ਗਿਆ ਔ ਗਿਆ ਔ ਗਿਆ ਔ ਗਿਆ। ਬੱਲੇ ਸ਼ੇਰਾ ਬੱਲੇ ਸ਼ੇਰਾ ਵਾਹ ਵਾਹ ਵਾਹ ਵਾਹ ਜਵਾਨਾ ਵਾਹ ਜਵਾਨਾ ਕਹਿਣ ਲੱਗਦੇ। ਅਸਮਾਨ ਵਿੱਚ ਚਿੱਟੇ ਰੰਗ ਦੇ ਡਾਰਾਂ ਵਿੱਚ ਉਡਦੇ ਪੰਛੀ ਦਿਲ ਖਿਚਵੇਂ ਗੁਬਾਰਿਆਂ ਦਾ ਭੁਲੇਖਾ ਪਾਉਂਦੇ। ਇਸ ਕਬੱਡੀ ਕੱਪ ਨੇ ਜਿਥੇ ਦਰਸ਼ਕਾਂ ਦੀ ਵੱਡੀ ਹਾਜ਼ਰੀ ਦਾ ਇਤਹਾਰ ਸਿਰਜਿਆ, ਉਥੇ ਚਿਰਾਂ ਤੱਕ ਯਾਦ ਰਹਿਣ ਵਾਲਾ ਹੋ ਨਿਬੜਿਆ। ਇਸ ਕਬੱਡੀ ਕੱਪ ਨੂੰ ਯਾਦਗਾਰੀ ਬਣਾਉਣ ਲਈ ਸਹੋਤਾ ਭਰਾਵਾਂ ਨੇ ਸਭ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।



### ਕਮਿਉਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਪੰਜਾਬੀ ਸਭਿਆਚਾਰ ਖੇਡਾਂ ਨੂੰ ਪ੍ਰਮੋਟ ਅਤੇ ਸਪ੍ਰੋਟ ਕਰਨ ਵਾਲੇ ਖਾਲਸਾ ਪੰਥ ਦੇ ਸਿਪਾਹੀ

ਜਾਰੀ ਕਰਤਾ

**ਸ: ਜੁਗਰਾਜ ਸਿੰਘ ਸਹੋਤਾ ਅਤੇ ਸ: ਨਰਿੰਦਰ ਸਿੰਘ ਸਹੋਤਾ**



# ਗਾਖਲ ਭਰਾਵਾਂ ਵਲੋਂ ਕਰਵਾਇਆ 16ਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ



















ਯੂਨੀਅਨ ਸਿਟੀ : ਸ੍. ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਯੂਨਾਈਟਡ ਸਪੋਰਟਸ ਕਲੱਬ ਅਤੇ ਗਾਖਲ ਗਰੁੱਪ ਵਲੋਂ ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਦੇ ਸਹਿਯੋਗ ਨਾਲ ਇੱਥੇ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਕਰਵਾਏ ਗਏ 16ਵੇਂ ਕਬੱਡੀ ਵਿਸ਼ਵ ਕੱਪ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਇਤਿਹਾਸ ਵਿਚ ਸੱਚੀਂ ਹੀ ਇਕ ਨਵਾਂ ਅਧਿਆਏ ਜੋੜ ਦਿੱਤਾ ਹੈ। ਕਬੱਡੀ ਕੱਪ ਦੇ ਮੁਕਾਬਲੇ ਭਾਈ ਇੰਦਰਜੀਤ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵਲੋਂ ਕੀਤੀ ਗਈ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸ਼ੁਰੂ ਹੋਏ। ਕਬੱਡੀ ਕੱਪ ਦਾ ਫਾਈਨਲ ਮੁਕਾਬਲਾ ਸੰਦੀਪ ਨੰਗਲ ਅੰਬੀਆਂ ਬੇ ਏਰੀਆ ਸਪੋਰਟਸ ਕਲੱਬ ਅਤੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦਰਮਿਆਨ ਐਨਾ ਸਖਤ ਸੀ ਕਿ ਦਰਸ਼ਕ ਅਨੁਮਾਨ ਹੀ ਨਹੀਂ ਲਗਾ ਸਕਦੇ ਸਨ ਕਿ ਕੌਣ ਜਿੱਤੇਗਾ ਤੇ ਕੌਣ ਹਾਰੇਗਾ। ਹਰ ਦਰਸ਼ਕ ਦੇ ਦਿਲ ਦੀ ਧੜਕਣ ਖਿਡਾਰੀਆਂ ਦੀ ਇਕ ਇਕ ਰੇਡ ਨਾਲ ਬੱਝੀ ਹੋਈ ਸੀ। 46.5 ਅੰਕਾਂ ਦੇ ਮੁਕਾਬਲੇ ਨੌਰਥ ਅਮੈਰਿਕਾ ਚੜ੍ਹਦਾ ਪੰਜਾਬ ਕਬੱਡੀ ਕਲੱਬ ਦੀ ਟੀਮ ਨੇ 47 ਅੰਕਾਂ ਨਾਲ ਵਿਸ਼ਵ ਕਬੱਡੀ ਕੱਪ ਉੱਤੇ ਆਪਣਾ ਕਬਜ਼ਾ ਕਰ ਲਿਆ। ਕਿੰਗਸ ਸਪੋਰਟਸ ਕਲੱਬ ਅਤੇ ਬਾਬਾ ਸੰਗ ਜੀ ਕਬੱਡੀ ਕਲੱਬ ਦੀਆਂ ਟੀਮਾਂ ਕ੍ਰਮਵਾਰ ਤੀਜੇ ਅਤੇ ਚੌਥੇ ਨੰਬਰ 'ਤੇ ਰਹੀਆਂ ਜਦਕਿ ਅੰਡਰ-21 ਮੁਕਾਬਲਿਆਂ ਵਿਚ ਵੈੱਸਟ ਕੋਸਟ ਸਪੋਰਟਸ ਕਲੱਬ ਫਰਿਜ਼ਨੋਂ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਫਰਿਜ਼ਨੋਂ ਦੀਆਂ ਟੀਮਾਂ ਨੂੰ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਮਿਲਿਆ। ਸੁਲਤਾਨ ਸੌਸਪੁਰ ਉੱਤਮ ਧਾਵੀ ਅਤੇ ਖੁਸ਼ੀ ਦੁੱਗਾਂ ਉੱਤਮ ਜਾਫ਼ੀ ਐਲਾਨੇ ਗਏ। ਗਾਖਲ ਭਰਾਵਾਂ ਸ੍. ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਦੀ ਖੇਡਾਂ ਦੇ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਧਾਰਮਿਕ ਸੇਵਾਵਾਂ ਦੀ ਸਮੁੱਚੇ ਅਮਰੀਕਾ 'ਚ ਹਮੇਸ਼ਾ ਵਡਿਆਈ ਕੀਤੀ ਜਾਂਦੀ ਰਹੀ ਹੈ। ਇਸ ਮੌਕੇ 'ਤੇ ਬੋਲਦਿਆਂ ਸ੍. ਅਮੋਲਕ ਸਿੰਘ ਗਾਖਲ ਨੇ ਅਗਲੇ ਸਾਲ ਦੇ ਕਬੱਡੀ ਕੱਪ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਸਾਰਾ ਖੇਡ ਮੇਲਾ ਸਪਾਂਸਰਾਂ ਅਤੇ ਸੰਗਤ ਦੇ ਸਹਿਯੋਗ ਨਾਲ ਸਫ਼ਲ ਹੋਇਆ ਹੈ, ਉਹ ਸਭ ਦੇ ਰਿਣੀ ਹਨ। ਉਹਨਾਂ ਸਹਿਯੋਗ ਲਈ ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਅਤੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸਾਰੀਆਂ ਖੇਡ ਕਲੱਬਾਂ ਅਤੇ ਖੇਡ ਪ੍ਰੇਮੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਉਹ ਆਖਰੀ ਸਾਹ ਤੱਕ ਮਾਂ ਖੇਡ ਕਬੱਡੀ ਨੂੰ ਸਮਰਪਿਤ ਰਹਿਣਗੇ। ਇਸ ਕਬੱਡੀ ਕੱਪ ਵਿਚ ਤਕਨੀਕੀ ਸੇਵਾਵਾਂ ਨਿਭਾਉਣ 'ਚ ਤੀਰਥ ਸਿੰਘ ਗਾਖਲ ਤੇ ਮੱਖਣ ਸਿੰਘ ਧਾਲੀਵਾਲ ਦਾ ਅਹਿਮ ਯੋਗਦਾਨ ਰਿਹਾ। ਸਿੱਖ ਭਾਈਚਾਰੇ ਦਾ ਮਾਣ ਅਤੇ ਅਮਰੀਕੀ ਰਾਜਨੀਤੀ 'ਚ ਸਰਗਰਮ ਮੈਨੀ ਗਰੇਵਾਲ ਇਸ ਖੇਡ ਮੇਲੇ 'ਚ ਆਪਣੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਉਚੇਚੇ ਤੌਰ 'ਤੇ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਪਹੁੰਚੇ।

ਇਹ 16ਵਾਂ ਵਿਸ਼ਵ ਕਬੱਡੀ ਕੱਪ ਜਿੱਥੇ ਸਵ. ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਸੀ ਉੱਥੇ ਗਾਖਲ ਭਰਾਵਾਂ ਨੇ ਆਪਣੇ ਪਿਤਾ ਨਸੀਬ ਸਿੰਘ ਗਾਖਲ ਜੋ ਆਪਣੇ ਵੇਲੇ ਦੇ ਨਾਮੀ ਭਲਵਾਨ ਰਹੇ ਹਨ ਤੇ ਕਬੱਡੀ ਦੇ ਨਾਮੀ ਖਿਡਾਰੀ ਰਹੇ ਮੱਖਣ ਸਿੰਘ ਬੈਂਸ ਦੇ ਮਰਹੂਮ ਪਿਤਾ ਸ੍. ਮੇਜਰ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ ਦੇ ਸਮਾਜ ਸੇਵੀ ਪਿਤਾ ਮਰਹੂਮ ਪੂਰਨ ਸਿੰਘ ਗਹੂੰਣੀਆਂ ਨੂੰ ਵੀ ਯਾਦ ਕੀਤਾ ਗਿਆ।

ਇਸ ਕੱਪ ਦਾ ਪਹਿਲਾ ਇਨਾਮ ਡਾਇਮੰਡ ਟਰੱਕਿੰਗ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਦਿੱਤਾ ਗਿਆ ਜਦੋਂ ਕਿ ਦੂਜਾ ਇਨਾਮ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵ. ਕਸ਼ਮੀਰ ਸਿੰਘ ਦੀ ਯਾਦ 'ਚ ਦਿੱਤਾ ਗਿਆ। ਤੀਜਾ ਇਨਾਮ ਬੋਪਾਰਾਏ ਭਰਾਵਾਂ ਜਸਵਿੰਦਰ ਸਿੰਘ ਬੋਪਾਰਾਏ, ਦਲਵੀਰ ਸਿੰਘ ਬੋਪਾਰਾਏ, ਮਾਈਕ ਬੋਪਾਰਾਏ, ਗੁਰਦੇਵ ਬੋਪਾਰਾਏ ਅਤੇ ਬਲਜੀਤ ਬਾਸੀ ਵਲੋਂ ਸੀ। ਚੌਥਾ ਇਨਾਮ ਮਰਹੂਮ ਮਹਿੰਗਾ ਸਿੰਘ ਸਰਾਏ ਦੇ ਪਰਿਵਾਰ ਵਲੋਂ ਦਿੱਤਾ ਗਿਆ। ਇਸ ਖੇਡ ਮੇਲੇ 'ਚ ਪੰਜਾਬ ਟਾਈਮਜ਼ ਯੂ.ਐੱਸ.ਏ ਦੇ ਮਰਹੂਮ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਕਬੱਡੀ ਖਿਡਾਰੀ ਸਵ. ਹਾਸੂਸ ਚਾਵੇਜ਼ ਦੇ ਪਰਿਵਾਰਾਂ ਨੂੰ ਉਚੇਚੇ ਤੌਰ 'ਤੇ ਸਨਮਾਨ ਦਿੱਤਾ ਗਿਆ। ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਸਰਵਣ ਸਿੰਘ ਬੱਲ ਅਤੇ ਦੁੱਲਾ ਸੁਰਖਪੁਰ ਨੂੰ ਗੋਲਡ ਮੈਡਲ ਜਦਕਿ ਜੌਹਨ ਗਿੱਲ, ਬਲਜੀਤ ਸੰਧੂ, ਤੀਰਥ ਗਾਖਲ, ਵਿੱਕੀ ਸੰਮੀਪੁਰ, ਤਾਰੀ ਡੱਬ ਅਤੇ ਮੇਜਰ ਗਾਖਲ ਨੂੰ ਵਿਸ਼ੇਸ਼ ਸਨਮਾਨ ਦਿੱਤੇ ਗਏ।

ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਤੋਂ ਸਿਵਾ ਦੇਬੀ ਸੋਹਲ, ਇੰਦਰਜੀਤ ਥਿੰਦ, ਗੁਰਪ੍ਰੀਤ ਸਿੰਘ ਗੋਪੀ ਗਾਖਲ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਹਰਜਿੰਦਰ ਸਿੰਘ ਲਿੱਧੜ, ਅਮਰਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ ਤੇ ਧੰਨਾ ਸਿੰਘ ਕੋਚ ਨੇ ਆਪੋ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ।

'ਫੈਸਲਾ' ਫੇਮ ਫੋਕ ਗਾਇਕ ਬੁੱਕਣ ਜੱਟ ਨੇ ਆਪਣੇ ਗੀਤਾਂ ਨਾਲ ਖੇਡ ਮੈਦਾਨ 'ਚ ਪ੍ਰਬੰਧਕਾਂ ਨੂੰ ਵੀ ਨੱਚਣ ਲਾ ਦਿੱਤਾ। ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਸਟਾਕਟਨ, ਸੈਨਹੋਜ਼ੇ ਅਤੇ ਫਰੀਮਾਂਟ ਵਲੋਂ ਹਜ਼ਾਰਾਂ ਦਰਸ਼ਕਾਂ ਲਈ ਲੰਗਰ ਦੀ ਸੇਵਾ ਕੀਤੀ ਗਈ। ਇਸ ਕਬੱਡੀ ਕੱਪ 'ਚ ਉੱਤਰੀ ਅਮਰੀਕਾ ਤੋਂ ਹੀ ਨਹੀਂ ਸਗੋਂ ਭਾਰਤ ਸਮੇਤ ਯੂਰੋਪ ਤੋਂ ਵੀ ਕਬੱਡੀ ਪ੍ਰੇਮੀ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਕਲੱਬ ਦੇ ਚੇਅਰਮੈਨ ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਸਾਧੂ ਸਿੰਘ ਖਲੌਰ, ਨੱਥਾ ਸਿੰਘ ਗਾਖਲ ਦੀਆਂ ਇਸ ਕਬੱਡੀ ਕੱਪ ਲਈ ਸੇਵਾਵਾਂ ਸਲਾਹੁਣਯੋਗ ਸਨ। ਮੰਚ ਸੰਚਾਲਨ ਐੱਸ.ਅਸ਼ੋਕ ਭੌਰਾ ਤੇ ਆਸ਼ਾ ਸ਼ਰਮਾ ਨੇ ਕੀਤਾ। ਦਰਸ਼ਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਿਤ ਹੁੰਦਿਆਂ ਸ੍. ਅਮੋਲਕ ਸਿੰਘ ਗਾਖਲ ਨੇ ਵਾਅਦਾ ਕੀਤਾ ਕਿ ਉਹ ਮਾਂ ਖੇਡ ਕਬੱਡੀ ਲਈ ਆਪਣੇ ਪਿਤਾ ਸ੍. ਨਸੀਬ ਸਿੰਘ ਗਾਖਲ ਦੀਆਂ ਪਾਈਆਂ ਪੈੜਾਂ 'ਤੇ ਇਉਂ ਹੀ ਸਾਰੀ ਉਮਰ ਚੱਲਦੇ ਨਵਾਂ ਇਤਿਹਾਸ ਸਿਰਜਣ ਦਾ ਯਤਨ ਕਰਦੇ ਰਹਿਣਗੇ। ਇਹ ਖੇਡ ਮੇਲਾ ਮਰਹੂਮ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦੀ ਯਾਦ ਨੂੰ ਸਮਰਪਿਤ ਸੀ ਅਤੇ ਇਸ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਉਸਦੀ ਧਰਮ ਪਤਨੀ ਰੁਪਿੰਦਰ ਕੌਰ ਸੰਧੂ ਤੇ ਦੋਵੇਂ ਛੋਟੇ ਛੋਟੇ ਸਪੁੱਤਰਾਂ ਦਾ ਕਲੱਬ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।









# ਗਾਖਲ ਭਰਾਵਾਂ ਵਲੋਂ ਕਰਵਾਇਆ 16ਵਾਂ ਅੰਤਰਰਾਸ਼ਟਰੀ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ












**ਓਪਨ ਕਬੱਡੀ**

1. ਚੜ੍ਹਦਾ ਪੰਜਾਬ ਨਾਰਥ ਅਮਰੀਕਾ ਸਪੋਰਟਸ ਕਲੱਬ ਹਰਖੋਵਾਲ : 43
2. ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ : 35
3. ਸ਼ਹੀਦ ਸੰਦੀਪ ਨੰਗਲ ਅੰਬੀਆਂ ਬੇ-ਏਰੀਆ : 48
4. ਬਾਬਾ ਸੰਗ ਜੀ ਸਪੋਰਟਸ ਕਲੱਬ ਮਿਡਵੈਸਟ ਅਮਰੀਕਾ : 33

**ਸੈਮੀ ਫਾਈਨਲ ਓਪਨ**

1. ਚੜ੍ਹਦਾ ਪੰਜਾਬ ਨਾਰਥ ਅਮਰੀਕਾ ਸਪੋਰਟਸ ਕਲੱਬ ਹਰਖੋਵਾਲ : 45
2. ਬਾਬਾ ਸੰਗ ਜੀ ਮਿਡਵੈਸਟ : 31
3. ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ : 30
4. ਸ਼ਹੀਦ ਸੰਦੀਪ ਨੰਗਲ ਅੰਬੀਆਂ ਬੇ-ਏਰੀਆ : 40

**ਤੀਜਾ ਸਥਾਨ ਓਪਨ**

ਬਾਬਾ ਸੰਗ ਜੀ ਮਿਡਵੈਸਟ

ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ

**ਤੀਜਾ ਸਥਾਨ**

1. ਮਨਜਿੰਦਰ ਸਿੰਘ ਸਪੋਰਟਸ ਕਲੱਬ ਮਨਟੀਕਾ : 29
2. ਕਿੰਗ ਸਪੋਰਟਸ ਕਲੱਬ ਸੈਕਰਾਮੈਂਟੋ : 32

**ਫਾਈਨਲ ਯੂ-21**

1. ਸ਼ਹੀਦ ਭਗਤ ਸਿੰਘ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਫਰਿਜ਼ਨੋ : 28
2. ਵੈਸਟ ਕੋਸਟ ਅਕੈਡਮੀ ਫਰਿਜ਼ਨੋ : 36

**ਫਾਈਨਲ ਓਪਨ**

1. ਚੜ੍ਹਦਾ ਪੰਜਾਬ ਨਾਰਥ ਅਮਰੀਕਾ ਸਪੋਰਟਸ ਕਲੱਬ ਹਰਖੋਵਾਲ : 24+23=47
2. ਸ਼ਹੀਦ ਸੰਦੀਪ ਨੰਗਲ ਅੰਬੀਆਂ ਬੇ-ਏਰੀਆ : 22+24=46










ਜੱਗ ਤੇ ਚੜ੍ਹਾਈ ਹੋਵੇ ਤੇ ਸਭ ਨੂੰ ਵਧਾਈ ਹੋਵੇ
ਖੁਸ਼ੀਆ ਤੇ ਖੇੜੇ ਹਰ ਇੱਕ ਦਾ ਖੁਆਬ ਹੋਵੇ
ਤੇ ਆਪਣਾ ਪੰਜਾਬ ਹੋਵੇ ਆਪਣਾ ਪੰਜਾਬ

# World ਕਬੱਡੀ ਕੱਪ ਯੂਨੀਅਨ ਸਿਟੀ ਕੈਲੀਫੋਰਨੀਆ





ਯੂਨੀਅਨ ਸਿਟੀ/ਕੈਲੀਫੋਰਨੀਆ ਵਿਖੇ ਹੋਏ ਮਿਆਰੀ ਅਤੇ ਯਾਦਗਾਰੀ World ਕਬੱਡੀ ਕੱਪ ਦੀ ਆਪਣਾ ਪੰਜਾਬ ਸਪ੍ਰੋਟਸ ਕਲੱਬ ਵਲੋਂ ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।



## ਆਪਣਾ ਪੰਜਾਬ ਸਪੋਰਟ ਕਲੱਬ

ਸ੍ਰ. ਕਸ਼ਮੀਰ ਸਿੰਘ ਧੁੱਗਾ, ਸ੍ਰ. ਅਵਤਾਰ ਸਿੰਘ ਤਾਰੀ, ਸ੍ਰ. ਕਮਲਜੀਤ ਸਿੰਘ ਅਟਵਾਲ, ਸ੍ਰ. ਮਨਜੀਤ ਸਿੰਘ ਵਿਰਕ, ਸ੍ਰ. ਜਤਿੰਦਰ ਸਿੰਘ ਤੱਖਰ, ਸ੍ਰ. ਜਸਵੰਤ ਸਿੰਘ ਸਰਾਂ, ਸ੍ਰ. ਬਿਕਰਮਜੀਤ ਸਿੰਘ, ਸ੍ਰ. ਰਣਬੀਰ ਸਿੰਘ ਘੋਲੀਆ, ਸ੍ਰ. ਦਰਸ਼ਨ ਸਿੰਘ ਐਂਜਲਾ, ਸ੍ਰ. ਮਨਜੀਤ ਸਿੰਘ ਗਿੱਲ, ਸ੍ਰ. ਮਹਿੰਗਾ ਸਿੰਘ ਸਰਪੰਚ, ਸ੍ਰ. ਮਲਕੀਤ ਸਿੰਘ ਸੇਖੋਂ, ਸ੍ਰ. ਕਵੀਰਾਜ ਧੁੱਗਾ

# ਕਬੱਡੀ ਸਾਡੀ ਅਣਮੋਲ ਵਿਰਾਸਤ

## ਇਸੇ ਤਰ੍ਹਾਂ ਇੱਕਜੁਟਤਾ ਤੇ ਪਿਆਰ ਨਾਲ ਕਬੱਡੀਆਂ ਹੋਣੀਆਂ ਚਾਹੀਦੀਆਂ : ਸ: ਕਸ਼ਮੀਰ ਸਿੰਘ ਧੁੱਗਾ







ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਹੋਏ ਮਿਆਰੀ ਕਬੱਡੀ ਕੱਪ ਇੱਕ ਯਾਦਗਾਰੀ ਸਮਾਪਤੀ ਦੇ ਨਿਬੜਿਆ। ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਸ: ਕਸ਼ਮੀਰ ਸਿੰਘ ਧੁੱਗਾ ਵਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਮਿਉਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ। ਖੇਡਾਂ ਨੂੰ ਪ੍ਰਮੋਟ ਅਤੇ ਸਪ੍ਰੋਟ ਕਰਨ ਵਾਲੇ ਹਾਕੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਅਤੇ ਕਾਸ਼ ਫੈਬਰਿਕ ਦੇ ਮਾਲਕ ਸ੍ਰ. ਕਸ਼ਮੀਰ ਸਿੰਘ ਧੁੱਗਾ ਨੇ ਕਿਹਾ ਕਿ ਯੂਨੀਅਨ ਸਿਟੀ ਕੈਲੀਫੋਰਨੀਆ 16ਵੇਂ World Kabaddi Cup Union City California ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਅਤੇ ਬੇਮਿਸਾਲ ਕਾਮਯਾਬੀ ਉਪਰ ਪ੍ਰਬੰਧਕਾਂ ਨੂੰ ਲੱਖ-ਲੱਖ ਵਧਾਈ ਦਿੱਤੀ।


**ਕਮਿਉਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪ੍ਰੋਟ ਕਰਨ ਵਾਲੇ, ਹਾਕੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਅਤੇ ਕਾਸ਼ ਫੈਬਰਿਕ ਦੇ ਮਾਲਕ**

**ਸ: ਕਸ਼ਮੀਰ ਸਿੰਘ ਧੁੱਗਾ**

**ਸ: ਕਵੀਰਾਜ ਸਿੰਘ ਧੁੱਗਾ**



# ਯਾਦਗਾਰੀ 16ਵਾਂ ਅੰਤਰਰਾਸ਼ਟਰੀ ਕਬੱਡੀ ਕੱਪ







ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਹੋਏ ਮਿਆਰੀ ਕਬੱਡੀ ਕੱਪ ਇੱਕ ਯਾਦਗਾਰੀ ਸਮਾਪਤੀ ਦੇ ਨਿਬੜਿਆ ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਨਿੱਝਰ ਭਰਾਵਾਂ ਵਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਨਿੱਝਰ ਭਰਾਵਾਂ ਭਾਗ ਸਿੰਘਪੁਰਾ ਵਾਲਿਆਂ ਨੇ ਕਿਹਾ ਕਿ ਯੂਨੀਅਨ ਸਿਟੀ ਕੈਲੀਫੋਰਨੀਆ 16ਵੇਂ World Kabaddi Cup Union City California ਨੂੰ ਬੁਲੰਦੀਆਂ ਉਪਰ ਪਹੁੰਚਾਉਣ ਲਈ ਅਤੇ ਬੇਮਿਸਾਲ ਕਾਮਯਾਬੀ ਉਪਰ ਪ੍ਰਬੰਧਕਾਂ ਨੂੰ ਲੱਖ ਲੱਖ ਵਧਾਈ ਦਿੱਤੀ।

ਕਬੱਡੀ ਟੂਰਨਾਮੈਂਟ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਸ. ਸੁਰਿੰਦਰ ਸਿੰਘ ਨਿੱਝਰ ਅਤੇ ਸ. ਅੰਮ੍ਰਿਤਪਾਲ ਸਿੰਘ ਨਿੱਝਰ ਨੇ ਕਿਹਾ ਇਸੇ ਤਰ੍ਹਾਂ ਹੀ ਇੱਕਜੁਟਤਾ ਤੇ ਪਿਆਰ ਨਾਲ ਕਬੱਡੀਆਂ ਹੋਣੀਆਂ ਚਾਹੀਦੀਆਂ ਹਨ। ਇਸ ਖੇਡ ਕਬੱਡੀ ਨੂੰ ਬੁਲੰਦੀਆਂ ਉਪਰ ਪਹੁੰਚਾਉਣ ਲਈ ਅਤੇ ਬੇਮਿਸਾਲ ਕਾਮਯਾਬੀ ਹੀ ਕਮਿਊਨਟੀ ਦੀ ਕਾਮਯਾਬੀ ਹੈ।

ਧੰਨਵਾਦ ਸਹਿਤ ਫੋਟੋ : ਰਾਮਾ ਵੀਡੀਓ





ਪਿਛਲੀਆਂ ਚਾਰ ਪੀੜ੍ਹੀਆਂ ਤੋਂ ਖਾਲਸਾ ਪੰਥ ਦੇ ਵਫਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਤੱਕ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ ਪਿੰਡ ਭਾਗ ਸਿੰਘਪੁਰਾ ਹਲਕਾ ਫਿਲੌਰ ਦੇ ਜੰਮਪਲ ਜਾਂਬਾਜ ਨਿਧੜਕ ਅਕਾਲੀ ਆਗੂ ਜਥੇਦਾਰ ਪਾਖਰ ਸਿੰਘ ਅਕਾਲੀ ਜਥੇਦਾਰ ਅਵਤਾਰ ਸਿੰਘ ਅਕਾਲੀ ਕੌਮ ਨੂੰ ਸਮਰਪਿਤ ਪਰਿਵਾਰ ਦੇ ਵਾਰਿਸ ਕਬੱਡੀ ਅਤੇ ਪੰਜਾਬੀ ਕਲਚਰ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਨਿਸ਼ਕਾਮ ਸੇਵਾਦਾਰ ਹਨ ਅਤੇ ਅਮਰੀਕਾ ਦੇ ਪ੍ਰਸਿੱਧ ਟਰਾਂਸਪੋਰਟਰ ਅਤੇ ਵੱਡੇ ਕਿਸਾਨ ਹਨ ਉਨ੍ਹਾਂ ਵਲੋਂ ਅਤੇ ਸਮੂਹ ਨਿੱਝਰ ਪ੍ਰਵਾਰ ਵਲੋਂ ਜਿਨ੍ਹਾਂ ਵਿੱਚ

**ਸ: ਸੁਰਿੰਦਰ ਸਿੰਘ ਨਿੱਝਰ, ਸ: ਅੰਮ੍ਰਿਤਪਾਲ ਸਿੰਘ ਨਿੱਝਰ, ਸ: ਵਰਿੰਦਰ ਸਿੰਘ ਨਿੱਝਰ, ਸ: ਅਵਤਾਰ ਸਿੰਘ ਨਿੱਝਰ ਅਤੇ ਸ: ਜਗਬੀਰ ਸਿੰਘ ਨਿੱਝਰ ਅਤੇ ਸਮੂਹ ਨਿੱਝਰ ਪਰਿਵਾਰ**

# ਯਾਦਗਾਰੀ 16ਵਾਂ ਕਬੱਡੀ ਕੱਪ ਯੂਨੀਅਨ ਸਿਟੀ

## ਗਾਖਲ ਭਰਾਵਾਂ ਵਲੋਂ 16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ

## ਬੋਪਾਰਾਏ ਬ੍ਰਦਰਜ਼ ਵਲੋਂ ਵਧਾਈਆਂ








ਯੂਨੀਅਨ ਸਿਟੀ ਕੈਲੀਫੋਰਨੀਆ : ਗਾਖਲ ਭਰਾਵਾਂ ਵਲੋਂ 16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਬੋਪਾਰਾਏ ਭਰਾਵਾਂ ਵਲੋਂ ਵਧਾਈਆਂ ਦਿੱਤੀਆਂ। 16ਵੇਂ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਯੂਨੀਅਨ ਸਿਟੀ ਕੈਲੀਫੋਰਨੀਆ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਬੋਪਾਰਾਏ ਭਰਾਵਾਂ ਨੇ ਕਿਹਾ ਕਿ ਇਸੇ ਤਰ੍ਹਾਂ ਹੀ ਇੱਕਜੁਟਤਾ ਤੇ ਪਿਆਰ ਨਾਲ ਕਬੱਡੀਆਂ ਹੋਣੀਆਂ ਚਾਹੀਦੀਆ ਚਾਹੀਦੀਆਂ ਹਨ।





## ਕਮਿਊਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪ੍ਰੋਟ ਕਰਨ ਵਾਲੇ ਖਾਲਸਾ ਪੰਥ ਦੇ ਸਿਪਾਹੀ

# ਬੋਪਾਰਾਏ ਬ੍ਰਦਰਜ਼

**ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ**

# 16ਵੇਂ World ਕਬੱਡੀ ਕੱਪ Union City ਕੈਲੀਫੋਰਨੀਆ









ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਹੋਏ ਮਿਆਰੀ 16ਵੇਂ World ਕਬੱਡੀ ਕੱਪ Union City ਦਾ ਯਾਦਗਾਰੀ ਸਮਾਪਤ ਉਪਰ S. Jagjit Singh Rakkar ਨੇ Gakhal Brothers, ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।



**ਕਮਿਉਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪ੍ਰੋਟ ਕਰਨ ਵਾਲੇ ਸਿੱਖ ਆਗੂ ਗੁਰੂ ਅਤੇ ਪੰਥ ਦੇ ਸੇਵਾਦਾਰ**

## ਸ .ਜਗਜੀਤ ਸਿੰਘ ਰੱਕੜ

# ਯਾਦਗਾਰੀ 16ਵਾਂ ਕਬੱਡੀ ਕੱਪ ਯੂਨੀਅਨ ਸਿਟੀ

## ਗਾਖਲ ਭਰਾਵਾਂ ਵਲੋਂ 16ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਨਿੱਝਰ ਬ੍ਰਦਰਜ਼ ਵਲੋਂ ਵਧਾਈਆਂ







ਯੂਨੀਅਨ ਸਿਟੀ ਕੈਲੀਫੋਰਨੀਆ ਵਿਖੇ ਹੋਏ ਮਿਆਰੀ ਕਬੱਡੀ ਕੱਪ ਇੱਕ ਯਾਦਗਾਰੀ ਸਮਾਪਤੀ ਦੇ ਨਿਬੜਿਆ। ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਜ਼ੋਰ ਤੇ ਕਬੱਡੀ ਨੂੰ ਪਿਆਰ ਸਿਖਰਾਂ 'ਤੇ ਝਲਕ ਰਿਹਾ ਸੀ। ਇਸ ਯਾਦਗਾਰੀ ਟੂਰਨਾਮੈਂਟ ਦੀਆਂ ਸਭ ਨੂੰ ਲੱਖ ਲੱਖ ਵਧਾਈਆਂ

## ਅਮਰੀਕਾ ਦੇ ਉਘੇ ਸਿੱਖ ਆਗੂ ਸ. ਮੇਜਰ ਸਿੰਘ ਨਿੱਝਰ

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਭੱਟ ਬੁੱਧ ਬਿਬੇਕੀ ਅਤੇ ਸਰਵਗੁਣੀ ਨਿਧਾਨ ਸਨ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

### *ਭਾਟ ਮਿਲਾਪ ਦਿਵਸ ਗੁ: ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਰਧਾ ਭਾਵਨਾ ਨਾਲ ਮਨਾਇਆ*




**ਭਾਟ ਸੰਪਰਦਾ ਦੇ ਭਾਈ ਅਮਰੀਕ ਸਿੰਘ ਰਠੌਰ ਨੂੰ ਜਥੇਦਾਰ ਬਾਬਾ ਬਲਬੀਰ ਸਿੰਘ ਸਨਮਾਨਤ ਕਰਦੇ ਹੋਏ।**

ਅੰਮ੍ਰਿਤਸਰ : ਭਾਟ ਸੰਪਰਦਾ ਦੇ ਆਗੂ ਭਾਈ ਅਮਰੀਕ ਸਿੰਘ ਰਠੌਰ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਧਰਮ ਪ੍ਰਚਾਰ ਕਮੇਟੀ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ ਤੇ ਭਾਟ ਮਿਲਾਪ ਦਿਵਸ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪੂਰਨ ਸਰਧਾ ਸਤਿਕਾਰ ਭਾਵਨਾ ਨਾਲ ਮਨਾਇਆ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪੁਜੇ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਮੂਹ ਗੁਰੂ ਨਾਨਕ ਨਾਮ ਲੇਵਾ ਤੇ ਵਿਸ਼ੇਸ਼ ਤੌਰ 'ਤੇ ਭਾਟ ਬਰਾਦਰੀ ਸੰਪਰਦਾ ਨੂੰ ਇਹ ਸਮਾਗਮ ਮਨਾਉਣ ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਭੱਟ ਕਰਨੀ ਅਤੇ ਕਥਨੀ ਦੇ ਵੀ ਪੂਰੇ ਸਨ। ਭੱਟ ਕੀਰਤ ਮਹਾਨ ਯੋਧਾ ਸੀ ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਖਲਿਸ ਖਾਂ ਨਾਲ ਹੋਏ ਯੁੱਧ ਵਿੱਚ ਸ਼ਹੀਦ ਹੋਇਆ। ਭੱਟ ਵਡਭਾਗੇ ਮਹਾਂਪੁਰਖ ਸਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਪ੍ਰਤੱਖ ਦਰਸ਼ਨ ਹੋਏ। ਉਨ੍ਹਾਂ ਕਿਹਾ ਭੱਟਾਂ ਨੇ ਆਪਣੀ ਬਾਣੀ ਵਿੱਚ ਗੁਰੂਆਂ ਦੀ ਉਪਮਾ ਅਤੇ ਜਸ ਗਾਇਨ ਕੀਤਾ ਹੈ। ਸਿੱਖ ਧਰਮ ਜਿਹਾ ਹੋਰ ਧਰਮ ਕੋਈ ਹੋ ਹੀ ਨਹੀਂ ਸਕਦਾ। ਭੱਟ ਨਿਰਗੁਣ ਬ੍ਰਹਮ ਦੇ ਉਪਾਸ਼ਕ ਸਨ। ਉਨ੍ਹਾਂ ਕਿਹਾ ਭੱਟ ਬਾਣੀ ਕਾਵਿ-ਸ਼ਿਖ਼ਰ ਦੀ ਛੋਹ ਨਾਲ ਅਕਾਲ ਪੁਰਖ ਸਾਖਿਆਤ ਹੋ ਜਾਂਦਾ ਹੈ। ਭੱਟ ਬੁੱਧ ਬਿਬੇਕੀ ਅਤੇ ਸਰਵਗੁਣੀ ਨਿਧਾਨ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਭੱਟਾਂ ਦੇ ਸਵੱਈਏ ਦਰਜ਼ ਹਨ। ਇਹ ਸਵੱਈਏ ਭੱਟ ਬਾਣੀ ਗੁਰੂ ਉਪਮਾ ਦੇ ਸੁੰਦਰ ਸ਼ਬਦਾਂ ਦੀ ਪਵਿੱਤਰਤਾ ਕਰਕੇ ਬਹੁਤ ਸਤਿਕਾਰਯੋਗ ਹੈ ਜੋ ਰੋਜ਼ਾਨਾ ਅੰਮ੍ਰਿਤ ਵੇਲੇ ਇਸ ਬਾਣੀ ਦਾ ਗਾਇਨ ਆਦਿ ਗ੍ਰੰਥ ਦੇ ਪ੍ਰਕਾਸ਼ ਵੇਲੇ ਦੀ ਰਵਾਇਤ ਤੋਂ ਹੀ ਪ੍ਰਚਲਿਤ ਹੈ।

ਭੱਟ ਬਰਾਦਰੀ ਦੇ ਆਗੂ ਭਾਈ ਅਮਰੀਕ ਸਿੰਘ ਰਠੌਰ ਨੂੰ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਸਨਮਾਨਤ ਕੀਤਾ ਗਿਆ। ਨਿਹਮਘ ਮੁਖੀ ਬਾਬਾ ਬਲਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਵੀ ਸੰਗਤਾਂ ਨੂੰ ਵਧਾਈ ਦਿੱਤੀ। ਉਨ੍ਹਾਂ ਤੋਂ ਇਲਾਵਾ ਕਈ ਹੋਰ ਧਾਰਮਿਕ ਸਖਸ਼ੀਅਤਾਂ ਨੇ ਵੀ ਇਸ ਸਮਾਗਮ ਵਿੱਚ ਹਾਜ਼ਰੀ ਭਰੀ।

# ਪੰਜਾਬ 'ਚ ਸੈਰ-ਸਪਾਟੇ ਨੂੰ ਮਿਲਿਆ ਹੁਲਾਰਾ

ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ 'ਸੈਲੀਬ੍ਰੇਸ਼ਨ ਪੁਆਇੰਟ' ਬਣਾਉਣ ਦਾ ਪੰਜਾਬ ਸਰਕਾਰ ਦਾ ਫ਼ੈਸਲਾ ਸ਼ਲਾਘਾਯੋਗ ਹੈ। ਪੰਜਾਬ 'ਚ ਜੋ ਹੋਰਨਾਂ ਰਾਜਾਂ ਤੇ ਵਿਦੇਸ਼ ਤੋਂ ਲੋਕ ਆਉਂਦੇ ਹਨ, ਉਨ੍ਹਾਂ 'ਚੋਂ ਬਹੁਤਿਆਂ ਨੇ ਅੰਮ੍ਰਿਤਸਰ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੀ ਦਰਸ਼ਨ ਕਰਨੇ ਹੁੰਦੇ ਹਨ। ਸ਼ਤਾਬਦੀ ਐਕਸਪ੍ਰੈੱਸ ਦੀਆਂ ਪੂਰੀਆਂ ਬੋਗੀਆਂ ਹੀ ਸ਼ਰਧਾਲੂਆਂ ਨੇ ਕਈ ਵਾਰ ਬੁੱਕ ਕਰਵਾਈਆਂ ਹੁੰਦੀਆਂ ਹਨ।

ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਸ਼ਰਧਾਲੂ ਇੱਥੇ ਪੁੱਜਦੇ ਹਨ ਤੇ ਮੱਥਾ ਟੇਕ ਕੇ ਚਲੇ ਜਾਂਦੇ ਹਨ। ਆਉਣ ਵਾਲੇ ਸਮੇਂ ਦੌਰਾਨ ਜਦੋਂ ਵੀ ਕਦੇ ਪਾਕਿਸਤਾਨ ਨਾਲ ਲੱਗਦੀ ਕੌਮਾਂਤਰੀ ਸਰਹੱਦ ਖੁੱਲ੍ਹੇਗੀ ਤਾਂ ਸੈਲਾਨੀਆਂ ਲਈ ਅਜਿਹੇ ਪੁਆਇੰਟ ਵਰਦਾਨ ਸਿੱਧ ਹੋਣਗੇ। ਇਸੇ ਲਈ 'ਸੈਰ-ਸਪਾਟਾ ਸਿਖ਼ਰ ਸੰਮੇਲਨ' (ਟੂਰਿਜ਼ਮ ਸਮਿੱਟ) ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਇਸ ਸਬੰਧੀ ਐਲਾਨ ਦਾ ਸੁਆਗਤ ਕਰਨਾ ਬਣਦਾ ਹੈ।

ਸਵਿਟਜ਼ਰਲੈਂਡ, ਨਾਰਵੇ ਜਿਹੇ ਦੁਨੀਆ ਦੇ ਬਹੁਤ ਸਾਰੇ ਦੇਸ਼ ਅਜਿਹੇ ਹਨ, ਜਿਨ੍ਹਾਂ ਦਾ ਅਰਥਚਾਰਾ ਸੈਰ-ਸਪਾਟੇ 'ਤੇ ਹੀ ਨਿਰਭਰ ਹੈ ਅਤੇ ਇਸੇ ਸਦਕਾ ਉਨ੍ਹਾਂ ਦਾ ਸ਼ੁਮਾਰ ਵਿਕਸਤ ਦੇਸ਼ਾਂ ਦੀ ਸ਼ ?ਰੇਣੀ 'ਚ ਹੁੰਦਾ ਹੈ। ਇਸੇ ਤਰਜ਼ 'ਤੇ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਸ੍ਰੀ ਦੁਰਗਿਆਣਾ ਮੰਦਰ, 1919 ਦੇ ਖ਼ੂਨੀ ਕਾਂਡ ਦੀ ਯਾਦ ਕਰਵਾਉਣ ਵਾਲਾ ਜਲ੍ਹਿਆਂਵਾਲਾ ਬਾਗ਼, ਰਾਮਤੀਰਥ ਤੇ ਹੋਰ ਕਈ ਧਾਰਮਿਕ ਤੇ ਇਤਿਹਾਸਕ ਅਸਥਾਨ ਮੌਜੂਦ ਹਨ, ਜਿੱਥੇ ਹੋਰ ਵੀ ਕਈ 'ਸੈਲੀਬ੍ਰੇਸ਼ਨ ਪੁਆਇੰਟ' ਸਥਾਪਤ ਹੋ ਸਕਦੇ ਹਨ। ਇੰਝ ਹੀ ਫ਼ਰੀਦਕੋਟ, ਜਲੰਧਰ, ਲੁਧਿਆਣਾ, ਬਠਿੰਡਾ, ਪਟਿਆਲਾ, ਫ਼ਤਿਹਗੜ੍ਹ ਸਾਹਿਬ, ਸਰਹਿੰਦ ਦੇ ਨਾਲ-ਨਾਲ ਰੂਪਨਗਰ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ ਤੇ ਨੰਗਲ ਜਿਹੇ ਸਥਾਨ



ਵੀ ਸੈਲਾਨੀਆਂ ਤੇ ਸ਼ਰਧਾਲੂਆਂ ਲਈ ਖਿੱਚ ਦੇ ਕੇਂਦਰ ਹੋ ਸਕਦੇ ਹਨ।

ਅਨੰਦਪੁਰ ਸਾਹਿਬ 'ਚੋਂ ਹੀ ਲੰਘ ਕੇ ਬਹੁਤ ਸਾਰੇ ਸ਼ਰਧਾਲੂ ਗੁਰੂ ਕਾ ਲਾਹੌਰ , ਨੈਣਾ ਦੇਵੀ ਜਾਂ ਚਿੰਤਪੂਰਨੀ ਤੇ ਜਵਾਲਾਜੀ ਜਾਂਦੇ ਹਨ। ਪੰਜਾਬ ਸਰਕਾਰ ਨੂੰ ਅਜਿਹੇ ਵੱਧ ਤੋਂ ਵੱਧ ਸਥਾਨ ਸਰਕਟ ਵਿਕਸਤ ਕਰਨੇ ਚਾਹੀਦੇ ਹਨ। ਸਿਰਫ਼ ਵਿਆਹਾਂ ਲਈ ਹੀ ਨਹੀਂ ਸਗੋਂ ਬੱਚਿਆਂ ਤੇ ਬਾਲਗ਼ਾਂ ਦੋਵਾਂ ਦੇ ਮਨੋਰੰਜਨ ਤੇ ਦਿਲ-ਪਰਚਾਵੇ ਦੇ ਸਾਧਨ ਵੀ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਪੰਜਾਬ 'ਚ ਆ ਕੇ ਸ਼ਰਧਾਲੂ ਸਿਰਫ਼ ਮੱਥਾ ਟੇਕ ਕੇ ਵਾਪਸ ਨਾ ਜਾਣ ਸਗੋਂ ਤਿੰਨ-ਚਾਰ ਦਿਨ ਇੱਥੇ ਰਹਿਣ, ਇਸ ਲਈ ਰਾਜ ਸਰਕਾਰ ਨੂੰ ਇੱਥੇ ਉਨ੍ਹਾਂ ਨੂੰ ਖਿੱਚਣ ਲਈ ਖ਼ੂਬਸੂਰਤ ਸੈਲਾਨੀ ਕੇਂਦਰ ਕਾਇਮ ਕਰਨੇ ਚਾਹੀਦੇ ਹਨ। 'ਸੈਲੀਬ੍ਰੇਸ਼ਨ ਪੁਆਇੰਟ' ਅਜਿਹਾ ਹੋਵੇਗਾ ਜਿੱਥੇ ਵਿਆਹ ਸਮਾਰੋਹ ਰੱਖੇ ਜਾ ਸਕਣਗੇ। ਉਹ ਸਥਾਨ ਆਮ ਲੋਕਾਂ ਲਈ 25 ਹਜ਼ਾਰ ਰੁਪਏ ਦੇ ਵਾਜਬ ਕਿਰਾਏ ਤੋਂ ਲੈ ਕੇ 10 ਲੱਖ ਰੁਪਏ ਤੱਕ ਦੇ ਕਿਰਾਏ ਵਾਲੇ ਜੰਝ-ਘਰਾਂ ਨਾਲ ਲੈਸ ਹੋਣਗੇ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਈਕੋ-ਟੂਰਿਜ਼ਮ ਲਈ ਸਭ ਤੋਂ ਢੁੱਕਵੀਂ ਜਗ੍ਹਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ 'ਚ ਵਸੇ ਰੂਪਨਗਰ, ਹੁਸ਼ਿਆਰਪੁਰ ਤੇ ਪਠਾਨਕੋਟ ਜ਼ਿਲ੍ਹਿਆਂ ਦੇ ਇਲਾਕੇ ਸਹਿਜੇ ਹੀ ਯਾਦਗਾਰੀ ਸੈਲਾਨੀ ਕੇਂਦਰਾਂ ਵਜੋਂ ਵਿਕਸਤ ਕੀਤੇ ਜਾ ਸਕਦੇ ਹਨ। ਪਠਾਨਕੋਟ ਕੋਲ ਚਮਰੌੜ ਇੱਕ ਅਜਿਹੀ ਜਗ ?ਹਾ ਹੈ, ਜਿੱਥੇ ਇੱਕ ਰਸਤਾ ਜੰਮੂ-ਕਸ਼ਮੀਰ, ਇਕ ਹਿਮਾਚਲ ਤੇ ਇਕ ਪੰਜਾਬ ਵੱਲ ਨੂੰ ਨਿੱਕਲਦਾ ਹੈ।

ਇੱਥੇ 56 ਕਿਲੋਮੀਟਰ ਰਕਬੇ 'ਚ ਫੈਲੀ ਝੀਲ ਦਾ ਪਾਣੀ ਪੂਰੇ ਦੇਸ਼ 'ਚ ਸਭ ਤੋਂ ਜ਼ਿਆਦਾ ਨੀਲਾ ਹੈ। ਇਸ ਦੇ ਨਾਲ ਹੀ ਹਰ ਜ਼ਿਲ੍ਹੇ 'ਚ ਮੈਡੀਕਲ ਕਾਲਜ ਸਥਾਪਤ ਕਰਨ ਤੇ ਮੋਹਾਲੀ ਕੋਲ ਮੈਡੀਸਿਟੀ ਵਿਕਸਤ ਕਰਨ ਦੇ ਫ਼ੈਸਲਿਆਂ ਦੇ ਵੀ ਦੂਰਅੰਦੇਸ਼ ਨਤੀਜੇ ਨਿਕਲਣਗੇ। ਜਿਸ ਦਿਨ ਇਨ੍ਹਾਂ ਯੋਜਨਾਵਾਂ ਨੂੰ ਅਮਲੀ ਰੂਪ ਦੇ ਦਿੱਤਾ ਗਿਆ, ਉਸ ਦਿਨ ਪੰਜਾਬ ਦੀ ਦਸ਼ਾ ਤੇ ਦਿਸ਼ਾ ਦੋਵਾਂ 'ਚ ਜ਼ਮੀਨ ਤੇ ਆਕਾਸ਼ ਜਿੰਨਾ ਅੰਤਰ ਆ ਜਾਵੇਗਾ।

# ਸਰਕਾਰਾਂ ਦੇ ਅਵੇਸਲੇਪਨ ਕਾਰਨ ਪੰਜਾਬ ਵਿਚਲਾ ਪ੍ਰਵਾਸ ਘਾਤਕ ਸਿੱਧ ਹੋਵੇਗਾ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਨੋਟ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼ ?ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਪੰਜਾਬ ਵਿਚੋਂ ਵਿਦਿਆਰਥੀਆਂ ਦਾ ਵੱਡੀ ਪੱਧਰ ਤੇ ਪਰਵਾਸ ਕਰ ਜਾਣ ਤੇ ਚਿੰਤਾ ਵਿਅਕਤ ਕਰਦਿਆਂ ਕਿਹਾ ਕਿ ਇੰਨੀ ਵੱਡੀ ਗਿਣਤੀ ਵਿੱਚ ਛੋਟੀ ਉਮਰੇ ਵਿਦਿਆਰਥੀਆਂ ਦਾ ਵਿਦੇਸ਼ ਜਾਣਾ ਬੱਚਿਆਂ ਵਾਸਤੇ ਮੁਸ਼ਕਿਲਾਂ ਪੈਦਾ ਕਰਦਾ ਹੈ ਅਤੇ ਮਾਪਿਆਂ ਵਾਸਤੇ ਵੀ ਕਾਫ਼ੀ ਮਹਿੰਗਾ ਸੌਦਾ ਹੈ। ਉਨ੍ਹਾਂ ਕਿਹਾ ਕਈ ਵਾਰ ਇਹ ਮਾਪਿਆਂ ਦੀ ਸਾਰੀ ਉਮਰ ਦੀ ਕਮਾਈ ਅਤੇ ਜਾਇਦਾਦ ਨੂੰ ਵੀ ਖਾ ਜਾਣ ਦਾ ਸਬਬ ਬਣ ਜਾਂਦਾ ਹੈ।



ਉਨ੍ਹਾਂ ਕਿਹਾ ਇਹ ਸੂਬੇ ਅੰਦਰ ਰੁਜਗਾਰ ਦੀ ਬੇਰੁਜ਼ਗਾਰੀ ਦਾ ਵਰਤਾਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਇੱਕ ਸਰਵੇਖਣ ਦੇ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਵਿਦਿਆਰਥੀਆਂ ਵੀਜਿਆਂ ਦੀ ਗਿਣਤੀ 80,800 ਸੀ। ਜਿਹੜੀ ਸਾਲ 2021 ਵਿੱਚ 1,69,410 ਅਤੇ ਸਾਲ 2022 ਵਿੱਚ 2,26,095 ਤੱਕ ਪੁੱਜ ਗਈ ਸੀ। ਉਨ੍ਹਾਂ ਕਿਹਾ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਹੀ 167% ਕਨੇਡਾ ਜਾਣ ਵਾਲੇ ਵਿਦਿਆਰਥੀਆਂ ਵਿੱਚ ਵਾਧਾ ਹੋਇਆ ਹੈ ਤੇ ਸੂਬੇ ਵਿਚੋਂ 10 ਹਜ਼ਾਰ ਤੋਂ 15 ਹਜ਼ਾਰ ਕਰੋੜ ਦਾ ਸਰਮਾਇਆਂ ਵਿਦੇਸ਼ ਗਿਆ ਅਤੇ ਲਗਾਤਾਰ ਜਾ ਰਿਹਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਖੋਰਾ ਲਗਣਾ ਲਾਜ਼ਮੀ ਹੈ। ਉਨ੍ਹਾਂ ਦੁੱਖ ਜ਼ਾਹਿਰ ਕਰਦਿਆ ਕਿਹਾ ਕਿ ਇਹ ਇਕੱਲਾ ਪੈਸਾ ਨਹੀਂ ਬਾਹਰ ਜਾ ਰਿਹਾ ਇਨ੍ਹਾਂ ਵਿਦਿਆਰਥੀਆਂ ਦੇ ਰੂਪ ਵਿੱਚ ਬਹੁਕੀਮਤੀ ਮਨੁੱਖੀ ਸਰੋਤ ਜਾ ਰਹੇ ਹਨ। ਉਨ੍ਹਾਂ ਕਿਹਾ ਇਹ ਪੰਜਾਬ ਦੇ ਖਿੱਤੇ ਵਿਚ ਭੌਤਿਕ ਅਤੇ ਮਨੁੱਖੀ ਸਰਮਾਏ ਨੂੰ ਅਸੀਂ ਬਾਹਰ ਭੇਜ ਕੇ ਇਥੇ ਵਿਕਾਸ ਦੀ ਗਤੀ ਨੂੰ ਜ਼ਿੰਦਰੇ ਮਾਰ ਰਹੇ ਹਾਂ ਜੋ ਸੂਬੇ ਵਾਸਤੇ ਕਾਫ਼ੀ ਨੁਕਸਾਨ ਦਾ ਕਾਰਨ ਹੈ। ਉਨ੍ਹਾਂ ਮੌਜੂਦਾ ਸਰਕਾਰਾਂ ਨੂੰ ਅਗਾਉਂ ਚੇਤਾਵਨੀ ਦੇਂਦਿਆਂ ਕਿਹਾ ਕਿ ਪੰਜਾਬ ਬਿਰਬ ਘਰ ਬਣਦਾ ਜਾ ਰਿਹਾ ਹੈ। ਇਸ ਵਰਤਾਰੇ ਨੂੰ ਸਮਝਣ ਦੀ ਜ਼ਰੂਰਤ ਹੈ। ਇਸ ਵਾਸਤੇ ਪੰਜਾਬ ਸਰਕਾਰ ਇਸ ਬਾਰੇ ਗੰਭੀਰ ਅਧਿਐਨ ਕਰ ਕਰਵਾ ਕੇ ਨੀਤੀਗਤ ਫ਼ੈਸਲੇ ਰਾਹੀਂ ਏਥੇ ਹੀ ਰੁਜ਼ਗਾਰ ਸਰੋਤ ਪੈਦਾ ਕੀਤੇ ਜਾਣ ਅਤੇ ਸਵੈਭਰੋਸਗੀ ਵਾਲਾ ਵਾਤਾਵਰਣ ਸਿਰਜਿਆ ਜਾਵੇ। ਉਨ੍ਹਾਂ ਕਿਹਾ ਪਰਵਾਸ ਦੇ ਵਰਤਾਰੇ ਦੀ ਰੋਕਥਾਮ ਲਈ ਢੁਕਵੇਂ ਕਦਮ ਚੁਕਣੇ ਅੱਜ ਦੇ ਸਮੇਂ ਦੀ ਸਖ਼ਤ ਲੋੜ ਹੈ।

# ਮਸਤਾਨੇ ਫਿਲਮ ਦੀ ਸਮੁੱਚੀ ਟੀਮ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਨਤਮਸਤਕ ਹੋਈ

### *ਮਸਤਾਨੇ ਫਿਲਮ ਦੀ ਟੀਮ ਨੂੰ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਸਨਮਾਨਤ ਕੀਤਾ*

ਅੰਮ੍ਰਿਤਸਰ : ਸਿੱਖ ਇਤਿਹਾਸ ਨੂੰ ਪੇਸ਼ ਕਰਦੀ 'ਮਸਤਾਨੇ' ਫਿਲਮ ਦੇ ਪ੍ਰੋਡਿਓਸਰ ਡਾਇਰੈਕਟਰ ਅਤੇ ਸਮੁੱਚੀ ਟੀਮ ਅੱਜ ਗੁਰਦਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ ਅਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਨਤਮਸਤਕ ਹੋਈ ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਇਸ ਫਿਲਮ ਨੂੰ ਬਣਾਉਣ ਤੇ ਸਿੱਖ ਇਤਿਹਾਸ ਦੀ ਅਸਲ ਤਸਵੀਰ ਪੇਸ਼ ਕਰਨ ਤੇ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਫਿਲਮਾਂ ਬਨਣੀਆਂ ਚਾਹੀਦੀਆਂ ਅਤੇ ਇਹ ਬਹੁਭਸ਼ਾਈ ਬਣਨੀਆਂ ਚਾਹੀਦੀਆਂ ਹਨ। ਬਹੁਤ ਖ਼ੁਸ਼ੀ ਦੀ ਗੱਲ੍ਹ ਹੈ ਕਿ ਇਹ ਫਿਲਮ ਪੰਜਾਬੀ, ਹਿੰਦੀ ਵਿੱਚ ਰਲੀਜ਼ ਹੋਈ ਹੈ ਅਤੇ ਤਮਿਲ-ਤੇਲਗੂ, ਅੰਗ੍ਰੇਜ਼ੀ ਵਿੱਚ ਜਲਦ ਹੀ ਰਲੀਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਚਾਰ ਸਾਹਿਬਜ਼ਾਦਿਆਂ ਤੇ ਬਣੀ ਫਿਲਮ ਨੇ ਲੋਕਾਂ ਅੰਦਰ ਜਾਗਰਤੀ ਤੇ ਇਤਿਹਾਸ ਦੇ ਪਹਿਲੂਆਂ ਤੋਂ ਜਾਣੂੰ ਕਰਵਾਇਆ ਸੀ। ਇਸ ਤਰ੍ਹਾਂ ਨਿਹੰਗ ਸਿੰਘਾਂ ਦੇ ਕਿਰਦਾਰ ਨੂੰ ਸਹੀ ਅਰਥਾਂ ਵਿੱਚ ਪੇਸ਼ ਕੀਤਾ ਹੈ ਅਤੇ ਐਕਟਰ ਵੀ ਸਾਰੇ ਸਾਬਤ ਸੂਰਤ ਲਏ ਗਏ ਹਨ ਇਸ ਲਈ ਬੁੱਢਾ ਦਲ ਵੱਲੋਂ ਤਰਸੇਮ ਸਿੰਘ ਜਸੜ ਨੂੰ ਇਸ ਫਿਲਮ ਦੀ ਸਫਲਤਾ ਲਈ ਵਧਾਈ ਦਿੰਦਾ ਹਾਂ ਅਤੇ ਉਨ੍ਹਾਂ ਕਿਹਾ ਪੰਜਾਬ ਸਰਕਾਰ ਨੂੰ ਫਿਲਮ ਦਾ ਟੈਕਸ ਮੁਆਫ ਕਰਨਾ ਚਾਹੀਦਾ ਹੈ।



ਇਸ ਸਮੇਂ ਫਿਲਮ ਦੇ ਪ੍ਰੋਡਿਓਸਰ ਡਾਇਰੈਕਟਰ ਤਰਸੇਮ ਸਿੰਘ ਜੱਸੜ ਨੇ ਕਿਹਾ ਕਿ ਇਹ ਫਿਲਮ ਨੂੰ ਫਿਲਮਾਉਣ ਸਮੇਂ ਮੈਨੂੰ ਅਤੇ ਸਮੁੱਚੀ ਟੀਮ ਅੰਦਰ ਵਿਸ਼ੇਸ਼ ਊਰਜਾ ਪੈਦਾ ਹੋਈ ਜਿਸ ਅਨੁਸਾਰ ਸਿੱਖ ਸਿਧਾਂਤਾਂ ਦੀ ਕਸਵੱਟੀ ਤੇ ਪੂਰਾ ਉਤਰਨ ਦਾ ਯਤਨ ਕੀਤਾ ਉਥੇ ਲੋਕਾਂ ਵੱਲੋਂ ਭਰਵਾਂ ਹੁੰਗਾਰਾਂ ਮਿਲਿਆ ਹੈ। ਜਿਸ ਤੇ ਮੈਨੂੰ ਅਤੇ ਮੇਰੀ ਟੀਮ ਗੁਰੂ ਪਾਤਸ਼ਾਹ ਦੇ ਰਿਣੀ ਹਾਂ। ਇਸ ਤੋਂ ਪਹਿਲਾਂ ਗੁਰਦਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ ਵਿਖੇ ਵੱਖ-ਵੱਖ ਰਾਗੀ ਜਥਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਸੁਖਜੀਤ ਸਿੰਘ ਘੱਨਈਆ ਨੇ ਅਰਦਾਸ ਕੀਤੀ ਅਤੇ ਮੁਖਵਾਕ ਬਾਬਾ ਮਲੂਕ ਸਿੰਘ ਲਾਡੀ ਨੇ ਦਿੱਤਾ ਅਤੇ ਬੁੱਢਾ ਦਲ ਵੱਲੋਂ ਤਰਸਮੇ ਸਿੰਘ ਜੱਸੜ, ਸਰਨਜੀਤ ਸਿੰਘ, ਮਨਪ੍ਰੀਤ ਸਿੰਘ ਜੌਹਲ, ਜਸਪ੍ਰੀਤ ਸਿੰਘ, ਕਰਨਜੀਤ ਸਿੰਘ ਜੌਹਲ ਨੂੰ ਸਨਮਾਨਤ ਕੀਤਾ ਇਸ ਸਮੇਂ ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਭਾਈ ਕਲਵੰਤ ਸਿੰਘ ਜੋਧਪੁਰੀ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਸ. ਕਰਨਰਾਜਬੀਰ ਸਿੰਘ ਐਡਵੋਕੇਟ, ਸ. ਇੰਦਰਪਾਲ ਸਿੰਘ ਫੌਜੀ ਹਜ਼ੂਰ ਸਾਹਿਬ, ਬਾਬਾ ਰਣਜੋਧ ਸਿੰਘ, ਬਾਬਾ ਸ਼ੇਰ ਸਿੰਘ, ਬਾਬਾ ਪਰਮਜੀਤ ਸਿੰਘ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਅਨੰਤਨਾਗ 'ਚ ਫੌਜ ਨੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਡਰੋਨ ਤੇ ਹੈਲੀਕਾਪਟਰਾਂ ਦੀ ਮਦਦ ਲਈ





ਸ੍ਰੀਨਗਰ : ਅਨੰਤਨਾਗ ਜ਼ਿਲ੍ਹੇ ਦੇ ਸੰਘਣੇ ਜੰਗਲੀ ਖੇਤਰ ਵਿਚ ਲੁਕੇ ਦਹਿਸ਼ਤਗਰਦਾਂ ਨੂੰ ਉਥੋਂ ਬਾਹਰ ਕੱਢਣ ਲਈ ਵਿੱਢਿਆ ਅਪਰੇਸ਼ਨ ਚੌਥੇ ਦਿਨ ਵਿੱਚ ਦਾਖ਼ਲ ਹੋ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਡਰੋਨਾਂ ਤੇ ਹੈਲੀਕਾਪਟਰਾਂ ਦੀ ਵੀ ਮਦਦ ਲਈ ਜਾ ਰਹੀ ਹੈ। ਦੱਸ ਦੇਈਏ ਕਿ ਸੰਘਣੇ ਜੰਗਲਾਂ ਵਿਚ ਲੁਕੇ ਇਨ੍ਹਾਂ ਦਹਿਸ਼ਤਗਰਦਾਂ ਨੇ ਪਿਛਲੇ ਦਿਨੀਂ ਇਕ ਮੇਜਰ ਤੇ ਕਰਨਲ ਸਣੇ ਸੁਰੱਖਿਆ ਬਲਾਂ ਦੇ ਤਿੰਨ ਅਧਿਕਾਰੀਆਂ ਨੂੰ ਸ਼ਹੀਦ ਕਰ ਦਿੱਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਦੱਖਣੀ ਕਸ਼ਮੀਰ ਜ਼ਿਲ੍ਹੇ ਦੇ ਕੋਕਰਨਾਗ ਖੇਤਰ ਵਿੱਚ ਗਡੋਲੇ ਦੇ ਸੰਘਣੇ ਜੰਗਲਾਂ ਵਿੱਚ ਦਹਿਸ਼ਤਗਰਦਾਂ ਦੇ ਟਿਕਾਣੇ ਦਾ ਪਤਾ ਲਾਉਣ ਲਈ ਸੁਰੱਖਿਆ ਬਲਾਂ ਵੱਲੋਂ ਹੈਲੀਕਾਪਟਰਾਂ ਤੇ ਡਰੋਨਾਂ ਦੀ ਤਾਇਨਾਤੀ ਕੀਤੀ ਗਈ ਹੈ। ਅਧਿਕਾਰੀਆਂ ਨੇ ਕਿਹਾ ਕਿ ਚੌਥੇ ਦਿਨ ਵੀ ਦਹਿਸ਼ਤਗਰਦਾਂ ਤੇ ਸੁਰੱਖਿਆ ਬਲਾਂ ਦਰਮਿਆਨ ਗੋਲੀਬਾਰੀ ਦਾ ਦੌਰ ਜਾਰੀ ਰਿਹਾ। ਸੁਰੱਖਿਆ ਬਲਾਂ ਨੇ ਜੰਗਲ ਵੱਲ ਮੋਰਟਾਰ ਵੀ ਦਾਗੇ। ਡਰੋਨ ਦੀ ਫੁਟੇਜ ਵਿੱਚ ਇਕ ਦਹਿਸ਼ਤਗਰਦ ਸੁਰੱਖਿਅਤ ਢਾਲ ਦੀ ਭਾਲ ਵਿਚ ਭੱਜਦਾ ਨਜ਼ਰ ਆ ਰਿਹਾ ਹੈ। ਕਸ਼ਮੀਰ ਦੇ ਵਧੀਕ ਡੀਜੀਪੀ ਵਿਜੈ ਕੁਮਾਰ ਨੇ ਸ਼ੁੱਕਰਵਾਰ ਰਾਤ ਨੂੰ ਕਿਹਾ ਸੀ ਕਿ ਵਿਸ਼ੇਸ਼ ਇਨਪੁਟ ਦੇ ਅਧਾਰ 'ਤੇ ਇਹ ਅਪਰੇਸ਼ਨ ਵਿੱਢਿਆ ਗਿਆ ਹੈ। ਕੁਮਾਰ ਨੇ ਦਾਅਵਾ ਕੀਤਾ ਕਿ ਜੰਗਲ ਵਿੱਚ ਲੁਕੇ ਇਨ੍ਹਾਂ ਦੋ ਤੋਂ ਤਿੰਨ ਦਹਿਸ਼ਗਰਦਾਂ ਨੂੰ ਜਲਦੀ ਹੀ ਮਾਰ ਮੁਕਾਇਆ ਜਾਵੇਗਾ।

ਇਸੇ ਦੌਰਾਨ ਅਨੰਤਨਾਗ ਮੁਕਾਬਲੇ 'ਚ ਸ਼ਾਮਲ ਅਤਿਵਾਦੀਆਂ ਨੂੰ ਮਾਰ-ਮੁਕਾਉਣ ਲਈ ਅੱਜ ਦੂਜੇ ਦਿਨ ਵੀ ਸੁਰੱਖਿਆ ਬਲਾਂ ਦੀ ਮੁਹਿੰਮ ਜਾਰੀ ਰਹੀ ਤੇ ਪੁਲੀਸ ਨੇ ਦਾਅਵਾ ਕੀਤਾ ਕਿ ਸੁਰੱਖਿਆ ਬਲਾਂ ਨੇ ਅਨੰਤਨਾਗ ਦੇ ਉੱਚੇ ਇਲਾਕੇ ਵਿੱਚ ਲਸ਼ਕਰ-ਏ-ਤਇਬਾ ਦੇ ਦੋ ਅਤਿਵਾਦੀਆਂ ਨੂੰ ਘੇਰ ਲਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਵੱਲੋਂ ਅਤਿਵਾਦੀਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੇ ਜਾਣ ਮਗਰੋਂ ਕੋਕਰਨਾਗ ਦੇ ਗਡੋਲੇ ਇਲਾਕੇ ਵਿਚਲੇ ਜੰਗਲਾਂ 'ਚੋਂ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣਾਈਆਂ ਦਿੱਤੀਆਂ ਹਨ। ਸੁਰੱਖਿਆ ਬਲਾਂ ਦਾ ਮੰਨਣਾ ਹੈ ਕਿ ਇਹ ਦੋਵੇਂ ਅਤਿਵਾਦੀ ਪਹਾੜ ਵਿਚਲੀ ਇੱਕ ਕੁਦਰਤੀ ਗੁਫਾ 'ਚ ਲੁਕੇ ਹੋਏ ਹਨ। ਉਨ੍ਹਾਂ ਦੱਸਿਆ ਕਿ ਗਡੋਲੇ ਦੇ ਜੰਗਲਾਂ 'ਤੇ ਹੈਲੀਕਾਪਟਰ ਉਡਦੇ ਦਿਖਾਈ ਦਿੱਤੇ ਹਨ ਤੇ ਸੁਰੱਖਿਆ ਬਲਾਂ ਨੇ ਇਲਾਕੇ ਦੀ ਸਖ਼ਤ ਘੇਰਾਬੰਦੀ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਸਾਰਾ ਦਿਨ ਇੱਥੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣਦੀਆਂ ਰਹੀਆਂ ਪਰ ਕਿਸੇ ਹੋਰ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਇਸ ਤੋਂ ਪਹਿਲਾਂ ਦਿਨੇ ਜੰਮੂ ਕਸ਼ਮੀਰ ਪੁਲੀਸ ਨੇ ਦੱਸਿਆ ਸੀ ਕਿ ਉਨ੍ਹਾਂ ਅਨੰਤਨਾਗ ਜ਼ਿਲ੍ਹੇ 'ਚ ਲਸ਼ਕਰ-ਏ-ਤਇ?ਬਾ ਦੇ ਦੋ ਅਤਿਵਾਦੀ ਘੇਰ ਲਏ ਹਨ। ਅਨੰਤਨਾਗ 'ਚ ਇੱਕ ਦਿਨ ਪਹਿਲਾਂ ਮੁਕਾਬਲੇ 'ਚ ਸੁਰੱਖਿਆ ਬਲਾਂ ਦੇ ਤਿੰਨ ਅਧਿਕਾਰੀ ਸ਼ਹੀਦ ਹੋ ਗਏ ਸਨ। ਕਸ਼ਮੀਰ ਜ਼ੋਨ ਪੁਲੀਸ ਨੇ 'ਐਕਸ' 'ਤੇ ਦੱਸਿਆ, 'ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼ ਧੌਨੈਕ ਅਤੇ ਡੀਐੱਸਪੀ ਹਮਾਯੂੰ ਭੱਟ, ਜਿਨ੍ਹਾਂ ਇਸ ਮੁਹਿੰਮ ਦੌਰਾਨ ਸਾਹਮਣਿਓਂ ਅਗਵਾਈ ਕਰਦਿਆਂ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਦੀ ਬਹਾਦੁਰੀ ਨੂੰ ਸੱਚੀ ਸ਼ਰਧਾਂਜਲੀ ਦਿੰਦਿਆਂ ਸਾਡੀਆਂ ਸੈਨਾਵਾਂ ਉਜੈਰ ਖਾਨ ਸਮੇਤ ਲਸ਼ਕਰ ਦੇ ਦੋ ਅਤਿਵਾਦੀਆਂ ਨੂੰ ਘੇਰਨ 'ਚ ਦ੍ਰਿੜ੍ਹ ਸੰਕਲਪ ਨਾਲ ਜੁਟੀਆਂ ਹੋਈਆਂ ਹਨ।' ਅਧਿਕਾਰੀਆਂ ਨੇ ਦੱਸਿਆ ਕਿ ਡਰੋਨ ਨਾਲ ਇਲਾਕੇ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਸਥਾਨਕ ਪੁਲੀਸ ਵੱਲੋਂ ਭਾਰਤੀ ਫੌਜ ਨਾਲ ਮਿਲ ਕੇ ਮੁਹਿੰਮ ਚਲਾਈ ਜਾ ਰਹੀ ਹੈ। ਫੌਜ ਦੇ ਬੁਲਾਰੇ ਨੇ ਦੱਸਿਆ ਕਿ ਫੌਜ ਤੇ ਜੰਮੂ ਕਸ਼ਮੀਰ ਪੁਲੀਸ ਸਣੇ ਸੁਰੱਖਿਆ ਬਲਾਂ ਨੂੰ ਛੋਟੇ ਕੁਆਡਕਾਪਟਰਾਂ ਤੇ ਵੱਡੇ ਡਰੋਨਾਂ ਰਾਹੀਂ ਮਦਦ ਮੁਹੱਈਆ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਚਿਨਾਰ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਰਾਜੀਵ ਘਈ ਤੇ ਰਾਸ਼ਟਰੀ ਰਾਈਲਫਜ਼ ਵਿਕਟਰ ਫੋਰਸ ਦੇ ਕਮਾਂਡਰ ਮੇਜਰ ਜਨਰਲ ਬਲਬੀਰ ਸਿੰਘ ਪਹਿਲਾਂ ਹੀ ਜਵਾਨਾਂ ਦਾ ਹੌਸਲਾ ਵਧਾਉਣ ਲਈ ਮੁਕਾਬਲੇ ਵਾਲੀ ਥਾਂ 'ਤੇ ਪਹੁੰਚ ਚੁੱਕੇ ਹਨ।

# ਜੰਮੂ-ਕਸ਼ਮੀਰ ਦੇ ਡੀਜੀਪੀ ਦਿਲਬਾਗ ਸਿੰਘ ਅਤੇ ਸ਼ਹੀਦ ਡੀਐੱਸਪੀ ਹਮਾਯੂੰ ਭੱਟ ਨੂੰ ਪਿਤਾ ਵੱਲੋਂ ਸ਼ਰਧਾਂਜਲੀ





ਸ੍ਰੀਨਗਰ : ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਬੀਤੇ ਦਿਨ ਸ਼ਹੀਦ ਹੋਏ ਡੀਐੱਸਪੀ ਹਮਾਯੂੰ ਭੱਟ ਦੇ ਮ੍ਰਿਤਕ ਸਰੀਰ ਨੂੰ ਅੱਜ ਇਥੇ ਪੁਲੀਸ ਲਾਈਨਜ਼ ਵਿੱਚ ਲਿਆਂਦਾ ਗਿਆ ਜਿਥੇ ਪਿਤਾ ਗੁਲਾਮ ਹਸਨ ਭੱਟ (ਸੇਵਾ-ਮੁਕਤ ਆਈਜੀਪੀ) ਨੇ ਆਪਣੇ ਪੁੱਤਰ ਨੂੰ ਸ਼ਰਧਾਂਜਲੀ ਦਿੱਤੀ ਤੇ ਸਲੂਟ ਕੀਤਾ। ਉਨ੍ਹਾਂ ਨੇ ਗ਼ਮ ਨੂੰ ਛੁਪਾਉਂਦਿਆਂ ਅੱਖਾਂ ਵਿੱਚ ਅਥਰੂ ਨਾ ਆਉਣ ਦਿੱਤੇ। ਇਸ ਮੌਕੇ ਉਪ ਰਾਜਪਾਲ ਮਨੋਜ ਸਿਨਹਾ, ਮੁੱਖ ਸਕੱਤਰ ਅਰੁਣ ਮਹਿਤਾ, ਡੀਜੀਪੀ ਦਿਲਬਾਗ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਦੇ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਦਿਲਬਾਗ ਸਿੰਘ ਨੇ ਅਨੰਤਨਾਗ ਮੁਕਾਬਲੇ ਵਿੱਚ ਸ਼ਹੀਦ ਹੋਏ ਜੰਮੂ-ਕਸ਼ਮੀਰ ਦੇ ਡੀਐਸਪੀ ਹੁਮਾਯੂੰ ਮੁਜ਼ਮਮਿਲ ਭੱਟ ਦੀਆਂ ਮ੍ਰਿਤਕ ਦੇਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।





ਜੰਮੂ-ਕਸ਼ਮੀਰ ਦੇ ਡੀਐਸਪੀ ਹੁਮਾਯੂੰ ਮੁਜ਼ੱਮਿਲ ਭੱਟ ਦੇ ਰਿਸ਼ਤੇਦਾਰ ਅਤੇ ਪਰਿਵਾਰ ਉਸ ਦੀਆਂ ਅੰਤਿਮ ਰਸਮਾਂ ਦੌਰਾਨ ਸੋਗ ਕਰਦੇ ਹਨ

# ਸ਼ਹੀਦ ਕਰਨਲ ਮਨਪ੍ਰੀਤ ਸਿੰਘ ਤੇ ਮੇਜਰ ਆਸ਼ੀਸ਼ ਦਾ ਸਸਕਾਰ

## ਮਨਪ੍ਰੀਤ ਦੇ ਸੱਤ ਸਾਲਾ ਲੜਕੇ ਨੇ ਫੌਜੀ ਵਰਦੀ ਪਾ ਕੇ ਦਿੱਤੀ ਸਲਾਮੀ; ਰਾਜਪਾਲ ਤੇ ਮੰਤਰੀਆਂ ਵੱਲੋਂ ਸ਼ਰਧਾਂਜਲੀਆਂ







ਕਰਨਲ ਮਨਪ੍ਰੀਤ ਸਿੰਘ ਦੀਆਂ ਅੰਤਿਮ ਰਸਮਾਂ


ਕਰਨਲ ਮਨਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰ ਵਰਲਾਪ ਕਰਦੇ ਹੋਏ।

ਚੰਡੀਗੜ੍ਹ : ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦਾ ਪਿੰਡ ਭੜੌਂਜੀਆਂ ਵਿੱਚ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਉਨ੍ਹਾਂ ਦੀ ਜੰਮੂ ਕਸ਼ਮੀਰ ਦੇ ਅਨੰਤਨਾਗ ਵਿੱਚ ਦਹਿਸ਼ਤਗਰਦਾਂ ਦੇ ਹਮਲੇ ਦੌਰਾਨ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ ਸੀ। ਜਦੋਂ ਪਿੰਡ ਵਿੱਚ ਕਰਨਲ ਮਨਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਪਹੁੰਚਣ ਵੇਲੇ ਵੱਡੀ ਗਿਣਤੀ ਲੋਕਾਂ ਨੇ ਫੁੱਲਾਂ ਦੀ ਵਰਖਾ ਕੀਤੀ। ਘਰ ਦੇ ਵਿਹੜੇ ਵਿੱਚ ਕੁਝ ਸਮੇਂ ਲਈ ਕਰਨਲ ਦੀ ਮ੍ਰਿਤਕ ਦੇਹ ਲੋਕਾਂ ਦੇ ਦਰਸ਼ਨਾਂ ਲਈ ਰੱਖੀ ਗਈ। ਉਪਰੰਤ ਫੌਜੀ ਅਫ਼ਸਰਾਂ, ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਇਲਾਕੇ ਦੇ ਪਤਵੰਤਿਆਂ ਨੇ ਸ਼ਰਧਾਂਜਲੀ ਦਿੱਤੀ। ਇਸ ਤੋਂ ਬਾਅਦ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਮਨਪ੍ਰੀਤ ਸਿੰਘ ਨੂੰ ਫੌਜ ਦੀਆਂ ਵੱਖ-ਵੱਖ ਟੁਕੜੀਆਂ ਦੇ ਦਸਤਿਆਂ ਵੱਲੋਂ ਸਲਾਮੀ ਦਿੱਤੀ ਗਈ।

ਸ਼ਹੀਦ ਕਰਨਲ ਮਨਪ੍ਰੀਤ ਸਿੰਘ ਦੀ ਚਿਖਾ ਨੂੰ ਅੱਗ ਉਸ ਦੇ ਸੱਤ ਸਾਲਾ ਪੁੱਤਰ ਕਬੀਰ ਨੇ ਦਿਖਾਈ, ਜਿਸ ਨੇ ਫੌਜੀ ਵਰਦੀ ਪਾਈ ਹੋਈ ਸੀ ਤੇ ਉਸ ਨੇ ਆਪਣੇ ਪਿਤਾ ਨੂੰ ਸਲੂਟ ਮਾਰ ਕੇ ਸ਼ਰਧਾਂਜਲੀ ਦਿੱਤੀ। ਇਸ ਤੋਂ ਪਹਿਲਾਂ ਸ਼ਹੀਦ ਦੀਆਂ ਭੈਣਾਂ ਨੇ ਆਪਣੇ ਭਰਾ ਦੇ ਗੁੱਟ ’ਤੇ ਰੱਖੜੀਆਂ ਵੀ ਬੰਨ੍ਹੀਆਂ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸ਼ਰਧਾ ਦੇ ਫੁਲ ਭੇਟ ਕੀਤੇ। ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਅਨਮੋਲ ਗਗਨ ਮਾਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਆਈਜੀ ਗੁਰਪ੍ਰੀਤ ਸਿੰਘ ਭੁੱਲਰ ਤੇ ਐੱਸਐੱਸਪੀ ਸੰਦੀਪ ਗਰਗ ਨੇ ਇਲਾਕੇ ਦੇ ਮਹਾਨ ਸਪੂਤ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹੀਦ ਦੇ ਚਾਚਾ ਹਰਮੇਸ਼ ਸਿੰਘ ਤੇ ਰਣਜੀਤ ਸਿੰਘ ਨੇ ਦੱਸਿਆ ਕਿ ਕਰਨਲ ਮਨਪ੍ਰੀਤ ਸਿੰਘ 19 ਰਾਸ਼ਟਰੀ ਰਾਈਫਲਜ਼ ਵਿੱਚ ਸਿੱਧਾ ਲੈਫਟੀਨੈਂਟ ਭਰਤੀ ਹੋਇਆ ਸੀ ਜੋ 2005 ਦੌਰਾਨ ਕਰਨਲ ਬਣਿਆ ਸੀ। ਕਰਨਲ ਮਨਪ੍ਰੀਤ ਸਿੰਘ ਦੇ ਛੋਟੇ ਭਰਾ ਸੰਦੀਪ ਸਿੰਘ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਮਨਪ੍ਰੀਤ ਸਿੰਘ ਦਾ ਵਿਆਹ ਜਗਮੀਤ ਕੌਰ ਨਾਲ ਹੋਇਆ ਸੀ ਜੋ ਮੋਰਨੀ ਇਲਾਕੇ ਵਿੱਚ ਸਕੂਲ ਵਿੱਚ ਅਧਿਆਪਕਾ ਵਜੋਂ ਤਾਇਨਾਤ ਹੈ। ਮਨਪ੍ਰੀਤ ਦੇ 7 ਸਾਲ ਦਾ ਲੜਕਾ ਕਬੀਰ ਅਤੇ ਢਾਈ ਕੁ ਸਾਲ ਦੀ ਲੜਕੀ ਬਾਣੀ ਹੈ। ਸਸਕਾਰ ਮੌਕੇ ਵੱਡੀ ਗਿਣਤੀ ਲੋਕਾਂ ਨੇ ਭਾਰਤ ਮਾਤਾ ਦੀ ਜੈ ਹੋ ਅਤੇ ਸ਼ਹੀਦ ਕਰਨਲ ਮਨਪ੍ਰੀਤ ਸਿੰਘ ਅਮਰ ਰਹੇ ਦੇ ਨਾਅਰੇ ਲਾਏ। ਇਸ ਤੋਂ ਪਹਿਲਾਂ ਸੁਰੱਖਿਆ ਬਲਾਂ ਵੱਲੋਂ ਫੁੱਲ ਮਾਲਾਵਾਂ ਭੇਟ ਕੀਤੀਆਂ ਗਈਆਂ ਅਤੇ 15 ਹਵਾਈ ਫਾਇਰ ਕੀਤੇ ਗਏ।

ਉਧਰ, ਜੰਮੂ ਕਸ਼ਮੀਰ ਵਿੱਚ ਦਹਿਸ਼ਤਗਰਦੀ ਹਮਲੇ ’ਚ ਸ਼ਹੀਦ ਹੋਏ ਮੇਜਰ ਆਸ਼ੀਸ਼ ਧਨਚੈਕ ਦਾ ਪਾਣੀਪਤ ਵਿਚਲੇ ਜੱਦੀ ਪਿੰਡ ਬਿੰਜੌਲ ਵਿੱਚ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਪਾਣੀਪਤ ਵਿਚਲੇ ਉਨ੍ਹਾਂ ਦੇ ਘਰ ਵਿਚ ਸ਼ਹੀਦ ਦੀ ਦੇਹ ਅੰਤਿਮ ਦਰਸ਼ਨਾਂ ਲਈ ਰੱਖੀ ਗਈ ਜਿਥੋਂ ਫੌਜ ਦੇ ਵਾਹਨ ਵਿਚ ਸ਼ਹੀਦ ਦੀ ਮ੍ਰਿਤਕ ਦੇਹ ਜੱਦੀ ਪਿੰਡ ਪਹੁੰਚਾਈ ਗਈ। ਪਾਣੀਪਤ ਤੋਂ ਸ਼ਹੀਦ ਦਾ ਜੱਦੀ ਘਰ ਅੱਠ ਕਿਲੋਮੀਟਰ ਦੂਰ ਹੈ ਤੇ ਰਾਹ ਵਿਚ ਕਈ ਥਾਈਂ ਲੋਕਾਂ ਨੇ ਸ਼ਹੀਦ ਨੂੰ ਸਲੂਟ ਮਾਰ ਕੇ ਸ਼ਰਧਾਂਜਲੀ ਦਿੱਤੀ। ਇਸ ਮੌਕੇ ਵੱਡੀ ਗਿਣਤੀ ਨੌਜਵਾਨ ਤੇ ਖੇਤਰ ਵਾਸੀ ਉਨ੍ਹਾਂ ਦੇ ਕਾਫਲੇ ਦੇ ਅੱਗੇ ਨਾਅਰੇ ਲਾਉਂਦੇ ਹੋਏ ਗਏ। ਇਥੇ ਫੌਜੀ ਜਵਾਨਾਂ ਵੱਲੋਂ ਸਲਾਮੀ ਦੇਣ ਤੋਂ ਬਾਅਦ ਸ਼ਹੀਦ ਦਾ ਸਸਕਾਰ ਕੀਤਾ ਗਿਆ। ਇਸ ਮੌਕੇ ਫੌਜ ਦੇ ਸੀਨੀਅਰ ਅਧਿਕਾਰੀ, ਪਿੰਡ ਵਾਸੀ ਅਤੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਜਾਣਕਾਰੀ ਅਨੁਸਾਰ ਮੇਜਰ ਆਸ਼ੀਸ਼ ਦਾ ਪਰਿਵਾਰ ਪਾਣੀਪਤ ਵਿਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ ਤੇ ਉਨ੍ਹਾਂ ਅਕਤੂਬਰ ਵਿੱਚ ਪਾਣੀਪਤ ਵਿੱਚ ਇੱਕ ਨਵੇਂ ਘਰ ਵਿੱਚ ਸ਼ਿਫਟ ਹੋਣ ਦੀ ਯੋਜਨਾ ਬਣਾਈ ਸੀ। ਗੁਆਂਢੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਦੇਸ਼ ਦਾ ਮਹਾਨ ਸਪੂਤ ਤਿਰੰਗੇ ਵਿੱਚ ਲਿਪਟਿਆ ਹੋਇਆ ਤਾਬੂਤ ਵਿੱਚ ਵਾਪਸ ਆਵੇਗਾ।

# ਮੇਜਰ ਆਸ਼ੀਸ਼ ਧੌਂਚਕ ਦਾ ਸਰਕਾਰੀ ਸਨਮਾਨ ਨਾਲ ਕੀਤਾ ਗਿਆ ਅੰਤਿਮ ਸਸਕਾਰ





ਪਾਨੀਪਤ : ਦੱਖਣੀ ਕਸ਼ਮੀਰ ਦੇ ਅਨੰਤਨਾਗ ‘ਚ ਅੱਤਵਾਦੀਆਂ ਤੇ ਜਵਾਨਾਂ ਵਿਚਾਲੇ ਹੋਏ ਮੁਕਾਬਲੇ ’ਚ ਸ਼ਹੀਦ ਹੋਏ ਪਾਨੀਪਤ ਦੇ ਬਹਾਦਰ ਪੁੱਤਰ ਮੇਜਰ ਆਸ਼ੀਸ਼ ਧੌਂਚਕ ਪੰਜ ਤੱਤਾਂ ’ਚ ਵਿਲੀਨ ਹੋ ਗਏ ਹਨ। ਉਨ੍ਹਾਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਉਸ ਦੀ ਕੁਰਬਾਨੀ ਕਾਰਨ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਅੱਜ ਹਰ ਕਿਸੇ ਦੀਆਂ ਅੱਖਾਂ ਨਮ ਹਨ। ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਵੱਡੀ ਗਿਣਤੀ ‘ਚ ਲੋਕ ਸ਼ਾਮਲ ਹੋਏ। ਦੱਖਣੀ ਕਸ਼ਮੀਰ ਦੇ ਅਨੰਤਨਾਗ ‘ਚ ਅੱਤਵਾਦੀਆਂ ਤੇ ਜਵਾਨਾਂ ਵਿਚਾਲੇ ਮੁਕਾਬਲਾ ਹੋਇਆ। ਦੋਵਾਂ ਪਾਸਿਆਂ ਤੋਂ ਤੇਜ਼ ਗੋਲੀਬਾਰੀ ਹੋਈ। ਉੱਥੇ ਹੀ ਇਸ ਮੁਕਾਬਲੇ ’ਚ ਪਾਣੀਪਤ ਦੇ ਲਾਲ ਤੇ ਬਹਾਦਰ ਪੁੱਤਰ ਮੇਜਰ ਆਸ਼ੀਸ਼ ਧੌਂਣਚੱਕ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਬੀਤੀ ਰਾਤ ਚੰਡੀਗੜ੍ਹ ਲਿਆਂਦਾ ਗਿਆ ਤੇ ਉਥੋਂ ਪਾਣੀਪਤ ਭੇਜ ਦਿੱਤਾ ਗਿਆ। ਉਨ੍ਹਾਂ ਦੇ ਦਰਸ਼ਨਾਂ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ। ਮੇਜਰ ਆਸ਼ੀਸ਼ ਧੌਂਚਕ ਦੀ ਦੇਹ ਨੂੰ ਸਸਕਾਰ ਲਈ ਪਿੰਡ ਬਿੰਜੌਲ ਪਹੁੰਚ ਦਿੱਤਾ ਗਿਆ ਹੈ।ਜਿਸ ਤੋਂ ਬਾਅਦ ਉਸ ਦੀ ਲਾਸ਼ ਨੂੰ ਸਸਕਾਰ ਲਈ ਲਿਜਾਇਆ ਜਾਵੇਗਾ। ਮੇਜਰ ਆਸ਼ੀਸ਼ ਨੂੰ ਅੰਤਿਮ ਵਿਦਾਈ ਦੇਣ ਲਈ ਭਾਰੀ ਭੀੜ ਇਕੱਠੀ ਹੋਈ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਲਿਜਾਣ ਸਮੇਂ ਪਾਨੀਪਤ ‘ਚ ਵਿਦਿਆਰਥੀਆਂ ਤੇ ਸਥਾਨਕ ਲੋਕਾਂ ਨੇ ‘ਭਾਰਤ ਮਾਤਾ ਦੀ ਜੈ’ ਦੇ ਨਾਅਰੇ ਲਾਏ। ਮੇਜਰ ਆਸ਼ੀਸ਼ ਦੀ ਮ੍ਰਿਤਕ ਦੇਹ ਸ਼ੁੱਕਰਵਾਰ ਸਵੇਰੇ ਉਨ੍ਹਾਂ ਦੀ ਟੀਡੀਆਈ ਰਿਹਾਇਸ਼ ‘ਤੇ ਲਿਆਂਦੀ ਗਈ। ਅਜਿਹੇ ’ਚ ਉਨ੍ਹਾਂ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਕਰਨ ਲਈ ਲੋਕ ਸਵੇਰ ਤੋਂ ਹੀ ਉਨ੍ਹਾਂ ਦੀ ਰਿਹਾਇਸ਼ ‘ਤੇ ਪਹੁੰਚਣੇ ਸ਼ੁਰੂ ਹੋ ਗਏ ਸਨ। ਜਿਵੇਂ ਹੀ ਉਨ੍ਹਾਂ ਦੀ ਦੇਹ ਟੀਡੀਆਈ ਸਥਿਤ ਉਨ੍ਹਾਂ ਦੇ ਨਿਵਾਸ ਸਥਾਨ ‘ਤੇ ਪਹੁੰਚੀ ਤਾਂ ਸਾਰਿਆਂ ਦੀਆਂ ਅੱਖਾਂ ‘ਚ ਹੰਝੂ ਸਨ। ਭਰਾ ਦੀ ਲਾਸ਼ ਦੇਖ ਕੇ ਭੈਣਾਂ ਰੋ ਪਈਆਂ।

# ਜੰਮੂ-ਕਸ਼ਮੀਰ 'ਚ ਮਾਰੇ ਗਏ ਤਿੰਨ ਸੁਰੱਖਿਆ ਅਧਿਕਾਰੀਆਂ ਨੂੰ ਸਕੂਲੀ ਵਿਦਿਆਰਥੀਆਂ ਨੇ ਦਿੱਤੀ ਸ਼ਰਧਾਂਜਲੀ



ਜੰਮੂ-ਕਸ਼ਮੀਰ ਦੇ ਅਨੰਤਨਾਗ 'ਚ ਬੁੱਧਵਾਰ ਨੂੰ ਹੋਏ ਮੁਕਾਬਲੇ 'ਚ ਸ਼ਹੀਦ ਹੋਏ ਤਿੰਨ ਸੁਰੱਖਿਆ ਅਧਿਕਾਰੀਆਂ ਨੂੰ ਜੰਮੂ ਦੇ ਸਕੂਲੀ ਵਿਦਿਆਰਥੀਆਂ ਨੇ ਸ਼ਰਧਾਂਜਲੀ ਦਿੱਤੀ। ਵਿਦਿਆਰਥੀ ਸ਼ਹੀਦ ਸੈਨਿਕਾਂ ਦੇ ਪੋਸਟਰ ਅਤੇ ਹੱਥਾਂ ਵਿੱਚ ਭਾਰਤੀ ਝੰਡੇ ਲੈ ਕੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕਰਦੇ ਨਜ਼ਰ ਆਏ। ਅਧਿਕਾਰੀਆਂ ਮੁਤਾਬਕ ਮ੍ਰਿਤਕ ਅਧਿਕਾਰੀਆਂ ਦੀ ਪਛਾਣ ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼ ਧੋਨਕ ਅਤੇ ਡੀਵਾਈਐਸਪੀ ਹੁਮਾਯੂੰ ਭੱਟ ਵਜੋਂ ਹੋਈ ਹੈ।

ਭਾਰਤੀ ਫੌਜ ਦੇ ਅਧਿਕਾਰੀਆਂ ਨੇ ਕਿਹਾ, ਰਾਸ਼ਟਰੀ ਰਾਈਫਲਜ਼ ਯੂਨਿਟ ਦੀ ਕਮਾਂਡ ਕਰ ਰਹੇ ਭਾਰਤੀ ਫੌਜ ਦੇ ਇੱਕ ਕਰਨਲ ਅਤੇ ਇੱਕ ਮੇਜਰ ਨੇ ਕਸ਼ਮੀਰ ਵਿੱਚ ਅੱਤਵਾਦੀਆਂ ਨਾਲ ਅਨੰਤਨਾਗ ਵਿੱਚ ਇੱਕ ਮੁਕਾਬਲੇ ਵਿੱਚ ਆਪਣੀ ਜਾਨ ਗੁਆ ਦਿੱਤੀ ਹੈ। ਆਫ-ਵੈਟ 19 ਆਰਆਰ ਦੀ ਕਮਾਂਡ ਕਰ ਰਿਹਾ ਸੀ। ਭਾਰਤੀ ਫੌਜ ਦੇ ਅਧਿਕਾਰੀਆਂ ਨੇ ਕਿਹਾ। ਜੰਮੂ-ਕਸ਼ਮੀਰ 'ਚ ਅੱਤਵਾਦੀਆਂ ਨਾਲ ਮੁਕਾਬਲੇ 'ਚ ਭਾਰਤੀ ਫੌਜ ਦੇ ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼, ਡਿਪਟੀ ਐੱਸਪੀ ਹੁਮਾਯੂੰ ਭੱਟ ਸ਼ਹੀਦ ਹੋ ਗਏ।

ਇਕ ਮਾਈਕ੍ਰੋ-ਬਲੌਗਿੰਗ ਸਾਈਟ 'ਤੇ ਇਕ ਸੰਦੇਸ਼ ਵਿਚ, ਐਕਸ, ਕਸ਼ਮੀਰ ਜ਼ੋਨ ਪੁਲਿਸ ਨੇ ਕਿਹਾ: "ਕਰਨਲ ਮਨਪ੍ਰੀਤ ਸਿੰਘ, ਮੇਜਰ ਆਸ਼ੀਸ਼ ਧੋਨਕ ਅਤੇ ਡੀਐਸਪੀ ਹੁਮਾਯੂੰ ਭੱਟ ਦੀ ਅਟੱਲ ਬਹਾਦਰੀ ਨੂੰ ਸ਼ਰਧਾਂਜਲੀ ਵਜੋਂ, ਜਿਨ੍ਹਾਂ ਨੇ ਇਸ ਚੱਲ ਰਹੇ ਅਪਰੇਸ਼ਨ ਦੌਰਾਨ ਸਾਹਮਣੇ ਤੋਂ ਅਗਵਾਈ ਕਰਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਸਾਡੀਆਂ ਫੌਜਾਂ ਅਟੱਲ ਸੰਕਲਪ ਨਾਲ ਕਾਇਮ ਹਨ ਕਿਉਂਕਿ ਉਨ੍ਹਾਂ ਨੇ ਉਜ਼ੈਰ ਖਾਨ ਸਮੇਤ 2 ਐਲਈਟੀ ਅੱਤਵਾਦੀਆਂ ਨੂੰ ਘੇਰ ਲਿਆ ਹੈ।

# ਵੀਪੀ ਜਗਦੀਪ ਧਨਖੜ ਆਈਸੀਏਆਰ-ਸੈਂਟਰਲ ਸ਼ੀਪ ਐਂਡ ਵੂਲ ਰਿਸਰਚ ਇਸਟੀਚਿਊਟ ਪਹੁੰਚੇ



ਟੋਂਕ : ਉਪ ਪ੍ਰਧਾਨ ਜਗਦੀਪ ਧਨਖੜ ਦਾ ਵੀਰਵਾਰ ਨੂੰ ਟੋਂਕ ਦੇ ਅਵਿਕਾਨਗਰ ਵਿਖੇ ਆਈ.ਸੀ.ਏ.ਆਰ.-ਕੇਂਦਰੀ ਭੇਡ ਅਤੇ ਉੱਨ ਖੋਜ ਸੰਸਥਾਨ ਪਹੁੰਚਣ 'ਤੇ ਕੇਂਦਰੀ ਵਿਦਿਆਲਿਆ ਦੇ ਵਿਦਿਆਰਥੀਆਂ ਦੁਆਰਾ ਸਵਾਗਤ ਕੀਤਾ ਗਿਆ।

# ਐਲਜੀ ਨੇ ਜੀ-20 ਦੀ ਸਫਲਤਾ ਵਿੱਚ ਯੋਗਦਾਨ ਪਾਉਣ ਲਈ ਸਟਾਫ ਦਾ ਕੀਤਾ ਸਨਮਾਨ

ਨਵੀਂ ਦਿੱਲੀ: ਉਪ ਰਾਜਪਾਲ ਵੀਕੇ ਸਕਸੈਨਾ ਨੇ ਵਿਦੇਸ਼ ਅਤੇ ਸੱਭਿਆਚਾਰ ਰਾਜ ਮੰਤਰੀ ਮੀਨਾਕਸ਼ੀ ਲੇਖੀ ਦੀ ਮੌਜੂਦਗੀ ਵਿੱਚ ਬੁੱਧਵਾਰ ਨੂੰ ਤਾਲਕਟੋਰਾ ਇਨਡੋਰ ਸਟੇਡੀਅਮ ਵਿੱਚ ਇੱਕ ਪ੍ਰੋਗਰਾਮ ਵਿੱਚ ਜੀ-20 ਦੀਆਂ ਤਿਆਰੀਆਂ ਵਿੱਚ ਯੋਗਦਾਨ ਪਾਉਣ ਲਈ ਨਵੀਂ ਦਿੱਲੀ ਨਗਰ ਕੌਂਸਲ (NDMC) ਦੇ ਕਰਮਚਾਰੀਆਂ ਦਾ ਸਨਮਾਨ ਕੀਤਾ।

ਲਗਭਗ 28 ਕਰਮਚਾਰੀਆਂ ਨੂੰ 'ਅਸਾਧਾਰਨ ਡਿਊਟੀਆਂ' ਲਈ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ, ਅਤੇ ਵਿਭਾਗਾਂ ਦੇ ਪੰਜ ਕਰਮਚਾਰੀਆਂ ਨੇ ਪਤਵੰਤਿਆਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ।

ਐਲਜੀ ਨੇ ਕਿਹਾ, 'ਸਰਕਾਰੀ ਡਿਊਟੀ ਵਜੋਂ ਨਹੀਂ, ਸਗੋਂ ਆਪਣੇ ਨਿੱਜੀ ਕੰਮ ਵਜੋਂ', ਆਪਣੀ ਨਿਰਧਾਰਤ ਡਿਊਟੀ ਨੂੰ ਪੂਰਾ ਕਰਨ ਲਈ ਫੌਜੀਆਂ ਵਜੋਂ ਪੂਰੀ ਤਰ੍ਹਾਂ ਸਮਰਪਿਤ ਸਨ।'

ਸਕਸੈਨਾ ਨੇ ਸੜਕਾਂ, ਫੁਹਾਰੇ, ਮੂਰਤੀਆਂ, ਬੂਟੇ ਲਗਾਉਣ ਅਤੇ ਫੁੱਟਪਾਥਾਂ ਦੀ ਸਫ਼ਾਈ ਦਾ ਕੰਮ ਕਰਕੇ ਨਵੀਂ ਦਿੱਲੀ ਖੇਤਰ ਵਿੱਚ ਸਫਾਈ, ਸੁੰਦਰੀਕਰਨ ਅਤੇ ਹਰਿਆਲੀ ਵਿੱਚ ਮਦਦ ਕਰਨ ਲਈ ਸਾਰੇ ਐਨਡੀਐਮਸੀ ਸਟਾਫ਼ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ, ਇਸ ਨੂੰ ਇੱਕ ਪ੍ਰਾਪਤੀ ਦੱਸਿਆ ਅਤੇ ਨਗਰ ਨਿਗਮ ਅਤੇ ਨਗਰ ਨਿਗਮ ਨੂੰ ਬੇਨਤੀ ਕੀਤੀ। ਸਿਖਰ ਸੰਮੇਲਨ ਤੋਂ ਬਾਅਦ ਨਾਗਰਿਕਾਂ ਨੂੰ ਵੀ ਇਸ ਦੇ ਰੱਖ-ਰਖਾਅ ਵਿੱਚ ਸਹਿਯੋਗ ਕਰਨ ਲਈ।



ਐਨਡੀਐਮਸੀ ਦੇ ਚੇਅਰਪਰਸਨ ਅਮਿਤ ਯਾਦਵ, ਜੋ ਕਿ ਸਮਾਰੋਹ ਵਿੱਚ ਮੌਜੂਦ ਸਨ, ਨੇ ਕਿਹਾ, "ਐਨਡੀਐਮਸੀ ਟੀਮ ਵਿੱਚ ਹਰ ਸਫਾਈ ਸੇਵਕ, ਮਾਲੀ, ਬੇਲਦਾਰ, ਇਲੈਕਟ੍ਰੀਸ਼ੀਅਨ ਅਤੇ ਹੋਰ ਫੀਲਡ ਵਰਕਰ ਨੇ ਹਰ ਚੁਣੌਤੀ ਦੇ ਬਾਵਜੂਦ ਪੂਰੀ ਲਗਨ ਨਾਲ ਹਰ ਕੰਮ ਨੂੰ ਅੰਜਾਮ ਦਿੱਤਾ। ਹੁਣ, ਸਾਡੇ ਕੋਲ ਜੀ-20 ਸਿਖਰ ਸੰਮੇਲਨ ਤੋਂ ਬਾਅਦ ਵੀ ਮਿਆਰਾਂ ਦੀ ਉਹੀ ਸਥਿਤੀ ਬਣਾਈ ਰੱਖਣ ਦੀ ਨਵੀਂ ਚੁਣੌਤੀ ਹੈ। ਮੈਨੂੰ ਉਮੀਦ ਹੈ ਕਿ ਨਾ ਸਿਰਫ NDMC ਦੇ ਕਰਮਚਾਰੀ ਬਲਕਿ ਨਵੀਂ ਦਿੱਲੀ ਦੇ ਨਾਗਰਿਕ ਅਤੇ ਸੈਲਾਨੀ ਵੀ ਇਨ੍ਹਾਂ ਢਾਂਚੇ ਨੂੰ ਬਣਾਈ ਰੱਖਣ ਲਈ ਸਾਡਾ ਸਾਥ ਦੇਣਗੇ। ਇਸ ਮੌਕੇ ਦਿੱਲੀ ਦੇ ਮੁੱਖ ਸਕੱਤਰ ਨਰੇਸ਼ ਕੁਮਾਰ ਅਤੇ ਐਨਡੀਐਮਸੀ ਕੌਂਸਲ ਮੈਂਬਰ ਵਿਸ਼ਾਖਾ ਸ਼ੈਲਾਨੀ, ਗਿਰੀਸ਼ ਸਚਦੇਵਾ ਅਤੇ ਕੁਲਜੀਤ ਚਾਹਲ ਵੀ ਮੌਜੂਦ ਸਨ।

# ਰਣਨੀਤੀ ਅਤੇ ਤਿਆਰੀਆਂ ਤੇ ਚਰਚਾ ਲਈ ਭਾਜਪਾ ਦੀ ਬੈਠਕ, ਸ਼ਾਹ-ਸ਼ਿਵਰਾਜ ਰਹੇ ਮੌਜੂਦ




ਨਵੀਂ ਦਿੱਲੀ- ਭਾਜਪਾ ਦੇ ਪ੍ਰਧਾਨ ਜੇ.ਪੀ. ਨੱਢਾ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਦੇ ਹੋਰ ਨੇਤਾਵਾਂ ਨੇ ਮੱਧ ਪ੍ਰਦੇਸ਼ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਅਤੇ ਤਿਆਰੀਆਂ 'ਤੇ ਚਰਚਾ ਲਈ ਸੋਮਵਾਰ ਨੂੰ ਬੈਠਕ ਕੀਤੀ। ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਚੱਲੀ ਇਹ ਬੈਠਕ ਇੱਥੇ ਨੱਢਾ ਦੀ ਰਿਹਾਇਸ਼ 'ਤੇ ਹੋਈ। ਇਹ ਬੈਠਕ ਪਾਰਟੀ ਵਲੋਂ ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ 39 ਉਮੀਦਵਾਰਾਂ ਦੀ ਆਪਣੀ ਪਹਿਲੀ ਸੂਚੀ ਜਾਰੀ ਕੀਤੇ ਜਾਣ ਦੇ ਕੁਝ ਦਿਨ ਬਾਅਦ ਹੋਈ।

ਸੂਤਰਾਂ ਨੇ ਦੱਸਿਆ ਚੋਣਾਂ ਲਈ ਪਾਰਟੀ ਦੀਆਂ ਤਿਆਰੀਆਂ ਅਤੇ ਰਣਨੀਤੀ ਤੋਂ ਇਲਾਵਾ ਹੋਰ ਸੰਭਾਵਿਤ ਉਮੀਦਵਾਰਾਂ ਦੇ ਨਾਵਾਂ 'ਤੇ ਵੀ ਚਰਚਾ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਸੰਭਾਵਿਤ ਉਮੀਦਵਾਰਾਂ ਦੀ ਸੂਚੀ 'ਤੇ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੀ ਬੈਠਕ ਵਿਚ ਚਰਚਾ ਕੀਤੀ ਜਾਵੇਗੀ। ਕਮੇਟੀ ਦੀ ਬੈਠਕ ਵੀ ਜਲਦ ਹੋਣ ਦੀ ਉਮੀਦ ਹੈ।

ਬੈਠਕ ਵਿਚ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਪ੍ਰਦੇਸ਼ ਇਕਾਈ ਦੇ ਪ੍ਰਧਾਨ ਵੀ. ਡੀ. ਸ਼ਰਮਾ, ਪ੍ਰਦੇਸ਼ ਸੰਗਠਨ ਜਨਰਲ ਸਕੱਤਰ ਹਿਤਾਨੰਦ ਸ਼ਰਮਾ ਅਤੇ ਮੱਧ ਪ੍ਰਦੇਸ਼ ਚੋਣ ਮੁਖੀ ਅਤੇ ਕੇਂਦਰੀ ਮੰਤਰੀ ਭੁਪਿੰਦਰ ਯਾਦਵ ਅਤੇ ਅਸ਼ਵਨੀ ਵੈਸ਼ਣਵ ਵੀ ਹਾਜ਼ਰ ਰਹੇ। ਬੈਠਕ ਵਿਚ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਬੀ. ਐੱਲ. ਸੰਤੋਸ਼, ਪਾਰਟੀ ਦੀ ਮੱਧ ਪ੍ਰਦੇਸ਼ ਚੋਣ ਪ੍ਰਬੰਧਨ ਕਮੇਟੀ ਦੇ ਕਨਵੀਨਰ ਨਰਿੰਦਰ ਸਿੰਘ ਤੋਮਰ ਅਤੇ ਕੈਲਾਸ਼ ਵਿਜੇਵਰਗਯੀ ਵਿਚ ਸ਼ਾਮਲ ਹੋਏ।

# ਪੰਛੀ ਪਿੰਜਰਿਆਂ 'ਚ ਚੰਗੇ ਨਹੀਂ ਲੱਗਦੇ, ਉਨ੍ਹਾਂ ਨੂੰ ਅਜ਼ਾਦੀ ਨਾਲ ਉੱਡਣ ਦਿਓ








ਅੰਮ੍ਰਿਤਸਰ : ਸੁਤੰਤਰਤਾ ਦਿਵਸ ਤੋਂ ਪਹਿਲਾਂ, ਪੇਟਾ ਇੰਡੀਆ ਅਤੇ ਆਸ਼ਰੇ ਫਾਉਂਡੇਸ਼ਨ ਨੇ ਇਸ ਗੱਲ 'ਤੇ ਜ਼ੋਰ ਦੇਣ ਲਈ ਇੱਕ ਸ਼ਾਂਤਮਈ ਪ੍ਰਦਰਸ਼ਨ ਕੀਤਾ ਕਿ ਪੰਛੀਆਂ ਨੂੰ ਉੱਡਣ ਦੀ ਆਜ਼ਾਦੀ ਤੋਂ ਇਨਕਾਰ ਕਰਨਾ ਕਿੰਨਾ ਬੇਰਹਿਮ ਹੈ। ਇਸ ਕਾਰਵਾਈ ਦੌਰਾਨ, ਇੱਕ ਵਲੰਟੀਅਰ ਨੇ ਵੀ.ਆਰ. ਅੰਬਰਸਰ ਮਾਲ ਦੇ ਬਾਹਰ ਇੱਕ ਪਿੰਜਰੇ ਵਿੱਚ ਪੰਛੀ ਦੇ ਰੂਪ ਵਿੱਚ ਪੇਸ਼ ਕੀਤਾ। ਕੁਦਰਤ ਵਿੱਚ, ਪੰਛੀ ਸਮਾਜਿਕ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ, ਜਿਵੇਂ ਕਿ ਰੇਤ ਵਿੱਚ ਨਹਾਉਣਾ, ਲੁਕਣ-ਮੀਟੀ ਖੇਡਣਾ, ਨੱਚਣਾ, ਆਪਣੇ ਸਾਥੀਆਂ ਨਾਲ ਆਲ੍ਹਣੇ ਬਣਾਉਣਾ, ਅਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ। ਪਰ ਜਦੋਂ ਉਨ੍ਹਾਂ ਨੂੰ ਪਿੰਜਰੇ ਵਿੱਚ ਰੱਖਿਆ ਜਾਂਦਾ ਹੈ, ਤਾਂ ਇਹ ਉਹੀ ਜੀਵੰਤ ਜਾਨਵਰ ਉਦਾਸ ਹੋ ਜਾਂਦੇ ਹਨ ਅਤੇ ਪਿੱਛੇ ਹਟ ਜਾਂਦੇ ਹਨ। ਉਹ ਅਕਸਰ ਆਪਣੇ ਆਪ ਨੂੰ ਵਿਗਾੜਨ ਦੇ ਬਿੰਦੂ ਲਈ ਬਹੁਤ ਜ਼ਿਆਦਾ ਪੇਸ਼ ਕਰਦੇ ਹਨ. ਕੁਝ ਲੋਕ ਪੰਛੀਆਂ ਨੂੰ ਵਿੰਗ-ਕਲਿੱਪਿੰਗ ਸਹਿਣ ਲਈ ਮਜਬੂਰ ਕਰਦੇ ਹਨ ਤਾਂ ਜੋ ਉਹ ਉੱਡ ਨਾ ਸਕਣ, ਫਿਰ ਵੀ ਪੰਛੀਆਂ ਲਈ ਉੱਡਣਾ ਓਨਾ ਹੀ ਕੁਦਰਤੀ ਅਤੇ ਮਹੱਤਵਪੂਰਣ ਹੈ ਜਿੰਨਾ ਮਨੁੱਖਾਂ ਲਈ ਤੁਰਨਾ ਹੈ। ਪੰਛੀਆਂ ਨੂੰ ਕੁਦਰਤ ਤੋਂ ਫੜ ਲਿਆ ਜਾਂਦਾ ਹੈ, ਛੋਟੇ ਬਕਸੇ ਵਿੱਚ ਪੈਕ ਕੀਤਾ ਜਾਂਦਾ ਹੈ, ਅਤੇ ਗੁਲਾਮੀ ਵਿੱਚ ਵੇਚਣ ਲਈ ਭੇਜ ਦਿੱਤਾ ਜਾਂਦਾ ਹੈ, ਅਤੇ ਬਹੁਤ ਸਾਰੇ ਦੁਖੀ ਹੁੰਦੇ ਹਨ ਅਤੇ ਆਵਾਜਾਈ ਵਿੱਚ ਮਰ ਜਾਂਦੇ ਹਨ, ਆਮ ਤੌਰ 'ਤੇ ਟੁੱਟੇ ਖੰਭਾਂ ਜਾਂ ਲੱਤਾਂ, ਡੀਹਾਈਡਰੇਸ਼ਨ, ਭੁੱਖਮਰੀ ਜਾਂ ਤਣਾਅ ਕਾਰਨ। ਸਰਕਾਰ ਨੇ ਭਾਰਤ ਵਿੱਚ ਦੇਸੀ ਪੰਛੀਆਂ ਦੀਆਂ ਕਿਸਮਾਂ ਨੂੰ ਫੜਨ ਅਤੇ ਵਪਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ, ਅਤੇ ਜਾਨਵਰਾਂ ਲਈ ਬੇਰਹਿਮੀ ਦੀ ਰੋਕਥਾਮ ਐਕਟ, 1960, ਕਿਸੇ ਜਾਨਵਰ ਨੂੰ ਪਿੰਜਰੇ ਜਾਂ ਕੋਠੜੀ ਵਿੱਚ ਰੱਖਣਾ ਗੈਰ-ਕਾਨੂੰਨੀ ਬਣਾਉਂਦਾ ਹੈ ਜੋ ਅੰਦੋਲਨ ਲਈ ਉਚਿਤ ਮੌਕਾ ਪ੍ਰਦਾਨ ਨਹੀਂ ਕਰਦਾ। ਪੰਛੀਆਂ ਲਈ, 'ਵਾਜਬ ਅੰਦੋਲਨ' ਦਾ ਅਰਥ ਹੈ ਉਡਾਣ। ਇਨ੍ਹਾਂ ਕਾਨੂੰਨਾਂ ਦੇ ਬਾਵਜੂਦ, ਪੰਛੀਆਂ - ਜਿਨ੍ਹਾਂ ਵਿੱਚ ਮੁਨੀਆ, ਮੈਨਾ, ਤੋਤੇ, ਉੱਲੂ, ਬਾਜ਼, ਮੋਰ ਅਤੇ ਪੈਰਾਕੀਟ ਸ਼ਾਮਲ ਹਨ - ਨੂੰ ਪਿੰਜਰਿਆਂ ਵਿੱਚ ਬੰਦ ਕਰਕੇ ਬਾਜ਼ਾਰਾਂ ਵਿੱਚ ਵੇਚਿਆ ਜਾਂਦਾ ਹੈ।

# ਵਿਦਿਆਰਥੀਆਂ ਨੇ ਆਰਐਸਐਸ ਮੁਖੀ ਮੋਹਨ ਭਾਗਵਤ ਦੇ ਗੁੱਟ 'ਤੇ ਰੱਖੜੀ ਬੰਨ੍ਹੀ



ਗੁਹਾਟੀ ਦੇ ਫੈਂਸੀ ਬਾਜ਼ਾਰ ਸਥਿਤ ਭਗਵਾਨ ਮਹਾਵੀਰ ਧਰਮਸਥਲ 'ਚ ਸ਼ੁੱਕਰਵਾਰ ਨੂੰ ਆਚਾਰੀਆ ਪ੍ਰਧਾਨ ਸਾਗਰ ਜੀ ਮਹਾਰਾਜ ਨੂੰ ਮਿਲਣ ਦੇ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਦੇ ਗੁੱਟ 'ਤੇ ਰੱਖੜੀ ਬੰਨ੍ਹੀ।

# TN ਅੱਗ ਅਤੇ ਬਚਾਅ ਸੇਵਾਵਾਂ ਵਿਭਾਗ ਫਾਇਰ ਸਟੇਸ਼ਨ 'ਤੇ ਸੁਰੱਖਿਆ ਅਤੇ ਬਚਾਅ ਉਪਕਰਨ ਪ੍ਰਦਰਸ਼ਿਤ ਕੀਤਾ



ਚੇਨਈ: ਤਾਮਿਲਨਾਡੂ ਦੇ ਅੱਗ ਅਤੇ ਬਚਾਅ ਸੇਵਾਵਾਂ ਵਿਭਾਗ ਨੇ ਚੇਨਈ ਵਿਚ ਆਉਣ ਵਾਲੇ ਮਾਨਸੂਨ ਦੀ ਤਿਆਰੀ ਕਰਦੇ ਹੋਏ ਫਾਇਰ ਸਟੇਸ਼ਨ 'ਤੇ ਸੁਰੱਖਿਆ ਅਤੇ ਬਚਾਅ ਉਪਕਰਣ ਪ੍ਰਦਰਸ਼ਿਤ ਕੀਤੇ।

# ਸੀਓਏਐਸ ਜਨਰਲ ਮਨੋਜ ਪਾਂਡੇ ਨੇ ਐਡਮਿਰਲ ਐਮ ਨਜ਼ਮੁਲ ਹਸਨ ਨਾਲ ਕੀਤੀ ਮੁਲਾਕਾਤ




ਨਵੀਂ ਦਿੱਲੀ : ਸੀਓਏਐਸ ਜਨਰਲ ਮਨੋਜ ਪਾਂਡੇ ਨੇ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਬੰਗਲਾਦੇਸ਼ ਜਲ ਸੈਨਾ ਦੇ ਨੇਵਲ ਸਟਾਫ ਦੇ ਮੁਖੀ ਐਡਮਿਰਲ ਐਮ ਨਜ਼ਮੁਲ ਹਸਨ ਨਾਲ ਮੁਲਾਕਾਤ ਕੀਤੀ ਅਤੇ ਰੱਖਿਆ ਸਹਿਯੋਗ ਨੂੰ ਹੋਰ ਵਧਾਉਣ ਅਤੇ ਬਹੁ-ਅਨੁਸ਼ਾਸਨੀ ਪਹਿਲਕਦਮੀਆਂ ਵਿੱਚ ਭਾਗੀਦਾਰੀ ਨਾਲ ਸਬੰਧਤ ਪਹਿਲੂਆਂ 'ਤੇ ਚਰਚਾ ਕੀਤੀ।

# ਅਨੰਤਨਾਗ ਮੁਕਾਬਲੇ 'ਚ ਲਾਪਤਾ ਹੋਇਆ ਫੌਜੀ ਪਰਦੀਪ ਸਿੰਘ ਸ਼ਹੀਦ, ਮ੍ਰਿਤਕ ਦੇਹ ਹੋਈ ਬਰਾਮਦ

ਸਮਾਣਾ : ਫ਼ੌਜੀ ਜਵਾਨ ਪਰਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਬੱਲਮਗੜ੍ਹ (ਸਮਾਣਾ) ਕਸ਼ਮੀਰ ਦੇ ਅਨੰਤਨਾਗ 'ਚ ਫ਼ੌਜੀ ਆਪਰੇਸ਼ਨ 'ਚ 13 ਸਤੰਬਰ ਨੂੰ ਸ਼ਹੀਦ ਹੋ ਗਿਆ ਸੀ। ਪਿੰਡ ਵਾਸੀਆਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਰਦੀਪ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਬਲਮਗੜ੍ਹ ਜੋ ਕਰੀਬ ਤਿੰਨ ਸਾਲ ਪਹਿਲਾਂ ਭਾਰਤੀ ਫੌਜ ਵਿਚ ਭਰਤੀ ਹੋਇਆ ਸੀ ਜਿਸ ਦੀ ਤਾਇਨਾਤੀ ਹੁਣ ਜੰਮੂ ਕਸ਼ਮੀਰ ਦੇ ਅਨੰਤਨਾਗ ਵਿਖੇ ਸੀ, ਜਿੱਥੇ ਅੱਤਵਾਦੀਆਂ ਨਾਲ ਚੱਲ ਰਹੇ ਮੁਕਾਬਲੇ ਦੌਰਾਨ 13 ਸਤੰਬਰ ਨੂੰ ਪਰਦੀਪ ਸਿੰਘ ਲਾਪਤਾ ਹੋ ਗਿਆ ਸੀ ਜਿਸ ਦੀ ਹੁਣ ਮ੍ਰਿਤਕ ਦੇਹ ਬਰਾਮਦ ਹੋ ਗਈ ਹੈ।

ਪਰਦੀਪ ਸਿੰਘ ਦਾ ਵਿਆਹ ਕਰੀਬ ਡੇਢ ਸਾਲ ਪਹਿਲਾਂ ਹੋਇਆ ਸੀ। ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਪਰਦੀਪ ਸਿੰਘ ਬਲਮਗੜ੍ਹ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਪਿੰਡ ਲਿਆਂਦੀ ਗਈ ਹੈ। ਜਿੱਥੇ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।



## ਜੰਨਤ ਨਾ ਬਣੇ ਦੋਜ਼ਖ਼

# ਕਸ਼ਮੀਰ ਵਾਦੀ 'ਚੋਂ ਹਾਲੇ ਤੱਕ ਨਹੀਂ ਹੋ ਸਕਿਆ ਦਹਿਸ਼ਤਗਰਦੀ ਦਾ ਖ਼ਾਤਮਾ

ਧਰਤੀ ਦਾ 'ਸੁਰਗ' ਅਖਵਾਉਣ ਵਾਲੀ ਕਸ਼ਮੀਰ ਵਾਦੀ 'ਚੋਂ ਦਹਿਸ਼ਤਗਰਦੀ ਦਾ ਖ਼ਾਤਮਾ ਹਾਲੇ ਤੱਕ ਨਹੀਂ ਹੋ ਸਕਿਆ ਹੈ। ਮੁਹਾਲੀ ਦੇ ਕਰਨਲ ਮਨਪ੍ਰੀਤ ਸਿੰਘ ਅਤੇ ਦੋ ਹੋਰ ਫ਼ੌਜੀ ਜਵਾਨਾਂ ਦੀ ਸ਼ਹਾਦਤ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਅਜਿਹੀਆਂ ਅੱਤਵਾਦੀ ਵਾਰਦਾਤਾਂ ਤੋਂ ਇਲਾਵਾ ਵੀ ਇਸ ਪਰਬਤੀ ਸੂਬੇ 'ਚ ਬਹੁਤ ਕੁਝ ਗ਼ਲਤ ਵਾਪਰ ਰਿਹਾ ਹੈ।

ਬੀਤੀ 25 ਅਗਸਤ ਨੂੰ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ 59 ਸਾਲਾ ਸਰਕਾਰੀ ਅਧਿਕਾਰੀ ਗੁਰਮੀਤ ਸਿੰਘ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ ਸੀ। ਉਸ ਤੋਂ ਅੱਠ ਦਿਨਾਂ ਬਾਅਦ ਦੱਖਣੀ ਕਸ਼ਮੀਰ ਦੇ ਤ੍ਰਾਲ 'ਚ 75 ਸਾਲਾ ਸੇਵਾ-ਮੁਕਤ ਸਰਕਾਰੀ ਅਫ਼ਸਰ ਕਰਨ ਸਿੰਘ ਦੀ ਲਾਸ਼ ਮਿਲ ਗਈ। ਜੰਮੂ-ਕਸ਼ਮੀਰ ਪੁਲਿਸ ਨੂੰ ਕਾਤਲਾਂ ਦੀ ਹਾਲੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲ ਸਕੀ ਹੈ। ਇਹ ਇਕ ਹਕੀਕਤ ਹੈ ਕਿ ਕਸ਼ਮੀਰ ਵਾਦੀ 'ਚ ਜੋ ਕੁਝ ਵੀ ਵਾਪਰਦਾ ਹੈ, ਉਸ ਦਾ ਨੋਟਿਸ ਕੌਮਾਂਤਰੀ ਪੱਧਰ 'ਤੇ ਜ਼ਰੂਰ ਲਿਆ ਜਾਂਦਾ ਹੈ।

ਖ਼ਾਸ ਤੌਰ 'ਤੇ ਪਾਕਿਸਤਾਨ 'ਚ ਬੈਠੇ ਭਾਰਤ-ਵਿਰੋਧੀ ਦਹਿਸ਼ਤਗਰਦ ਅਨਸਰਾਂ ਨੂੰ ਵੀ ਨਾਂਹ-ਪੱਖੀ ਟਿੱਪਣੀਆਂ ਕਰਨ ਦਾ ਮੌਕਾ ਮਿਲ ਜਾਂਦਾ ਹੈ ਜਦਕਿ ਵਾਦੀ 'ਚ ਅੱਤਵਾਦੀ ਵਾਰਦਾਤਾਂ ਨੂੰ ਉਹੀ ਲੋਕ ਅੰਜਾਮ ਦਿੰਦੇ ਹਨ। ਲਗਪਗ 135 ਕਿਲੋਮੀਟਰ ਲੰਬੀ ਖ਼ੂਬਸੂਰਤ ਵਾਦੀ ਪੀਰ ਪੰਜਾਲ ਦੀ ਪਰਬਤ-ਲੜੀ ਨਾਲ ਭਰਪੂਰ ਹੈ।



ਇਹ ਪਰਬਤ ਹੀ ਪਾਕਿਸਤਾਨ ਤੇ ਚੀਨ ਦੀ ਕੌਮਾਂਤਰੀ ਸਰਹੱਦ ਵੀ ਬਣ ਜਾਂਦੇ ਹਨ। ਜਿਹਲਮ ਦਰਿਆ ਵਾਦੀ ਨੂੰ ਸਿੰਜਦਾ ਹੈ।

ਇਸ ਖੇਤਰ ਦੇ ਖ਼ੂਬਸੂਰਤ ਕੁਦਰਤੀ ਨਜ਼ਾਰੇ ਵੇਖਦਿਆਂ ਹੀ ਬਣਦੇ ਹਨ। ਪਾਕਿਸਤਾਨ ਵੱਲੋਂ ਭਾਰਤ ਤੋਂ ਬੰਗਲਾਦੇਸ਼ ਦਾ ਬਦਲਾ ਲੈਣ ਲਈ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬਿਨਾਂ ਵਜ੍ਹਾ ਕਸ਼ਮੀਰ ਦਾ ਮੁੱਦਾ ਕੌਮਾਂਤਰੀ ਪੱਧਰ 'ਤੇ ਚੁੱਕਿਆ ਜਾਂਦਾ ਹੈ। ਉਸ ਦੇਸ਼ ਦੇ ਆਗੂ ਇਸੇ ਨੂੰ ਮੁੱਖ ਮੁੱਦਾ ਬਣਾ ਕੇ ਚੋਣਾਂ ਵੀ ਲੜਦੇ ਹਨ ਤੇ ਕਸ਼ਮੀਰੀ ਅਵਾਮ ਦੇ ਅਸਲ ਹਮਾਇਤੀ ਹੋਣ ਦੇ ਦਮਗਜੇ ਮਾਰਦੇ ਹਨ। ਭਾਰਤ ਸਰਕਾਰ ਨੇ ਜਦੋਂ ਪੰਜ ਅਗਸਤ 2019 ਨੂੰ ਧਾਰਾ 370 ਖ਼ਤਮ ਕੀਤੀ ਸੀ ਤਦ ਵੀ ਪਾਕਿ ਦੇ ਅਖੌਤੀ ਆਗੂਆਂ ਨੇ ਕਸ਼ਮੀਰ ਦੀ ਜਨਤਾ ਨੂੰ ਭੜਕਾਉਣ ਦੀ ਬਹੁਤ ਕੋਸ਼ਿਸ਼ ਕੀਤੀ ਸੀ।

ਉਦੋਂ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਜਾ ਕੇ ਵੀ ਅਪੀਲ ਕੀਤੀ ਸੀ ਪਰ ਭਾਰਤ ਸਰਕਾਰ ਨੇ ਸਪਸ਼ਟ ਕਰ ਦਿੱਤਾ ਸੀ ਕਿ ਕਿਸੇ ਹੋਰ ਦੇਸ਼ ਨੂੰ ਸਾਡੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਦੀ ਲੋੜ ਨਹੀਂ ਹੈ। ਦੋ ਕਸ਼ਮੀਰੀ ਸਿੱਖਾਂ ਦੀ ਭੇਤਭਰੀ ਹਾਲਤ 'ਚ ਮੌਤ ਲਈ ਜ਼ਿੰਮੇਵਾਰ ਕਾਤਲਾਂ ਨੂੰ ਹਾਲੇ ਤੱਕ ਕਿਉਂ ਗ੍ਰਿਫ਼ਤਾਰ ਨਹੀਂ ਕੀਤਾ ਗਿਆ? ਕੀ ਪੁਲਿਸ ਤੇ ਹੋਰ ਜਾਂਚ ਅਧਿਕਾਰੀਆਂ ਨੂੰ ਇਹ ਨਹੀਂ ਪਤਾ ਲੱਗਾ ਕਿ ਜੰਮੂ-ਕਸ਼ਮੀਰ ਸਰਕਾਰ ਦੇ ਮਾਰਗ ਤੇ ਭਵਨ ਵਿਭਾਗ ਦੇ ਸਹਾਇਕ ਕਾਰਜਕਾਰੀ ਇੰਜੀਨੀਅਰ ਗੁਰਮੀਤ ਸਿੰਘ 'ਤੇ ਕੁਝ ਉੱਚ ਅਧਿਕਾਰੀਆਂ ਨੇ ਲਗਾਤਾਰ ਦਬਾਅ ਬਣਾਇਆ ਹੋਇਆ ਸੀ ਕਿਉਂਕਿ ਉਹ ਇਕ ਸਥਾਨਕ ਠੇਕੇਦਾਰ ਨੂੰ ਲਾਭ ਪਹੁੰਚਾਉਣਾ ਚਾਹੁੰਦੇ ਸਨ। ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਥੋੜ੍ਹੀ ਪੁੱਛ-ਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਅਜਿਹੇ ਹਾਲਾਤ 'ਚ ਵਾਦੀ ਦੇ ਸਿੱਖਾਂ 'ਚ ਸਹਿਮ ਦਾ ਮਾਹੌਲ ਹੈ। ਸਥਾਨਕ ਵਾਸੀ ਪਿਛਲੇ ਕਾਲ਼ੇ ਦੌਰ ਦੇ ਸਮਿਆਂ ਵਾਂਗ ਦੁਬਾਰਾ ਹਿਜਰਤ ਕਰ ਕੇ ਨਾ ਜਾਣ, ਹੁਣ ਇਹ ਯਕੀਨੀ ਬਣਾਉਣ ਦੀ ਲੋੜ ਜਾਪਦੀ ਹੈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੀ ਅਗਵਾਈ ਹੇਠਲੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੇ ਪ੍ਰਸ਼ਾਸਨ ਨੂੰ ਇਸ ਪਾਸੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਹ 'ਜੰਨਤ' ਕਿਤੇ 'ਦੋਜ਼ਖ਼' ਨਾ ਬਣ ਜਾਵੇ।

# ਅਰਵਿੰਦਰ ਸਿੰਘ ਲਵਲੀ ਨੇ ਰਸਮੀ ਤੌਰ 'ਤੇ ਕਾਂਗਰਸ ਦੇ ਦਿੱਲੀ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

ਨਵੀਂ ਦਿੱਲੀ : ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਨੇ ਵੀਰਵਾਰ ਨੂੰ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ। ਉਨ੍ਹਾਂ ਕਿਹਾ ਕਿ ਰਾਸ਼ਟਰੀ ਰਾਜਧਾਨੀ ਵਿੱਚ ਪਾਰਟੀ ਨੂੰ ਮੁੜ ਸੁਰਜੀਤ ਕਰਨਾ ਅਤੇ ਇਸ ਦੇ ਜਥੇਬੰਦਕ ਢਾਂਚੇ ਨੂੰ ਠੀਕ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਇਸ ਪ੍ਰੋਗਰਾਮ 'ਚ ਕਾਂਗਰਸ ਦੇ ਦਿੱਲੀ ਇੰਚਾਰਜ ਦੀਪਕ ਬਾਬਰੀਆ ਅਤੇ ਅਜੇ ਮਾਕਨ, ਸੁਭਾਸ਼ ਚੋਪੜਾ, ਜੈ ਪ੍ਰਕਾਸ਼ ਅਗਰਵਾਲ ਅਤੇ ਅਨਿਲ ਚੌਧਰੀ - ਪਾਰਟੀ ਦੀ ਸੂਬਾ ਇਕਾਈ ਦੇ ਸਾਬਕਾ ਪ੍ਰਧਾਨ - ਮੌਜੂਦ ਸਨ।


ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਮਨੀਸ਼ ਚਤਰਥ ਅਤੇ ਦੇਵੇਂਦਰ ਯਾਦਵ, ਸਾਬਕਾ ਸੰਸਦ ਮੈਂਬਰ ਕ੍ਰਿਸ਼ਨਾ ਤੀਰਥ, ਸੰਦੀਪ ਦੀਕਸ਼ਿਤ ਅਤੇ ਰਾਜ ਸਭਾ ਦੇ ਸਾਬਕਾ ਮੈਂਬਰ ਪਰਵੇਜ਼ ਹਾਸ਼ਮੀ ਵੀ ਮੌਜੂਦ ਸਨ। ਅਹੁਦਾ ਸੰਭਾਲਣ ਤੋਂ ਬਾਅਦ, ਲਵਲੀ ਨੇ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਸੱਤਾਧਾਰੀ ਪਾਰਟੀਆਂ ਦੇ 'ਭ੍ਰਿਸ਼ਟਾਚਾਰ' ਵਿਰੁੱਧ ਲੜੇਗੀ ਅਤੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨੂੰ ਉਠਾਏਗੀ।



"ਮੈਂ ਹਾਈ ਕਮਾਂਡ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਮੈਂ ਸਾਰਿਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਸੀਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਹਰ ਵਰਕਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਾਂਗੇ, ਲਵਲੀ ਨੇ ਕਿਹਾ। ਲਵਲੀ ਪਹਿਲੀ ਵਾਰ 1998 ਵਿੱਚ ਗਾਂਧੀ ਨਗਰ ਤੋਂ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਮਰਹੂਮ ਸ਼ੀਲਾ ਦੀਕਸ਼ਿਤ ਨਾਲ ਨੇੜਿਓਂ ਕੰਮ ਕੀਤਾ।

ਉਸਨੇ ਦਿੱਲੀ ਵਿੱਚ ਕਾਂਗਰਸ ਦੀ ਸਰਕਾਰ ਵਿੱਚ ਟਰਾਂਸਪੋਰਟ, ਸਿੱਖਿਆ, ਸ਼ਹਿਰੀ ਵਿਕਾਸ ਅਤੇ ਮਾਲ ਮੰਤਰੀ ਵਜੋਂ ਕੰਮ ਕੀਤਾ। ਉਹ ਇਸ ਤੋਂ ਪਹਿਲਾਂ ਪਾਰਟੀ ਦੀ ਦਿੱਲੀ ਇਕਾਈ ਦੇ ਮੁਖੀ ਵਜੋਂ ਵੀ ਕੰਮ ਕਰ ਚੁੱਕੇ ਹਨ। ਲਵਲੀ ਨੂੰ 2019 ਦੀਆਂ ਲੋਕ ਸਭਾ ਚੋਣਾਂ 'ਚ ਪੂਰਬੀ ਦਿੱਲੀ ਹਲਕੇ ਤੋਂ ਭਾਜਪਾ ਦੇ ਗੌਤਮ ਗੰਭੀਰ ਅਤੇ 'ਆਪ' ਦੀ ਆਤਿਸ਼ੀ ਦੇ ਖਿਲਾਫ ਮੈਦਾਨ 'ਚ ਉਤਾਰਿਆ ਗਿਆ ਸੀ।

# ਪੰਜਾਬ 'ਚ ਸਨਅਤੀ ਤਰੱਕੀ ਦੀਆਂ ਆਸਾਂ ਨੂੰ ਪੈਣ ਲੱਗਾ ਬੂਰ



ਚੰਡੀਗੜ੍ਹ : ਪੰਜਾਬ ਸਰਕਾਰ ਵੱਲੋਂ ਸਨਅਤਕਾਰਾਂ ਨਾਲ ਮਿਲਣੀ ਦਾ ਚੁਪਾਸਿਓਂ ਸਵਾਗਤ ਹੋ ਰਿਹਾ ਹੈ। ਸੂਬੇ ਨੂੰ ਅਜਿਹੀ ਮਿਲਣੀ ਦੀ ਡਾਢੀ ਜ਼ਰੂਰਤ ਵੀ ਸੀ। ਇਸ ਪਹਿਲੀ ਮਿਲਣੀ 'ਚ ਬਹੁਤੇ ਸਨਅਤਕਾਰਾਂ ਨੇ ਇਹ ਮੰਨਿਆ ਕਿ ਹੁਣ ਸੱਚਮੁੱਚ ਜ਼ਮੀਨੀ ਪੱਧਰ 'ਤੇ ਕੰਮ ਹੋ ਰਿਹਾ ਹੈ ਅਤੇ ਸੂਬੇ ਦੀਆਂ ਸਨਅਤਾਂ ਦੇ ਆਪਣੇ ਦਮ 'ਤੇ ਡਟਣ ਦੀ ਆਸ ਬਣ ਗਈ ਹੈ। ਦਰਅਸਲ, 1980 ਤੋਂ 1995 ਤੱਕ ਦੇ ਡੇਢ ਦਹਾਕੇ ਦੌਰਾਨ ਪੰਜਾਬ 'ਚ ਅੱਤਵਾਦ ਦੇ ਕਾਲੇ ਦੌਰ ਕਾਰਨ ਪੰਜਾਬ ਦੇ ਸਨਅਤੀ ਖੇਤਰ 'ਚ ਵੱਡਾ ਨਿਘਾਰ ਆ ਗਿਆ ਸੀ। ਉਨ੍ਹਾਂ ਹੀ ਦਿਨਾਂ 'ਚ ਹਿਮਾਚਲ ਪ੍ਰਦੇਸ਼ ਦੇ ਦੱਖਣ-ਪੱਛਮ 'ਚ ਸੋਲਨ ਜ਼ਿਲ੍ਹੇ ਦੇ ਬੱਦੀ, ਬਰੋਟੀਵਾਲਾ ਤੇ ਨਾਲਾਗੜ੍ਹ ਇਲਾਕਿਆਂ ਨੂੰ ਪੱਛੜਿਆ ਇਲਾਕਾ ਐਲਾਨ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉੱਥੇ ਲੱਗਣ ਵਾਲੀਆਂ ਸਨਅਤਾਂ ਲਈ ਭਾਰੀ ਸਬਸਿਡੀ ਦੇਣ ਦੇ ਇੰਤਜ਼ਾਮ ਵੀ ਉਸ ਵੇਲੇ ਦੀ ਸਰਕਾਰ ਨੇ ਕਰ ਦਿੱਤੇ ਸਨ। ਪੰਜਾਬ ਦੇ ਮਾੜੇ ਹਿੰਸਕ ਦੌਰ ਅਤੇ ਬਿਜਲੀ ਤੇ ਹੋਰ ਬੁਨਿਆਦੀ ਢਾਂਚੇ ਦੀ ਮਾੜੀ ਦਸ਼ਾ ਕਾਰਨ ਉਸ ਵੇਲੇ ਸੂਬੇ ਦੇ ਬਹੁਤ ਸਾਰੇ ਉਦਯੋਗ ਹਿਮਾਚਲ ਦੇ ਉਸ ਇਲਾਕੇ 'ਚ ਤਬਦੀਲ ਹੋ ਗਏ ਸਨ। ਇਹ ਖੇਤਰ ਰੋਪੜ ਜ਼ਿਲ੍ਹੇ ਦੇ ਬਿਲਕੁਲ ਨਾਲ ਲੱਗਦਾ ਹੈ ਜਿਸ ਕਾਰਨ ਅਜਿਹਾ ਤਬਾਦਲਾ ਸੁਖਾਲ਼ਾ ਵੀ ਸੀ। ਇਸ ਤਬਾਦਲੇ ਨੇ ਹੀ ਪੰਜਾਬ ਦੀ ਅਰਥ-ਵਿਵਸਥਾ ਦਾ ਲੱਕ ਤੋੜ ਕੇ ਰੱਖ ਦਿੱਤਾ। ਕਾਫ਼ੀ ਸਾਰੇ ਨੌਜਵਾਨ ਬੇਰੁਜ਼ਗਾਰ ਹੋ ਗਏ ਕਿਉਂਕਿ ਸਭ ਤਾਂ ਖੇਤੀਬਾੜੀ ਤੇ ਹੋਰ ਲਘੂ ਉਦਯੋਗਾਂ 'ਚ ਕਿਤੇ ਫਿੱਟ ਨਹੀਂ ਬੈਠ ਸਕਦੇ ਸਨ। ਹੁਣ ਇਸ ਮਿਲਣੀ ਦੌਰਾਨ ਜਦੋਂ ਸਨਅਤਕਾਰਾਂ ਕੋਲੋਂ ਸੁਝਾਅ ਤੇ ਫੀਡਬੈਕ ਲੈਣ ਲਈ ਵਿਚਾਰ-ਚਰਚਾ ਹੋਈ ਤਾਂ ਚੁਫੇਰੇ ਹੈਰਾਨੀ ਪਸਰ ਗਈ ਕਿਉਂਕਿ ਆਜ਼ਾਦ ਭਾਰਤ ਦੇ ਪਿਛਲੇ 76 ਸਾਲਾਂ ਦੌਰਾਨ ਇਸ ਤੋਂ ਪਹਿਲਾਂ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਅਜਿਹਾ ਉਪਰਾਲਾ ਨਹੀਂ ਕੀਤਾ। ਕੁਝ ਸਨਅਤਕਾਰਾਂ ਨੇ ਦੇਸ਼ ਦੀਆਂ ਅਨਾਜ ਭੰਡਾਰ ਨੀਤੀਆਂ ਦੀ ਸ਼ਲਾਘਾ ਕੀਤੀ ਤੇ ਕਿਸੇ ਨੇ ਆਪਣਾ ਕੋਈ ਮਸਲਾ ਵੀ ਉਠਾਇਆ। ਹੁਣ ਜੇ ਸਨਅਤਾਂ ਨੂੰ ਬਿਲਕੁਲ ਉਵੇਂ ਹੀ ਸਹੂਲਤਾਂ ਦਿੱਤੀਆਂ ਗਈਆਂ ਜਿਵੇਂ ਪਹਿਲਾਂ ਹਿਮਾਚਲ ਸਰਕਾਰ ਨੇ ਦਿੱਤੀਆਂ ਸਨ ਤਾਂ ਪੰਜਾਬ ਦੀਆਂ ਸਨਅਤਾਂ ਨੂੰ ਉਤਾਂਹ ਉੱਠਣ ਤੋਂ ਦੁਨੀਆ ਦੀ ਕੋਈ ਵੀ ਤਾਕਤ ਨਹੀਂ ਰੋਕ ਸਕਦੀ। ਸਨਅਤਕਾਰਾਂ ਦੀਆਂ ਸਾਰੀਆਂ ਸਮੱਸਿਆਵਾਂ ਵੀ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਹਰ ਤਰ੍ਹਾਂ ਦਾ ਬੁਨਿਆਦੀ ਢਾਂਚਾ ਉਪਲਬਧ ਹੋਣਾ ਚਾਹੀਦਾ ਹੈ ਤੇ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਯੋਗ ਨਿਯਮਾਂ ਤੇ ਸ਼ਰਤਾਂ ਦੇ ਆਧਾਰ 'ਤੇ ਲਾਇਸੈਂਸ ਲੈਣ ਵਿਚ ਵੀ ਕਿਸੇ ਨੂੰ ਕੋਈ ਔਕੜ ਪੇਸ਼ ਨਾ ਆਵੇ। ਸਨਅਤੀ ਮੁਲਾਜ਼ਮਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਪੰਜਾਬ ਸਰਕਾਰ ਨੂੰ ਈਐੱਸਆਈ ਹਸਪਤਾਲ ਵੀ ਮੁੜ-ਸੁਰਜੀਤ ਕਰਨੇ ਹੋਣਗੇ। ਲਘੂ ਉਦਯੋਗਾਂ ਨੂੰ ਹੋਰ ਵਿਕਸਤ ਕਰਨ ਲਈ ਯੋਜਨਾਵਾਂ ਉਲੀਕਣੀਆਂ ਹੋਣਗੀਆਂ ਕਿਉਂਕਿ ਉਨ੍ਹਾਂ 'ਚੋਂ ਹੀ ਕੁਝ ਉਦਯੋਗ ਭਵਿੱਖ 'ਚ ਵਿਸ਼ਾਲਤਾ ਅਖ਼ਤਿਆਰ ਕਰ ਕੇ ਰਾਜ ਦੇ ਅਰਥਚਾਰੇ 'ਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਦੇ ਯੋਗ ਹੋਣਗੇ ਤੇ ਸਨਅਤੀ ਵਿਕਾਸ ਨੂੰ ਹੁਲਾਰਾ ਮਿਲੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਨਅਤਕਾਰਾਂ ਦੀਆਂ ਸਾਰੀਆਂ ਮੰਗਾਂ ਪੂਰੀਆਂ ਕਰਨ ਦਾ ਐਲਾਨ ਕਰ ਦਿੱਤਾ ਹੈ ਅਤੇ ਉਮੀਦ ਹੈ ਕਿ ਇਹ ਐਲਾਨ ਇੰਨ-ਬਿੰਨ ਲਾਗੂ ਹੋਣਗੇ। ਜੇ ਕਿਤੇ ਪੰਜਾਬ 'ਚ ਸੱਚਮੁੱਚ ਸਨਅਤਾਂ ਨੂੰ ਢੁੱਕਵਾਂ ਮਾਹੌਲ ਮਿਲੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਕ ਵਾਰ ਫਿਰ ਪੰਜਾਬ ਚੜ੍ਹਦੇ ਸੂਰਜ ਵਾਂਗ ਚਮਕੇਗਾ।





ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਕਾਰੋਬਾਰੀਆਂ ਨਾਲ ਰਣਨੀਤਕ ਮੀਟਿੰਗਾਂ ਕੀਤੀਆਂ।

# ਪੰਜਾਬੀ 'ਵਰਸਿਟੀ ਦੇ ਗੇਟ ਅੱਗੇ ਪੱਕਾ ਮੋਰਚਾ ਲਾਉਣ ਦਾ ਐਲਾਨ

## *ਸਿਮਰਨਜੀਤ ਸਿੰਘ ਮਾਨ ਵੱਲੋਂ ਸੰਘਰਸ਼ ਦੀ ਹਮਾਇਤ: ਵਿਦਿਆਰਥੀਆਂ ਖਿਲਾਫ਼ ਕੇਸ ਰੱਦ ਕਰਨ ਦੀ ਮੰਗ*



ਪਟਿਆਲਾ : ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਜਸ਼ਨਦੀਪ ਕੌਰ ਦੀ ਮੌਤ ਦੇ ਮਾਮਲੇ ਵਿੱਚ ਵਿਦਿਆਰਥੀ ਇਕਜੁੱਟ ਹੁੰਦਿਆਂ ਸੋਮਵਾਰ ਤੋਂ ਮੁੱਖ ਗੇਟ 'ਤੇ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਯੂਨਾਈਟਡ ਸਟੂਡੈਂਟਸ ਫੈਡਰੇਸ਼ਨ ਨੇ ਪੱਕਾ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਪ੍ਰੋਫੈਸਰ ਨੂੰ ਮੁਅੱਤਲ ਕਰਨ ਅਤੇ ਵਿਦਿਆਰਥੀਆਂ ਖਿਲਾਫ਼ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ। ਵਿਦਿਆਰਥੀ ਜਥੇਬੰਦੀ 'ਸੱਥ' ਨੇ ਵੀ ਸੰਘਰਸ਼ ਦੀ ਹਮਾਇਤ ਕੀਤੀ ਹੈ। ਉਧਰ, ਵਿਦਿਆਰਥੀਆਂ ਦੇ ਹੱਕ 'ਚ ਅੱਜ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਯੂਨੀਵਰਸਿਟੀ ਦਾ ਦੌਰਾ ਕੀਤਾ ਅਤੇ ਨਿਰਪੱਖ ਕਾਰਵਾਈ 'ਤੇ ਜ਼ੋਰ ਦਿੱਤਾ। ਉਨ੍ਹਾਂ ਸ਼ ੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਤੇ ਹਰਭਜਨ ਕਸ਼ਮੀਰੀ ਵੀ ਮੌਜੂਦ ਸਨ। ਯਾਦ ਰਹੇ ਕਿ ਜਸ਼ਨਦੀਪ ਦੀ ਕਲਾਸ 'ਚ ਤਬੀਅਤ ਵਿਗੜਨ ਮਗਰੋਂ ਉਸੇ ਰਾਤ ਆਪਣੇ ਘਰ 'ਚ ਮੌਤ ਹੋ ਗਈ ਸੀ। ਪਰਿਵਾਰ ਦਾ ਕਹਿਣਾ ਹੈ ਕਿ ਅਧਿਆਪਕ ਵੱਲੋਂ ਸਮੇਂ-ਸਿਰ ਛੁੱਟੀ ਨਾ ਦੇਣ ਤੇ ਮਾੜੇ ਵਤੀਰੇ ਕਾਰਨ ਪੈਦਾ ਹੋਈ ਮਾਨਸਿਕ ਪ੍ਰੇਸ਼ਾਨੀ ਹੀ ਉਸ ਦੀ ਮੌਤ ਦਾ ਕਾਰਨ ਬਣੀ ਹੈ। ਉਨ੍ਹਾਂ ਪ੍ਰੋਫੈਸਰ ਖਿਲਾਫ਼ ਕੇਸ ਦਰਜ ਕਰ ਕੇ ਉਸ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ।

**ਸਿੱਖਾਂ ਨੂੰ ਵਿਦੇਸ਼ਾਂ 'ਚ ਮਰਵਾਉਣ ਪਿੱਛੇ ਕੇਂਦਰੀ ਏਜੰਸੀਆਂ ਦਾ ਹੱਥ: ਮਾਨ**

ਪੰਜਾਬੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਮਿਲਣ ਪੁੱਜੇ ਸੰਗਰੂਰ ਦੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਖਾਲਿਸਤਾਨ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਭਾਰਤੀ ਏਜੰਸੀਆਂ ਵਿਦੇਸ਼ਾਂ 'ਚ ਜਾ ਕੇ ਵੀ ਮੌਤ ਦੇ ਘਾਟ ਉਤਾਰ ਰਹੀਆਂ ਹਨ। ਉਨ੍ਹਾਂ ਕੈਨੇਡਾ ਅਤੇ ਪਾਕਿਸਤਾਨ ਸਮੇਤ ਅਜਿਹੀਆਂ ਘਟਨਾਵਾਂ ਨਾਲ ਸਬੰਧਤ ਹੋਰਨਾ ਦੇਸ਼ਾਂ ਨੂੰ ਵੀ ਸਿੱਖਾਂ ਦੀ ਜਾਨ-ਮਾਲ ਦੀ ਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ।

# ਪੰਜਾਬ ਭਾਜਪਾ ਵੱਲੋਂ ਪਾਰਟੀ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ

## *ਹਰ ਵਰਗ ਨੂੰ ਮਿਲੀ ਢੁਕਵੀਂ ਨੁਮਾਇੰਦਗੀ; 21 ਕੋਰ ਕਮੇਟੀ ਮੈਂਬਰ, 12 ਉਪ ਪ੍ਰਧਾਨ, ਪੰਜ ਜਨਰਲ ਸਕੱਤਰ ਅਤੇ 12 ਸੂਬਾ ਸਕੱਤਰ ਐਲਾਨੇ*



ਚੰਡੀਗੜ੍ਹ : ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਪੰਜਾਬ ਭਾਜਪਾ ਦੇ ਨਵੇਂ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਲੋਕ ਸਭਾ ਚੋਣਾਂ ਦੀ ਤਿਆਰੀ ਦਾ ਪਰਛਾਵਾਂ ਨਵੀਂ ਕਾਰਜਕਾਰਨੀ ਤੋਂ ਸਾਫ਼ ਦਿਖਾਈ ਦੇ ਰਿਹਾ ਹੈ। ਐਲਾਨੀ ਕਾਰਜਕਾਰਨੀ ਕਮੇਟੀ ਦੀ ਸੂਚੀ ਅਨੁਸਾਰ ਕੋਰ ਕਮੇਟੀ ਦੇ 21 ਮੈਂਬਰ ਐਲਾਨੇ ਗਏ ਹਨ ਜਦੋਂ ਕਿ 12 ਉਪ ਪ੍ਰਧਾਨ ਅਤੇ ਪੰਜ ਜਨਰਲ ਸਕੱਤਰਾਂ ਤੋਂ ਇਲਾਵਾ 12 ਸੂਬਾ ਸਕੱਤਰ ਬਣਾਏ ਗਏ ਹਨ। ਭਾਜਪਾ ਪ੍ਰਧਾਨ ਜੇਪੀ ਨੱਢਾ ਦੀ ਪ੍ਰਵਾਨਗੀ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਇਹ ਸੂਚੀ ਜਾਰੀ ਕੀਤੀ ਹੈ।

ਨਵੀਂ ਸੂਚੀ ਵਿਚ ਜਿੱਥੇ ਭਾਜਪਾ ਦੇ ਟਕਸਾਲੀ ਆਗੂਆਂ ਨੂੰ ਪੂਰਨ ਨੁਮਾਇੰਦਗੀ ਮਿਲੀ ਹੈ, ਉੱਥੇ ਕਾਂਗਰਸ 'ਚੋਂ ਆਏ ਆਗੂਆਂ ਨੂੰ ਵੀ ਪ੍ਰਮੁੱਖਤਾ ਦਿੱਤੀ ਗਈ ਹੈ। ਕੈਪਟਨ ਅਮਰਿੰਦਰ ਸਿੰਘ ਦੀ ਬੇਟੀ ਜੈ ਇੰਦਰ ਕੌਰ ਨੂੰ ਭਾਜਪਾ ਦੀ ਮਹਿਲਾ ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਦਰਸ਼ਨ ਸਿੰਘ ਨੈਣੇਵਾਲ ਨੂੰ ਕਿਸਾਨ ਮੋਰਚਾ ਦੀ ਡਿਊਟੀ ਦਿੱਤੀ ਗਈ ਹੈ। ਇਸ ਸੂਚੀ ਵਿੱਚ ਹਰ ਵਰਗ ਨੂੰ ਢੁੱਕਵੀਂ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੁਨੀਲ ਜਾਖੜ ਨੂੰ ਪੰਜਾਬ ਭਾਜਪਾ ਦਾ ਪ੍ਰਧਾਨ ਬਣਾਏ ਜਾਣ ਮਗਰੋਂ ਭਾਜਪਾ ਦੇ ਕੁਝ ਆਗੂ ਅੰਦਰੋਂ ਅੰਦਰੀਂ ਔਖ ਵਿਚ ਸਨ। ਪੰਜਾਬ ਭਾਜਪਾ ਦੀ ਕੋਰ ਕਮੇਟੀ ਵਿਚ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਸੋਮ ਪ੍ਰਕਾਸ਼, ਅਸ਼ਵਨੀ ਸ਼ਰਮਾ, ਵਿਜੈ ਸਾਂਪਲਾ, ਮਨੋਰੰਜਨ ਕਾਲੀਆ, ਅਵਿਨਾਸ਼ ਰਾਏ ਖੰਨਾ, ਚਰਨਜੀਤ ਸਿੰਘ ਅਟਵਾਲ, ਰਾਣਾ ਗੁਰਮੀਤ ਸਿੰਘ ਸੋਢੀ, ਅਮਨਜੋਤ ਕੌਰ ਰਾਮੂਵਾਲੀਆ, ਤੀਕਸ਼ਨ ਸੂਦ, ਮਨਪ੍ਰੀਤ ਬਾਦਲ, ਹਰਜੀਤ ਸਿੰਘ ਗਰੇਵਾਲ, ਕੇਵਲ ਸਿੰਘ ਢਿੱਲੋਂ, ਜੰਗੀ ਲਾਲ ਮਹਾਜਨ, ਰਾਜ ਕੁਮਾਰ ਵੇਰਕਾ, ਦਿਨੇਸ਼ ਸਿੰਘ ਬੱਬੂ, ਜੀਵਨ ਗੁਪਤਾ, ਸਰਬਜੀਤ ਸਿੰਘ ਵਿਰਕ, ਅਵਿਨਾਸ਼ ਚੰਦਰ ਅਤੇ ਐੱਸਪੀਐੱਸ ਗਿੱਲ ਨੂੰ ਸ਼ਾਮਿਲ ਕੀਤਾ ਗਿਆ ਹੈ। ਸੂਬਾ ਜਨਰਲ ਸਕੱਤਰਾਂ ਵਿਚ ਦਿਆਲ ਸਿੰਘ ਸੋਢੀ, ਰਾਕੇਸ਼ ਰਾਠੌਰ, ਅਨਿਲ ਸਰੀਨ, ਜਗਮੋਹਨ ਸਿੰਘ ਰਾਜੂ ਅਤੇ ਪਰਮਿੰਦਰ ਸਿੰਘ ਬਰਾੜ ਦੇ ਨਾਮ ਸ਼ਾਮਲ ਹਨ। ਪੰਜਾਬ ਭਾਜਪਾ ਵੱਲੋਂ ਸੁਰਜੀਤ ਕੁਮਾਰ ਜਿਆਨੀ, ਕੇਡੀ ਭੰਡਾਰੀ, ਸੁਭਾਸ਼ ਸ਼ਰਮਾ, ਰਾਜੇਸ਼ ਬੱਗਾ, ਅਰਵਿੰਦ ਖੰਨਾ, ਜਗਦੀਪ ਸਿੰਘ ਨਕਈ, ਬਲਬੀਰ ਸਿੰਘ ਸਿੱਧੂ, ਫਤਹਿਜੰਗ ਸਿੰਘ ਬਾਜਵਾ, ਬਿਕਰਮਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਂਗੜ, ਮੋਨਾ ਜੈਸਵਾਲ ਅਤੇ ਜੈਸਮੀਨ ਸੰਧਾਵਾਲੀਆ ਨੂੰ ਉੱਪ ਪ੍ਰਧਾਨ ਬਣਾਇਆ ਗਿਆ ਹੈ। ਡਾ. ਹਰਜੀਤ ਕਮਲ, ਸ਼ਿਵਰਾਜ ਚੌਧਰੀ, ਸੰਜੀਵ ਖੰਨਾ, ਦਾਮਨ ਥਿੰਦ ਬਾਜਵਾ, ਰੇਣੂ ਕਸ਼ਯਪ, ਰੇਣੂ ਥਾਪਰ, ਭਾਨੂ ਪ੍ਰਤਾਪ ਸਿੰਘ, ਮੀਨੂ ਸੇਠੀ, ਕਰਨਵੀਰ ਸਿੰਘ ਟੌਹੜਾ, ਦੁਰਗੇਸ਼ ਸ਼ਰਮਾ, ਵੰਦਨਾ ਸਾਗਵਾਨ ਅਤੇ ਰਾਕੇਸ਼ ਸ਼ਰਮਾ ਨੂੰ ਸੂਬਾ ਸਕੱਤਰ ਬਣਾਇਆ ਗਿਆ ਹੈ। ਇਸੇ ਤਰ੍ਹਾਂ ਗੁਰਦੇਵ ਸਿੰਘ ਦੇਬੀ ਨੂੰ ਖ਼ਜ਼ਾਨਚੀ, ਸੁਖਵਿੰਦਰ ਸਿੰਘ ਗੋਲਡੀ ਨੂੰ ਸੰਯੁਕਤ ਖ਼ਜ਼ਾਨਚੀ, ਸੁਨੀਲ ਦੱਤ ਭਾਰਦਵਾਜ ਨੂੰ ਦਫ਼ਤਰ ਸਕੱਤਰ ਅਤੇ ਸੁੱਚਾ ਰਾਮ ਲੱਧੜ ਨੂੰ ਐੱਸਸੀ ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਥੌਮਸ ਮਸੀਹ ਨੂੰ ਘੱਟ ਗਿਣਤੀ ਮੋਰਚਾ ਦੀ, ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਓਬੀਸੀ ਮੋਰਚਾ, ਸੁਖਵੰਤ ਰਾਏ ਗਿੱਗਾ ਨੂੰ ਪ੍ਰੋਟੋਕਾਲ ਸਕੱਤਰ, ਹਰਦੇਵ ਸਿੰਘ ਉੱਭਾ ਨੂੰ ਪ੍ਰੈੱਸ ਸਕੱਤਰ ਅਤੇ ਕਰਨਲ ਜੈਬੰਸ ਸਿੰਘ ਨੂੰ ਬੁਲਾਰੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

**ਬੀਬਾ ਜੈਇੰਦਰ ਕੌਰ ਪਟਿਆਲਾ ਤੋਂ ਲੜ ਸਕਦੇ ਹਨ ਲੋਕ ਸਭਾ ਚੋਣ** : ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਦੀ ਧੀ ਬੀਬਾ ਜੈਇੰਦਰ ਕੌਰ ਸਿੱਧੇ ਤੌਰ 'ਤੇ ਰਾਜਨੀਤੀ ਖੇਤਰ 'ਚ ਡੇਢ ਕੁ ਸਾਲ ਤੋਂ ਹੀ ਸਰਗਰਮ ਹੋਏ ਹਨ। ਅਸਲ 'ਚ ਸ਼ਾਹੀ ਪਰਿਵਾਰ ਦੇ ਫਰਜ਼ੰਦ ਰਣਇੰਦਰ ਸਿੰਘ ਟਿੱਕੂ ਦੀ ਰਾਜਨੀਤੀ 'ਚ ਬਹੁਤੀ ਦਿਲਚਸਪੀ ਨਹੀਂ ਹੈ ਜਿਸ ਕਰਕੇ ਪਰਿਵਾਰ ਹੁਣ ਬੀਬਾ ਜੈਇੰਦਰ ਕੌਰ ਨੂੰ ਰਾਜਨੀਤਕ ਖੇਤਰ 'ਚ ਕਾਮਯਾਬ ਕਰਨਾ ਲੋਚਦਾ ਹੈ ਜਿਸ ਵਾਸਤੇ ਐਤਕੀਂ ਉਨ੍ਹਾਂ ਨੂੰ ਪਟਿਆਲਾ ਤੋਂ ਭਾਜਪਾ ਉਮੀਦਵਾਰ ਵਜੋਂ ਲੋਕ ਸਭਾ ਦੀ ਚੋਣ ਲੜਾਏ ਜਾਣ ਦੀ ਤਿਆਰੀ ਹੈ।

# ਪੁਰਾਣੀ ਕੁੜੱਤਣ ਭੁਲਾ ਕੇ ਅੱਗੇ ਵਧਣ ਦਾ ਸਮਾਂ: ਮੋਦੀ

## ਪ੍ਰਧਾਨ ਮੰਤਰੀ ਨੇ ਨਵੇਂ ਸੰਸਦ ਭਵਨ 'ਚ ਪਹਿਲੇ ਸੰਬੋਧਨ ਨੂੰ ਯਾਦਗਾਰੀ ਦੱਸਿਆ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੇਂ ਸੰਸਦ ਭਵਨ ਦੀ ਕਾਰਵਾਈ ਦੀ ਸ਼ੁਰੂਆਤ ਨੂੰ ਆਜ਼ਾਦੀ ਦੇ ਅੰਮ੍ਰਿਤ ਕਾਲ ਦੀ ਸਵੇਰ ਕਰਾਰ ਦਿੱਤਾ ਅਤੇ ਕਿਹਾ ਕਿ ਜਦੋਂ ਉਹ ਨਵੇਂ ਦੌਰ ਦੀ ਸ਼ੁਰੂਆਤ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਅਤੀਤ ਦੀਆਂ ਸਾਰੀਆਂ ਕੁੜੱਤਣਾਂ ਨੂੰ ਭੁੱਲ ਜਾਣਾ ਚਾਹੀਦਾ ਹੈ। ਨਵੇਂ ਸੰਸਦ ਭਵਨ ਸਥਿਤ ਲੋਕ ਸਭਾ 'ਚ ਆਪਣੇ ਪਹਿਲੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੰਸਦ ਦਾ ਨਵਾਂ ਭਵਨ 140 ਕਰੋੜ ਭਾਰਤੀਆਂ ਦੀਆਂ ਆਸਾਂ ਦੀ ਨੁਮਾਇੰਦਗੀ ਕਰਦਾ ਹੈ। ਉਨ੍ਹਾਂ ਕਿਹਾ, 'ਪਹਿਲੇ ਸੈਸ਼ਨ ਦੇ ਪਹਿਲਾ ਦਿਨ ਦਾ ਇਹ ਮੌਕਾ ਕਈ ਮਾਇਨਿਆਂ ਤੋਂ ਖਾਸ ਹੈ। ਇਹ ਆਜ਼ਾਦੀ ਦੇ ਅੰਮ੍ਰਿਤ ਕਾਲ ਦੀ ਸਵੇਰ ਹੈ। ਭਾਰਤ ਕਈ ਸਿੱਧੀਆਂ ਨਾਲ ਨਵੇਂ ਸੰਕਲਪ ਲੈ ਕੇ, ਨਵੇਂ ਭਵਨ 'ਚ ਆਪਣਾ ਭਵਿੱਖ ਤੈਅ ਕਰਨ ਲਈ ਅੱਗੇ ਵੱਧ ਰਿਹਾ ਹੈ।' ਉਨ੍ਹਾਂ ਕਿਹਾ, 'ਜਦੋਂ ਅਸੀਂ ਨਵੇਂ ਦੌਰ ਦੀ ਸ਼ੁਰੂਆਤ ਕਰ ਰਹੇ ਹਾਂ ਤਾਂ ਸਾਨੂੰ ਅਤੀਤ ਦੀਆਂ ਸਾਰੀਆਂ ਕੁੜੱਤਣਾਂ ਨੂੰ ਭੁੱਲ ਜਾਣਾ ਚਾਹੀਦਾ ਹੈ। ਇਸ ਭਾਵਨਾ ਨਾਲ ਕਿ ਅਸੀਂ ਇੱਥੋਂ ਸਾਡੇ ਆਚਰਨ, ਸਾਡੀ ਬੋਲ-ਬਾਣੀ, ਸਾਡੇ ਸੰਕਲਪਾਂ ਨਾਲ ਜੋ ਵੀ ਕਰਾਂਗੇ, ਉਹ ਦੇਸ਼ ਲਈ ਤੇ ਦੇਸ਼ ਦੇ ਹਰ ਨਾਗਰਿਕ ਲਈ ਪ੍ਰੇਰਨਾ ਬਣਨਾ ਚਾਹੀਦਾ ਹੈ। ਸਾਨੂੰ ਇਹ ਜ਼ਿੰਮੇਵਾਰੀ ਨਿਭਾਉਣ ਲਈ ਪੂਰੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ।' ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੇਂਦਰੀ ਮੰਤਰੀਆਂ ਅਮਿਤ ਸ਼ਾਹ, ਰਾਜਨਾਥ ਸਿੰਘ, ਨਿਤਿਨ ਗਡਕਰੀ ਤੇ ਹੋਰਾਂ ਨਾਲ ਸੰਸਦ ਦੀ ਪੁਰਾਣੀ ਇਮਾਰਤ 'ਚੋਂ ਨਿਕਲ ਕੇ ਨਵੇਂ ਸੰਸਦ ਭਵਨ 'ਚ ਪਹੁੰਚੇ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਾਰਵਾਈ ਦੇ ਪਹਿਲੇ ਦਿਨ ਦੀ ਸ਼ੁਰੂਆਤ ਕਰਦਿਆਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਦੇ ਮੁੱਦੇ ਚੁੱਕ ਕੇ ਸੰਸਦੀ ਬਹਿਸ ਦਾ ਨਵਾਂ ਮਾਪਦੰਡ ਸਥਾਪਤ ਕਰਨ। ਉਨ੍ਹਾਂ ਸੰਸਦ ਮੈਂਬਰਾਂ ਨੂੰ ਗਣੇਸ਼ ਚਤੁਰਥੀ ਦੀਆਂ ਸ਼ੁਭ ਕਾਮਨਾਵਾਂ ਵੀ ਦਿੱਤੀਆਂ ਅਤੇ ਨਵੇਂ ਸੰਸਦ ਭਵਨ ਦੇ ਨਿਰਮਾਣ ਦੀ ਪਹਿਲ ਨੂੰ ਇੱਕ ਇਤਿਹਾਸਕ ਘਟਨਾ ਕਰਾਰ ਦਿੱਤਾ। ਬਿਰਲਾ ਨੇ ਉਨ੍ਹਾਂ ਆਗੂਆਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਜਿਨ੍ਹਾਂ ਨੇ ਦੇਸ਼ ਨਿਰਮਾਣ 'ਚ ਆਪਣਾ ਯੋਗਦਾਨ ਪਾਇਆ ਅਤੇ ਭਾਰਤ ਨੂੰ ਆਪਣਾ ਸੰਵਿਧਾਨ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨੇ 28 ਮਈ ਨੂੰ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ ਸੀ। ਇਸ ਭਵਨ 'ਚ ਵੈਦਿਕ ਕਾਲ ਤੋਂ ਲੈ ਕੇ ਅੱਜ ਤੱਕ ਦੀਆਂ ਭਾਰਤ ਦੀਆਂ ਜਮਹੂਰੀ ਰਵਾਇਤਾਂ ਦਾ ਜ਼ਿਕਰ ਕਰਨ ਵਾਲੀਆਂ ਕਲਾਕ੍ਰਿਤੀਆਂ ਸਥਾਪਤ ਕੀਤੀਆਂ ਗਈਆਂ ਹਨ।

# ਸੰਵਿਧਾਨ ਦੀ ਕਾਪੀ 'ਚੋਂ 'ਧਰਮ ਨਿਰਪੱਖ' ਤੇ 'ਸਮਾਜਵਾਦੀ' ਸ਼ਬਦ ਗਾਇਬ: ਅਧੀਰ

## ਕਾਂਗਰਸ, ਟੀਐਮਸੀ, ਸੀਪੀਆਈ, ਐਨਸੀਪੀ ਤੇ ਹੋਰਾਂ ਪਾਰਟੀਆਂ ਵੱਲੋਂ ਮਾਮਲਾ 'ਗੰਭੀਰ' ਕਰਾਰ



ਨਵੀਂ ਦਿੱਲੀ/ਮੁੰਬਈ : ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੇ ਦੋਸ਼ ਲਾਇਆ ਕਿ ਨਵੀਂ ਸੰਸਦੀ ਇਮਾਰਤ 'ਚ ਕੰਮਕਾਜ ਦੇ ਪਹਿਲੇ ਦਿਨ ਸੰਸਦ ਮੈਂਬਰਾਂ ਨੂੰ ਦਿੱਤੀ ਗਈ ਸੰਵਿਧਾਨ ਦੀ ਕਾਪੀ ਦੀ ਪ੍ਰਸਤਾਵਨਾ ਵਿਚੋਂ 'ਧਰਮ ਨਿਰਪੱਖ' ਤੇ 'ਸਮਾਜਵਾਦੀ' ਸ਼ਬਦ ਗਾਇਬ ਹਨ। ਇਸ ਮਾਮਲੇ ਵਿਚ ਵਿਰੋਧੀ ਧਿਰ ਦੇ ਕਈ ਆਗੂਆਂ ਵੱਲੋਂ ਸਰਕਾਰ ਉੱਤੇ ਨਿਸ਼ਾਨਾ ਸੇਧਣ, ਤੇ ਇਸ ਨੂੰ 'ਗੰਭੀਰ' ਮੁੱਦਾ ਅਤੇ 'ਅਪਰਾਧ' ਕਰਾਰ ਦੇਣ ਤੋਂ ਬਾਅਦ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਇਨ੍ਹਾਂ ਕਾਪੀਆਂ ਵਿਚ ਸੰਵਿਧਾਨ ਦੀ ਪ੍ਰਸਤਾਵਨਾ ਦਾ ਮੂਲ ਰੂਪ (ਅਸਲ ਤੇ ਸਭ ਤੋਂ ਪਹਿਲਾ) ਹੈ ਤੇ ਇਹ ਸ਼ਬਦ ਸੰਵਿਧਾਨਕ ਸੋਧਾਂ ਤੋਂ ਬਾਅਦ ਇਸ ਵਿਚ ਜੋੜੇ ਗਏ ਸਨ। ਉਨ੍ਹਾਂ ਕਿਹਾ, 'ਇਹ ਅਸਲ ਪ੍ਰਸਤਾਵਨਾ ਹੈ। ਸੋਧਾਂ ਬਾਅਦ ਵਿਚ ਹੋਈਆਂ ਹਨ।' ਚੌਧਰੀ ਨੇ ਮਾਮਲੇ ਨੂੰ ਗੰਭੀਰ ਕਰਾਰ ਦਿੰਦਿਆਂ ਕਿਹਾ ਕਿ ਇਹ ਸ਼ਬਦ 'ਚਲਾਕੀ ਨਾਲ ਹਟਾਏ ਗਏ ਹਨ'। ਉਨ੍ਹਾਂ ਭਾਜਪਾ ਸਰਕਾਰ ਦੇ ਇਰਾਦਿਆਂ ਉੱਤੇ ਵੀ ਸਵਾਲ ਖੜ੍ਹੇ ਕੀਤੇ। ਅਧੀਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਗੰਭੀਰ ਮੁੱਦਾ ਹੈ ਤੇ ਇਸ ਨੂੰ ਉਠਾਇਆ ਜਾਵੇਗਾ। ਚੌਧਰੀ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਇਹ ਸ਼ਬਦ ਸੰਵਿਧਾਨ ਵਿਚ 1976 ਵਿਚ ਜੋੜੇ ਗਏ ਸਨ। ਉਨ੍ਹਾਂ ਕਿਹਾ, 'ਮੇਰੇ ਲਈ ਇਹ ਗੰਭੀਰ ਮੁੱਦਾ ਹੈ। ਮੈਨੂੰ ਉਨ੍ਹਾਂ ਦੇ ਇਰਾਦਿਆਂ ਉੱਤੇ ਸ਼ੱਕ ਹੈ, ਉਨ੍ਹਾਂ ਦਾ ਦਿਲ ਸਾਫ਼ ਨਹੀਂ ਜਾਪਦਾ।' ਲੋਕ ਸਭਾ ਵਿਚ ਕਾਂਗਰਸ ਦੇ ਆਗੂ ਅਧੀਰ ਨੇ ਕਿਹਾ ਕਿ ਜੇਕਰ ਅੱਜ ਕੋਈ ਸੰਵਿਧਾਨ ਦੀ ਕਾਪੀ ਦਿੰਦਾ ਹੈ ਤਾਂ ਇਸ ਵਿਚ ਅੱਜ ਸੰਵਿਧਾਨ ਦਾ ਵਰਤਮਾਨ ਰੂਪ ਹੀ ਹੋਣਾ ਚਾਹੀਦਾ ਹੈ। ਸਾਬਕਾ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸਰਕਾਰ ਕਦੇ ਵੀ ਇਨ੍ਹਾਂ ਸ਼ਬਦਾਂ ਨੂੰ ਹਟਾਉਣ ਦਾ ਯਤਨ ਕਰੇਗੀ। ਸੀਪੀਆਈ ਦੇ ਬਿਨੋਏ ਵਿਸਵਮ ਨੇ ਇਹ ਸ਼ਬਦ ਮੌਜੂਦ ਨਾ ਹੋਣ ਨੂੰ 'ਅਪਰਾਧ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹਾ ਸੰਵਿਧਾਨਕ ਸੋਧ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ ਤੇ ਸਰਕਾਰ ਲਈ ਅਜਿਹਾ ਕਰਨਾ ਸਹੀ ਨਹੀਂ ਹੋਵੇਗਾ। ਟੀਐਮਸੀ ਮੈਂਬਰ ਡੋਲਾ ਸੇਨ ਨੇ ਕਿਹਾ ਕਿ ਸੰਵਿਧਾਨ ਕਈ ਵਾਰ ਸੋਧਿਆ ਗਿਆ ਹੈ ਤੇ ਜੇ ਹੁਣ ਇਸ ਦੀ ਕਾਪੀ ਦੇਣੀ ਹੋਵੇ ਤਾਂ ਜ਼ਾਹਿਰ ਹੈ ਕਿ ਇਸ ਵਿਚ ਹੁਣ ਤੱਕ ਹੋਈਆਂ ਸਾਰੀਆਂ ਸੋਧਾਂ ਨਜ਼ਰ ਆਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਮੁੱਦਾ ਉਹ ਸਦਨ ਵਿਚ ਚੁੱਕਣਗੇ। ਸੇਨ ਨੇ ਕਿਹਾ ਕਿ ਭਾਜਪਾ ਹੁਣ ਕਹਿ ਰਹੀ ਹੈ ਕਿ ਇਹ ਸੰਵਿਧਾਨ ਦੀ ਪ੍ਰਸਤਾਵਨਾ ਦੀ ਮੂਲ ਕਾਪੀ ਹੈ ਤੇ ਹੁਣ ਵਾਲਾ ਰੂਪ ਨਹੀਂ ਹੈ, ਜੇ ਅਜਿਹਾ ਹੈ ਤਾਂ ਉਨ੍ਹਾਂ ਨੂੰ ਇਸ ਬਾਰੇ ਸੰਸਦ ਮੈਂਬਰਾਂ ਨੂੰ ਦਿੱਤੀ ਗਈ ਕਾਪੀ ਉੱਤੇ ਲਿਖਣਾ ਚਾਹੀਦਾ ਸੀ। ਕਾਂਗਰਸ ਸੰਸਦ ਮੈਂਬਰ ਤੇ ਰਾਜ ਸਭਾ ਵਿਚ ਡਿਪਟੀ ਆਗੂ ਪ੍ਰਮੋਦ ਤਿਵਾੜੀ ਨੇ ਵੀ ਸੰਵਿਧਾਨ ਦੀ ਕਾਪੀ ਵਿਚੋਂ ਸ਼ਬਦ 'ਹਟਾਉਣ' ਉੱਤੇ ਇਤਰਾਜ਼ ਜਤਾਇਆ ਤੇ ਕਿਹਾ ਕਿ ਉਹ ਉਪਰਲੇ ਸਦਨ ਵਿਚ ਇਸ 'ਗੰਭੀਰ' ਮੁੱਦੇ ਨੂੰ ਚੁੱਕਣਗੇ। ਇਸੇ ਦੌਰਾਨ ਐਨਸੀਪੀ ਨੇ ਕਿਹਾ ਕਿ ਇਨ੍ਹਾਂ ਸ਼ਬਦਾਂ ਦਾ ਪ੍ਰਸਤਾਵਨਾ ਦੀ ਕਾਪੀ ਵਿਚ ਮੌਜੂਦ ਨਾ ਹੋਣਾ ਸੱਤਾਧਾਰੀ ਭਾਜਪਾ ਦੀ 'ਪੱਖਪਾਤੀ ਮਾਨਸਿਕਤਾ' ਨੂੰ ਦਰਸਾਉਂਦਾ ਹੈ। ਪਾਰਟੀ ਦੇ ਬੁਲਾਰੇ ਕਲਾਈਡ ਕਰਾਸਟੋ ਨੇ ਕਿਹਾ ਕਿ ਭਾਜਪਾ ਨੂੰ ਆਪਣੇ ਬੇਤੁਕੇ ਜਵਾਬਾਂ ਨਾਲ ਭਾਰਤ ਦੇ ਲੋਕਾਂ ਨੂੰ ਮੂਰਖ ਬਣਾਉਣਾ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਲੋਕ ਜਾਣਦੇ ਹਨ ਕਿ ਉਹ (ਭਾਜਪਾ) ਕੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਪੁਰਾਣੇ ਸੰਸਦ ਭਵਨ ਦਾ ਨਾਂ ਹੁਣ 'ਸੰਵਿਧਾਨ ਸਦਨ' ਹੋਵੇਗਾ



ਨਵੀਂ ਦਿੱਲੀ : ਸਾਲ 1927 ਤੋਂ ਭਾਰਤ ਦੇ ਇਤਿਹਾਸ ਦਾ ਗਵਾਹ ਰਹੀ ਸੰਸਦ ਭਵਨ ਦੀ ਪੁਰਾਣੀ ਇਮਾਰਤ ਨੂੰ ਹੁਣ 'ਸੰਵਿਧਾਨ ਭਵਨ' ਵਜੋਂ ਜਾਣਿਆ ਜਾਵੇਗਾ। ਇਹ ਜਾਣਕਾਰੀ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਦਿੱਤੀ। ਉਨ੍ਹਾਂ ਇਹ ਵੀ ਕਿਹਾ ਕਿ ਸੰਸਦ ਦਾ ਕੰਮਕਾਰ ਇੱਥੇ ਨਵੇਂ ਭਵਨ 'ਚ ਤਬਦੀਲ ਹੋ ਗਿਆ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਹੁਣ ਲੋਕ ਸਭਾ ਦੀ ਕਾਰਵਾਈ ਲਈ ਵਰਤੇ ਜਾਣ ਵਾਲੇ 'ਸਦਨ', 'ਲਾਬੀ' ਅਤੇ 'ਗੈਲਰੀ' ਜਿਹੇ ਸ਼ਬਦ ਨਵੀਂ ਇਮਾਰਤ ਦੇ ਸੰਦਰਭ ਵਿੱਚ ਹੋਣਗੇ। ਉਨ੍ਹਾਂ ਕਿਹਾ, 'ਜਿਸ ਭਵਨ (ਪੁਰਾਣੀ ਸੰਸਦ) ਵਿੱਚ ਅਸੀਂ ਸਵੇਰੇ ਇਕੱਤਰ ਹੋਏ ਸੀ, ਉਸ ਨੂੰ ਹੁਣ ਸੰਵਿਧਾਨ ਸਦਨ ਦੇ ਨਾਂ ਨਾਲ ਜਾਣਿਆ ਜਾਵੇਗਾ।' ਇਸ ਤੋਂ ਪਹਿਲਾਂ ਪੁਰਾਣੇ ਸੰਸਦ ਭਵਨ ਦੇ ਕੇਂਦਰੀ ਹਾਲ 'ਚ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਝਾਅ ਦਿੱਤਾ ਸੀ ਕਿ ਇਸ ਪੁਰਾਣੇ ਭਵਨ ਦਾ ਨਾਂ 'ਸੰਵਿਧਾਨ ਸਦਨ' ਰੱਖਿਆ ਜਾਵੇ ਜਿਸ ਮਗਰੋਂ ਲੋਕ ਸਭਾ ਸਪੀਰਕ ਨੇ ਅਧਿਕਾਰਤ ਐਲਾਨ ਕੀਤਾ। ਲੋਕ ਸਭਾ ਸਕੱਤਰੇਤ ਨੇ ਵੀ ਇਸ ਸਬੰਧੀ ਰਸਮੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

# ਸਾਡੀ ਸੰਸਦ ਨੇ 7 ਦਹਾਕਿਆਂ 'ਚ 4000 ਤੋਂ ਵੱਧ ਬਿੱਲ ਪਾਸ ਕੀਤੇ: ਮੋਦੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਮੈਂਬਰਾਂ ਨੂੰ 2047 ਤੱਕ ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਉਣ ਦੀ ਅਪੀਲ ਕੀਤੀ ਅਤੇ ਸੰਸਦ ਦੀ ਕਾਰਵਾਈ ਨੂੰ ਨਵੇਂ ਸੰਸਦ ਭਵਨ ਵਿਚ ਤਬਦੀਲ ਕਰਨ ਦੇ ਕਦਮ ਨੂੰ ਨਵੇਂ ਭਵਿੱਖ ਦੀ ਸ਼ੁਰੂਆਤ ਕਰਾਰ ਦਿੱਤਾ। ਸ੍ਰੀ ਮੋਦੀ ਪੁਰਾਣੇ ਸੰਸਦ ਭਵਨ ਦੇ ਇਤਿਹਾਸਕ ਸੈਂਟਰਲ ਹਾਲ ਵਿੱਚ ਭਾਰਤੀ ਸੰਸਦ ਦੀ ਅਮੀਰ ਵਿਰਾਸਤ ਨੂੰ ਯਾਦ ਕਰਨ ਲਈ ਕਰਵਾਏ ਸਮਾਗਮ ਦੌਰਾਨ ਸੰਸਦ ਮੈਂਬਰਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, 'ਨਵੇਂ ਸੰਸਦ ਭਵਨ 'ਚ ਅਸੀਂ ਨਵੇਂ ਭਵਿੱਖ ਲਈ ਨਵੀਂ ਸ਼ੁਰੂਆਤ ਕਰ ਰਹੇ ਹਾਂ। 1952 ਤੋਂ ਲੈ ਕੇ ਹੁਣ ਤੱਕ ਦੁਨੀਆ ਭਰ ਦੇ 41 ਦੇਸ਼ਾਂ ਦੇ ਮੁਖੀਆਂ ਨੇ ਸੈਂਟਰਲ ਹਾਲ 'ਚ ਸਾਡੇ ਸੰਸਦ ਮੈਂਬਰਾਂ ਨੂੰ ਸੰਬੋਧਨ ਕੀਤਾ ਹੈ ਅਤੇ ਪਿਛਲੇ ਸੱਤ ਦਹਾਕਿਆਂ ਵਿੱਚ ਸੰਸਦ ਨੇ 4,000 ਤੋਂ ਵੱਧ ਬਿੱਲ ਪਾਸ ਕੀਤੇ ਹਨ।'

# ਸੰਸਦ ਦੀ ਨਵੀਂ ਇਮਾਰਤ ਦਾ ਨਾਂ 'ਭਾਰਤ ਦਾ ਸੰਸਦ ਭਵਨ' ਰੱਖਿਆ

ਨਵੀਂ ਦਿੱਲੀ : ਸੰਸਦ ਦੀ ਨਵੀਂ ਇਮਾਰਤ ਦਾ ਨਾਂ 'ਭਾਰਤ ਦਾ ਸੰਸਦ ਭਵਨ' ਰੱਖਿਆ ਗਿਆ ਹੈ। ਇਹ ਜਾਣਕਾਰੀ ਲੋਕ ਸਭਾ ਸਕੱਤਰੇਤ ਦੇ ਨੋਟੀਫਿਕੇਸ਼ਨ ਵਿੱਚ ਦਿੱਤੀ ਗਈ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ, 'ਲੋਕ ਸਭਾ ਦੇ ਸਪੀਕਰ ਨੂੰ ਇਹ ਦੱਸਦੇ ਹੋਏ ਖ਼ੁਸ਼ੀ ਹੋ ਰਹੀ ਹੈ ਕਿ ਨਵੀਂ ਦਿੱਲੀ ਦੇ ਪਲਾਟ ਨੰਬਰ 118 'ਚ ਸੰਸਦ ਭਵਨ ਦੀ ਹੱਦ ਅੰਦਰ ਅਤੇ ਮੌਜੂਦਾ ਸੰਸਦ ਭਵਨ ਦੇ ਪੂਰਬ ਵੱਲ ਸਥਿਤ ਨਵੇਂ ਸੰਸਦ ਭਵਨ, ਜਿਸ ਦੇ ਦੱਖਣ ਵੱਲ ਰਾਏਸੀਨਾ ਰੋਡ ਅਤੇ ਉੱਤਰ ਵੱਲ ਰੈੱਡ ਕਰਾਸ ਰੋਡ ਨੂੰ 'ਭਾਰਤ ਦਾ ਸੰਸਦ ਭਵਨ' ਨਾਮ ਦਿੱਤਾ ਗਿਆ ਹੈ।



# ਔਰਤਾਂ ਲਈ ਰਾਖਵਾਂਕਰਨ ਬਿਲ ਲੋਕ ਸਭਾ 'ਚ ਪਾਸ

## *ਬਿਲ ਦੇ ਹੱਕ 'ਚ 454 ਅਤੇ ਵਿਰੋਧ 'ਚ 2 ਵੋਟਾਂ ਪਈਆਂ*









ਨਵੀਂ ਦਿੱਲੀ : ਲੋਕ ਸਭਾ ਅਤੇ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫੀ ਸਦੀ ਰਾਖਵੇਂਕਰਨ ਦਾ ਪ੍ਰਬੰਧ ਕਰਨ ਵਾਲਾ ਸੰਵਿਧਾਨਕ ਸੋਧ ਬਿਲ ਬੁਧਵਾਰ ਨੂੰ ਲੋਕ ਸਭਾ 'ਚ ਪਾਸ ਹੋ ਗਿਆ। 'ਨਾਰੀਸ਼ਕਤੀ ਵੰਦਨ ਬਿਲ 2023' ਦੇ ਹੱਕ 'ਚ 454 ਅਤੇ ਵਿਰੋਧ 'ਚ 2 ਵੋਟਾਂ ਪਈਆਂ। ਬਿਲ ਅਨੁਸਾਰ, ਇਹ ਅਗਲੀ ਮਰਦਮਸ਼ੁਮਾਰੀ ਦੇ ਮੁਕੰਮਲ ਹੋਣ ਤੋਂ ਬਾਅਦ ਕੀਤੇ ਜਾਣ ਵਾਲੇ ਲੋਕ ਸਭਾ ਹਲਕਿਆਂ ਦੀ ਹੱਦਬੰਦੀ ਤੋਂ ਬਾਅਦ ਲਾਗੂ ਹੋਵੇਗਾ। ਕਾਨੂੰਨ ਮੰਤਰੀ ਅਰਜੁਨਰਾਮ ਮੇਘਵਾਲ ਨੇ ਸਦਨ ਨੂੰ ਬਿਲ ਬਾਰੇ ਦੱਸਿਆ ਅਤੇ ਚਰਚਾ ਲਈ ਪੇਸ਼ ਕੀਤਾ ਸੀ। ਬਿਲ 'ਤੇ ਸਾਰਾ ਦਿਨ ਹੋਈ ਚਰਚਾ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਬਿਲ 'ਤੇ ਚਰਚਾ 'ਚ ਸਾਰੀਆਂ ਪਾਰਟੀਆਂ ਨੇ ਇਸ ਦੀ ਹਮਾਇਤ ਕੀਤੀ ਹੈ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਚਰਚਾ 'ਚ ਦਖ਼ਲ ਦਿੰਦਿਆਂ ਵਿਰੋਧੀ ਧਿਰ ਨੂੰ ਮਹਿਲਾ ਰਿਜ਼ਰਵੇਸ਼ਨ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਜੇਕਰ ਕੋਈ ਕਮੀਆਂ ਹਨ, ਤਾਂ ਉਨ੍ਹਾਂ ਨੂੰ ਬਾਅਦ 'ਚ ਸੁਧਾਰਿਆ ਜਾ ਸਕਦਾ ਹੈ। ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਕਿਹਾ ਕਿ ਮਹਿਲਾ ਰਿਜ਼ਰਵੇਸ਼ਨ ਬਿਲ ਅਧੂਰਾ ਹੈ ਕਿਉਂਕਿ ਇਸ ਨੇ ਭਾਰਤ ਦੀ ਆਬਾਦੀ ਦਾ ਸਭ ਤੋਂ ਵੱਡਾ ਹਿੱਸਾ ਬਣਾਉਣ ਵਾਲੇ ਪਿਛੜੇ ਵਰਗ ਦੀਆਂ ਔਰਤਾਂ ਨੂੰ ਰਾਖਵਾਂਕਰਨ ਨਹੀਂ ਦਿਤਾ ਹੈ। ਚਰਚਾ ਦੌਰਾਨ ਕਈ ਮੈਂਬਰਾਂ ਨੇ ਓ.ਬੀ.ਸੀ. ਅਤੇ ਮੁਸਲਮਾਨ ਔਰਤਾਂ ਲਈ ਰਾਖਵੇਂਕਰਨ ਦਾ ਕੋਈ ਪ੍ਰਬੰਧ ਹੋਣ ਦਾ ਵਿਰੋਧ ਵੀ ਕੀਤਾ। ਬਿਲ 'ਤੇ ਮੈਂਬਰਾਂ ਨੂੰ ਕੁਝ ਸੋਧਾਂ ਰਖੀਆਂ ਸਨ ਪਰ ਅਸਾਦੂਦੀਨ ਓਵੈਸੀ ਦੀ ਸੋਧ ਨੂੰ ਆਵਾਜ਼ ਰਾਹੀਂ ਵੋਟ ਨਾ ਖ਼ਾਰਜ ਕਰ ਦਿਤਾ ਗਿਆ। ਜ਼ਿਆਦਾਤਰ ਮੈਂਬਰਾਂ ਨੇ ਅਪਣੀਆਂ ਸੋਧਾਂ ਵਾਪਸ ਲੈ ਲਈਆਂ। ਲੋਕ ਸਭਾ 'ਚ ਪਾਸ ਹੋਣ ਮਗਰੋਂ ਇਸ ਬਿਲ 'ਤੇ ਰਾਜ ਸਭਾ 'ਚ ਚਰਚਾ ਕੀਤੀ ਜਾਵੇਗੀ। ਚੇਅਰਮੈਨ ਜਗਦੀਪ ਧਨਖੜ ਨੇ ਰਾਜ ਸਭਾ 'ਚ ਇਹ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਦਨ 'ਚ ਵੱਖ-ਵੱਖ ਪਾਰਟੀਆਂ ਦੇ ਨੇਤਾਵਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਬਿਲ 'ਤੇ ਵੀਰਵਾਰ ਨੂੰ ਇਥੇ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ 'ਚ ਬਿਲ ਪਾਸ ਹੋਣ ਤੋਂ ਬਾਅਦ ਇਸ ਨੂੰ ਉਪਰਲੇ ਸਦਨ 'ਚ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕੀਤਾ ਜਾਵੇਗਾ। ਇਸ ਬਿਲ 'ਤੇ ਚਰਚਾ ਲਈ ਸਾਢੇ ਸੱਤ ਘੰਟੇ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਕਾਂਗਰਸ ਆਗੂ ਸੋਨੀਆ ਗਾਂਧੀ ਨੇ ਚਰਚਾ ਸ਼ੁਰੂ ਕਰਦਿਆਂ ਅੱਜ ਕਿਹਾ ਕਿ ਇਸ ਤੋਂ ਬਾਅਦ ਸੋਨੀਆ ਗਾਂਧੀ ਨੇ ਕਾਂਗਰਸ ਦੀ ਤਰਫ਼ੋਂ 10 ਮਿੰਟ ਤਕ ਗੱਲ ਕੀਤੀ। ਉਨ੍ਹਾਂ ਕਿਹਾ, "ਪਹਿਲੀ ਵਾਰ ਸਥਾਨਕ ਸੰਸਥਾਵਾਂ 'ਚ ਔਰਤਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਵਾਲਾ ਕਾਨੂੰਨ ਮੇਰੇ ਪਤੀ ਰਾਜੀਵ ਗਾਂਧੀ ਨੇ ਲਿਆਂਦਾ ਸੀ, ਜੋ ਰਾਜ ਸਭਾ 'ਚ 7 ਵੋਟਾਂ ਨਾਲ ਅਸਫ਼ਲ ਰਿਹਾ। ਬਾਅਦ ਵਿਚ ਪੀ.ਵੀ. ਨਰਸਿਮਹਾ ਰਾਉ ਦੀ ਸਰਕਾਰ ਨੇ ਇਸ ਨੂੰ ਪਾਸ ਕਰਵਾ ਦਿੱਤਾ। ਉਸੇ ਦਾ ਨਤੀਜਾ ਹੈ ਕਿ ਦੇਸ਼ ਭਰ ਵਿਚ ਸਥਾਨਕ ਸੰਸਥਾਵਾਂ ਰਾਹੀਂ ਸਾਡੇ ਕੋਲ 15 ਲੱਖ ਚੁਣੀਆਂ ਗਈਆਂ ਮਹਿਲਾ ਨੇਤਾ ਹਨ। ਰਾਜੀਵ ਦਾ ਸੁਪਨਾ ਅੱਧਾ ਹੀ ਪੂਰਾ ਹੋਇਆ ਹੈ, ਇਸ ਬਿਲ ਦੇ ਪਾਸ ਹੋਣ ਨਾਲ ਇਹ ਸੁਪਨਾ ਪੂਰਾ ਹੋ ਜਾਵੇਗਾ।"

ਉਨ੍ਹਾਂ ਕਿਹਾ ਕਿ ਕਾਂਗਰਸ ਮੰਗ ਕਰਦੀ ਹੈ ਕਿ ਬਿਲ ਨੂੰ ਤੁਰਤ ਲਾਗੂ ਕੀਤਾ ਜਾਵੇ। ਸਰਕਾਰ ਨੂੰ ਹੱਦਬੰਦੀ ਤਕ ਇਸ ਨੂੰ ਬੰਦ ਨਹੀਂ ਕਰਨਾ ਚਾਹੀਦਾ। ਇਸ ਤੋਂ ਪਹਿਲਾਂ ਜਾਤੀ ਜਨਗਣਨਾ ਕਰਵਾ ਕੇ ਇਸ ਬਿਲ ਵਿਚ ਐਸ.ਸੀ.-ਐਸ.ਟੀ. ਅਤੇ ਓ.ਬੀ.ਸੀ. ਔਰਤਾਂ ਲਈ ਰਾਖਵਾਂਕਰਨ ਕੀਤਾ ਜਾਵੇ।













# ਹਰਦੀਪ ਸਿੰਘ ਨਿੱਜਰ ਦੇ ਕਤਲ ਦੇ ਮਾਮਲੇ ਵਿਚ ਭਾਰਤ ਨੂੰ ਜ਼ੁੰਮੇਵਾਰ ਠਹਿਰਾਉਂਦੇ ਹੋਏ ਦਲ ਖਾਲਸਾ ਦੇ ਪ੍ਰਤੀਨਿਧਾਂ ਵਲੋਂ ਪ੍ਰੈਸ ਵਾਰਤਾ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ਵਿਚ ਕੈਨੇਡਾ ਵੱਲੋਂ ਲਗਾਏ ਗਏ ਇਲਜ਼ਾਮਾਂ ਦਾ ਜਵਾਬ ਦੇਣ: ਮੰਡ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਕੈਨੇਡਾ ਦੀ ਧਰਤੀ ਉੱਤੇ ਕਤਲ ਹੋਏ ਖਾਲਿਸਤਾਨੀ ਆਗੂ ਭਾਈ ਹਰਦੀਪ ਸਿੰਘ ਨਿੱਜਰ ਦੇ ਕਤਲ ਕੇਸ ਵਿੱਚ ਉਦੋਂ ਨਵਾਂ ਮੋੜ ਆਇਆ ਜਦੋਂ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਬੋਲਦਿਆਂ ਭਾਈ ਹਰਦੀਪ ਸਿੰਘ ਦੇ ਕਤਲ ਵਿੱਚ ਭਾਰਤ ਦੀਆਂ ਖੂਫੀਆਂ ਏਜੰਸੀਆਂ ਦੀ ਸ਼ਮੂਲੀਅਤ ਹੋਣ ਬਾਰੇ ਗੱਲ ਕਹੀ।

ਲੰਬੇ ਸਮੇਂ ਤੋਂ ਪੰਜਾਬ ਦੀ ਅਜ਼ਾਦੀ ਲਈ ਸੰਘਰਸ਼ ਕਰ ਰਹੀ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਕੈਨੇਡਾ ਦੀ ਇਸ ਕਾਰਵਾਈ ਨੂੰ ਬਿਲਕੁਲ ਜਾਇਜ ਦੱਸਿਆ। ਜਥੇਬੰਦੀ ਦੇ ਬੁਲਾਰੇ ਭਾਈ ਪਰਮਜੀਤ ਸਿੰਘ ਮੰਡ, ਸਕੱਤਰ ਪਰਮਜੀਤ ਸਿੰਘ ਟਾਂਡਾ, ਜਥੇਬੰਦਕ ਸਕੱਤਰ ਰਣਵੀਰ ਸਿੰਘ ਗੀਗਨਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਨੂੰ ਪਹਿਲੇ ਦਿਨ ਤੋਂ ਹੀ ਯਕੀਨ ਸੀ ਕਿ ਵਿਦੇਸ਼ਾਂ ਦੀ ਧਰਤੀ ਉਤੇ ਖਾਲਿਸਤਾਨੀ ਆਗੂਆਂ ਦੇ ਕਤਲਾਂ ਪਿੱਛੇ ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਹੱਥ ਹਨ ਅਤੇ ਅੱਜ ਕੈਨੇਡਾ ਨੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਦੀ ਗੱਲ ਕਹਿ ਕਿ ਸਾਡੇ ਯਕੀਨ ਉੱਤੇ ਪੱਕੀ ਮੋਹਰ ਲਗਾ ਦਿੱਤੀ ਹੈ।

ਉਹਨਾਂ ਕਿਹਾ ਕਿ ਅਸੀਂ ਪਕਿਸਤਾਨ ਸਰਕਾਰ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਵੀ ਭਾਈ ਪਰਮਜੀਤ ਸਿੰਘ ਪੰਜਵੜ ਦੇ ਕਤਲ ਦੀ ਨਿਰਪੱਖ ਜਾਂਚ ਕਰਕੇ ਸੱਚ ਦੁਨੀਆਂ ਦੇ ਸਾਹਮਣੇ ਲੇਕੇ ਆਉਣ।

ਉਹਨਾਂ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ਵਿਚ ਕੈਨੇਡਾ ਵੱਲੋਂ ਲਗਾਏ ਗਏ ਇਲਜ਼ਾਮਾਂ ਦਾ ਜਵਾਬ ਦੇਣ ਅਤੇ ਜੇਕਰ ਭਾਰਤ ਕੈਨੇਡਾ ਵੱਲੋ ਲਗਾਏ ਇਲਜ਼ਾਮਾਂ ਤੋਂ ਇਨਕਾਰੀ ਹਨ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਆਪਣੇ ਸਬੰਧਤ ਅਧਿਕਾਰੀ ਨੂੰ ਕੈਨੇਡਾ ਤੋ ਵਾਪਸ ਨਾ ਬੁਲਾਉਣ ਅਤੇ ਉਸਨੂੰ ਕੈਨੇਡਾ ਦੀ ਜਾਂਚ ਵਿਚ ਹਿੱਸਾ ਲੈਣ ਲਈ ਕਹਿਣ।

ਜ਼ਿਕਰਯੋਗ ਹੈ ਕਿ 05 ਮਈ ਨੂੰ ਲਾਹੌਰ ਵਿਚ ਭਾਈ ਪਰਮਜੀਤ ਸਿੰਘ ਪੰਜਵੜ ਅਤੇ 18 ਜੂਨ ਨੂੰ ਭਾਈ ਹਰਦੀਪ ਸਿੰਘ ਨਿੱਝਰ ਦਾ ਕੈਨੇਡਾ ਦੀ ਧਰਤੀ ਉੱਤੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਜਾਂਦਾ ਹੈ ਜਿਸ ਤੋਂ ਬਾਅਦ 22 ਜੀ ਜੂਨ ਨੂੰ ਦਲ ਖਾਲਸਾ ਵਲੋਂ ਕਨੇਡਾ ਦੀ ਸਰਕਾਰ ਨੂੰ ਲਿਖਤੀ ਪੱਤਰ ਲਿਖਕੇ ਜਾਂਚ ਕਰਨ ਲਈ ਅਪੀਲ ਵੀ ਕੀਤੀ ਗਈ ਸੀ ਅਤੇ 01 ਜੁਲਾਈ ਨੂੰ ਜਥੇਬੰਦੀ ਵੱਲੋਂ ਅੰਮ੍ਰਿਤਸਰ ਸਥਿੱਤ ਭਾਰਤੀ ਖ਼ੁਫ਼ੀਆ ਏਜੇਂਸੀ ਰਾਅ ਦੇ ਖ਼ ?ਲਾਫ਼ ਪਰਦਰਸ਼ਨ ਕੀਤਾ ਗਿਆ ਸੀ ਜਿਸ ਵਿੱਚ ਤਕਰੀਬਨ 100 ਨੌਜਵਾਨਾਂ ਦੀ ਗਿਰਫ਼ਤਾਰੀ ਵੀ ਹੋਈ ਸੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਖਾਲਿਸਤਾਨ ਮੂਮੈਂਟ ਅੱਜ ਵੀ ਜਾਰੀ ਹੈ। ਹਰਦੀਪ ਸਿੰਘ ਨਿੱਜਰ ਦੀ ਮੌਤ ਦੇ ਮਾਮਲੇ ਬਾਰੇ ਅਸੀਂ ਪਹਿਲਾਂ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਲਿਖਤੀ ਰੂਪ ਵਿੱਚ ਜਾਣਕਾਰੀ ਦੇ ਚੁੱਕੇ ਹਾਂ। ਉਹਨਾਂ ਕਿਹਾ ਕਿ ਕਨੇਡਾ ਦੇ ਪ੍ਰਧਾਨ ਮੰਤਰੀ ਨੇ ਆਪਣਾ ਬਿਆਨ ਦੇਣ ਤੋਂ ਪਹਿਲਾਂ ਇਸ ਬਾਰੇ ਜੀ20 ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਸੀ। ਇਸਤੋਂ ਇਲਾਵਾ ਉਨ੍ਹਾਂ ਇੰਗਲੈਂਡ ਅਤੇ ਅਮਰੀਕਾ ਵਰਗੇ ਮੁਲਕਾਂ ਨੂੰ ਵੀ ਇਸਦੀ ਜਾਣਕਾਰੀ ਪਹਿਲਾਂ ਹੀ ਦੇ ਦਿੱਤੀ ਸੀ। ਇਸ ਮੌਕੇ ਸਿੱਖ ਯੂਥ ਆਫ਼ ਪੰਜਾਬ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾਂ ਅਤੇ ਦਲ ਖਾਲਸਾ ਦੀ ਵਰਕਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਖੁੱਡਾ ਵੀ ਹਾਜ਼ਰ ਸਨ।

**ਸਿੱਧੂ ਮੂਸੇਵਾਲਾ ਕਤਲ ਮਾਮਲਾ**

# ਲਾਰੈਂਸ ਬਿਸ਼ਨੋਈ ਸਣੇ 24 ਮੁਲਜ਼ਮਾਂ ਨੇ ਮਾਨਸਾ ਦੀ ਅਦਾਲਤ ’ਚ ਪੇਸ਼ੀ ਭੁਗਤੀ



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਅੱਜ ਇਥੋਂ ਦੀ ਅਦਾਲਤ ਵਿੱਚ 24 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ (ਵੀਸੀ) ਰਾਹੀਂ ਪੇਸ਼ੀ ਭੁਗਤੀ। ਜੱਗੂ ਭਗਵਾਨਪੁਰੀਆ ਨੂੰ ਪੁਲੀਸ ਵੱਲੋਂ ਰਿਮਾਂਡ ’ਤੇ ਲਿਜਾਣ ਕਾਰਨ ਉਹ ਪੇਸ਼ੀ ਨਹੀਂ ਭੁਗਤ ਸਕਿਆ। ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ’ਚ ਪੇਸ਼ ਕੀਤਾ ਗਿਆ। ਇਸ ਮਾਮਲੇ ਵਿੱਚ ਅਗਲੀ ਸੁਣਵਾਈ 5 ਅਕਤੂਬਰ ਨੂੰ ਮਾਨਸਾ ਦੀ ਅਦਾਲਤ ਵਿੱਚ ਹੋਵੇਗੀ। ਸਿੱਧੂ ਮੂਸੇਵਾਲਾ ਦਾ ਕਤਲ ਮਾਨਸਾ ਨੇੜੇ ਪਿੰਡ ਜਵਾਹਰਕੇ ਵਿਖੇ 29 ਮਈ 2022 ਨੂੰ ਕੀਤਾ ਗਿਆ ਸੀ। ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿੱਚ ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਇਸ ਕਤਲ ਵਿੱਚ ਲਾਰੈਂਸ ਬਿਸ਼ਨੋਈ ਸਮੇਤ 24 ਜਣਿਆਂ ਨੇ ਮਾਨਸਾ ਦੀ ਅਦਾਲਤ ਵਿੱਚ ਵੀਡੀਓ ਕਾਨਫਰੰਸ (ਵੀਸੀ) ਰਾਹੀਂ ਪੇਸ਼ੀ ਭੁਗਤੀ। ਇਹ ਪਹਿਲੀ ਵਾਰ ਹੈ ਕਿ ਜਦੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਵੀ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ ਹੈ। ਇਸੇ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਪੇਸ਼ੀ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ ’ਤੇ ਪੂਰਾ ਵਿਸ਼ਵਾਸ ਹੈ ਅਤੇ ਆਸ ਹੈ ਕਿ ਇਨਸਾਫ਼ ਜ਼ਰੂਰ ਮਿਲੇਗਾ। ਕਤਲ ਦੀ ਜਾਂਚ ਕਰ ਰਹੀ ਐੱਸਆਈਟੀ ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 31 ਮੁਲਜ਼ਮਾਂ ਵਿਰੁੱਧ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ ਅਤੇ ਦਾਅਵਾ ਕੀਤਾ ਹੈ ਕਿ ਇਹ ਕਤਲ ਬਿਸ਼ਨੋਈ ਅਤੇ ਬੰਬੀਹਾ ਗੈਂਗ ਵਿਚਾਲੇ ਬਦਲੇ ਦੀ ਹੱਤਿਆ ਦੀ ਲੜੀ ਦਾ ਹਿੱਸਾ ਸੀ। ਕੁੱਲ 31 ਮੁਲਜ਼ਮਾਂ ਵਿੱਚੋਂ ਪੁਲੀਸ ਨੇ 27 ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਵਿੱਚੋਂ ਮਨਦੀਪ ਸਿੰਘ ਅਤੇ ਮਨਮੋਹਨ ਸਿੰਘ ਫਰਵਰੀ ਵਿੱਚ ਗੋਇੰਦਵਾਲ ਜੇਲ੍ਹ ਵਿੱਚ ਝੜਪ ਦੌਰਾਨ ਮਾਰੇ ਗਏ ਸਨ। ਗੋਲਡੀ ਬਰਾੜ ਸਮੇਤ ਤਿੰਨ ਮੁਲਜ਼ਮ ਫ਼ਰਾਰ ਹਨ ਅਤੇ ਵਿਦੇਸ਼ ਵਿੱਚ ਦੱਸੇ ਜਾ ਰਹੇ ਹਨ। ਇਸ ਦੌਰਾਨ ਇੱਕ ਮੁਲਜ਼ਮ ਸਚਿਨ ਥਾਪਨ ਬਿਸ਼ਨੋਈ ਹੈ, ਜਿਸ ਨੂੰ ਇਸ ਮਹੀਨੇ ਦੇ ਸ਼ੁਰੂ ਵਿੱਚ ਅਜ਼ਰਬਾਇਜਾਨ ਤੋਂ ਲਿਆਂਦਾ ਗਿਆ ਸੀ ਤੇ ਉਹ ਕੌਮੀ ਜਾਂਚ ਏਜੰਸੀ (ਐੱਨਆਈਏ) ਦੀ ਹਿਰਾਸਤ ਵਿੱਚ ਹੈ। ਮੂਸੇਵਾਲਾ ਕਤਲ ਕੇਸ ਵਿੱਚ ਮਾਨਸਾ ਪੁਲੀਸ ਜਲਦੀ ਹੀ ਉਸ ਨੂੰ ਟਰਾਂਜ਼ਿਟ ਰਿਮਾਂਡ ’ਤੇ ਲਿਆਵੇਗੀ।



ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਮਾਨਸਾ ਦੀ ਅਦਾਲਤ ਵਿੱਚ ਪੇਸ਼ੀ ਲਈ ਜਾਂਦੇ ਹੋਏ।

# ਬੈਂਡ ਗਰਲਜ਼: ਇਨ੍ਹਾਂ ਕੁੜੀਆਂ ਦਾ ਕੀ ਕਰੀਏ..!

## ਐਨਆਰਆਈ ਥਾਣਿਆਂ ਵਿਚ 277 ਸ਼ਿਕਾਇਤਾਂ ਪੁੱਜੀਆਂ; ਵਿਦੇਸ਼ਾਂ ’ਚ ਜਾ ਕੇ ਵਸਣ ਦੇ ਸੁਪਨੇ ਟੁੱਟੇ



ਚੰਡੀਗੜ੍ਹ : ‘ਬੈਂਡ ਗਰਲਜ਼’ ਨੇ ਪੰਜਾਬ ਦੇ ਸੈਂਕੜੇ ਘਰਾਂ ਦਾ ‘ਬੈਂਡ’ ਵਜਾ ਦਿੱਤਾ ਹੈ। ਕੱਖੋਂ ਹੌਲੇ ਹੋਏ ਮੁੰਡੇ ਹੁਣ ਨਾ ਇੱਧਰ ਦੇ ਰਹੇ, ਨਾ ਉੱਧਰ ਦੇ, ਜਿਨ੍ਹਾਂ ਪਰਿਵਾਰਾਂ ਨੇ ਆਪਣੇ ਜਾਇਆਂ ਨੂੰ ਵਿਦੇਸ਼ਾਂ ’ਚ ਸੈਟਲ ਕਰਨ ਲਈ ਸਮਝੌਤੇ ਦਾ ਵਿਆਹ ਕੀਤਾ ਸੀ, ਉਨ੍ਹਾਂ ’ਚੋਂ ਬਹੁਤੇ ਜਹਾਜ਼ ਨਹੀਂ ਚੜ੍ਹ ਸਕੇ। ਐਨਆਰਆਈ ਪੁਲੀਸ ਥਾਣਿਆਂ ’ਚ ਬੈਂਡ ਗਰਲਜ਼ ਦੇ ਨਿੱਤ ਨਵੇਂ ਕੇਸ ਆ ਰਹੇ ਹਨ। ਲੰਘੇ ਸੱਤ ਵਰ੍ ?ਆਂ ’ਚ ਇਨ੍ਹਾਂ ਥਾਣਿਆਂ ’ਚ 277 ਕੇਸ ਅਜਿਹੇ ਪੁੱਜੇ ਹਨ ਜਿਨ੍ਹਾਂ ਵਿਚ ਬੈਂਡ ਗਰਲਜ਼ ਨੇ ਖ਼ੁਦ ਵਿਦੇਸ਼ ਪੁੱਜਣ ਲਈ ਦੂੱਲ੍ਹੇ ਦੇ ਪਰਿਵਾਰ ਤੋਂ ਰੱਜ ਕੇ ਖਰਚਾ ਕਰਾਇਆ ਪਰ ਮੁੜ ਸਮਝੌਤੇ ਦੇ ਪਤੀਆਂ ਨਾਲੋਂ ਨਾਤਾ ਤੋੜ ਲਿਆ। ਵੇਰਵਿਆਂ ਅਨੁਸਾਰ ਪੰਜਾਬ ਵਿੱਚ 15 ਐਨਆਰਆਈ ਪੁਲੀਸ ਥਾਣੇ ਹਨ, ਜਿਨ੍ਹਾਂ ਵਿੱਚ ਜਨਵਰੀ 2017 ਤੋਂ ਅਗਸਤ 2023 ਤੱਕ 277 ਪਰਿਵਾਰਾਂ ਨੇ ਸ਼ਿਕਾਇਤਾਂ ਕੀਤੀਆਂ ਹਨ ਕਿ ਉਨ੍ਹਾਂ ਨੂੰ ਬੈਂਡ ਗਰਲਜ਼ ਨੇ ਠੱਗ ਲਿਆ ਹੈ। ਐਨਆਰਆਈ ਥਾਣਿਆਂ ਵਿਚ ਬਹੁਤੇ ਕੇਸ ਤਾਂ ਰਜ਼ਾਮੰਦੀ ਨਾਲ ਨਿਬੇੜ ਦਿੱਤੇ ਗਏ ਹਨ। ਪੁਲੀਸ ਨੇ ਬੈਂਡ ਗਰਲਜ਼ ’ਤੇ 29 ਕੇਸ ਵੀ ਦਰਜ ਕੀਤੇ ਹਨ। ਆਮ ਥਾਣਿਆਂ ’ਚ ਜਿਹੜੇ ਕੇਸ ਦਰਜ ਹੋਏ ਹਨ, ਉਨ੍ਹਾਂ ਦੀ ਗਿਣਤੀ ਇਸ ਤੋਂ ਵੀ ਕਿਤੇ ਜ਼ਿਆਦਾ ਹੈ।

ਐਨਆਰਆਈ ਥਾਣਾ ਲੁਧਿਆਣਾ (ਸਿਟੀ) ’ਚ ਇਨ੍ਹਾਂ ਸੱਤ ਸਾਲਾਂ ਦੌਰਾਨ ਸਭ ਤੋਂ ਵੱਧ 150 ਸ਼ਿਕਾਇਤਾਂ ਪੁੱਜੀਆਂ ਜਿਨ੍ਹਾਂ ਵਿਚੋਂ ਪੰਜ ਪੁਲੀਸ ਕੇਸ ਵੀ ਦਰਜ ਕੀਤੇ ਗਏ। ਮੋਗਾ ਦੇ ਐਨਆਰਆਈ ਥਾਣੇ ਵਿਚ 19, ਮੁਹਾਲੀ ਥਾਣੇ ਵਿਚ 16, ਬਠਿੰਡਾ ਵਿਚ 15, ਅੰਮ੍ਰਿਤਸਰ ਵਿਚ 13 ਅਤੇ ਫ਼ਿਰੋਜ਼ਪੁਰ ਥਾਣੇ ਵਿਚ 12 ਸ਼ਿਕਾਇਤਾਂ ਪੁੱਜੀਆਂ। ਇਨ੍ਹਾਂ ਥਾਣਿਆਂ ਵਿਚ ਵਰ੍ਹਾ 2022 ਦੌਰਾਨ ਸਭ ਤੋਂ ਵੱਧ 62 ਸ਼ਿਕਾਇਤਾਂ ਪੁੱਜੀਆਂ ਹਨ ਜਿਨ੍ਹਾਂ ਦਾ ਸਬੰਧ ਨਿਰੋਲ ਬੈਂਡ ਗਰਲਜ਼ ਨਾਲ ਸੀ। ਠੱਗੇ ਕਈ ਘਰਾਂ ਦੀ ਅਜਿਹੀ ਕਹਾਣੀ ਹੈ, ਜਿੱਥੇ ਨਾਲੇ ਜ਼ਮੀਨ ਚਲੀ ਗਈ, ਨਾਲੇ ਜੀਅ ਚਲੇ ਗਏ। ਇਨ੍ਹਾਂ ਪਰਿਵਾਰਾਂ ਨੇ ਕਰਜ਼ੇ ਚੁੱਕ ਕੇ ਅਤੇ ਜ਼ਮੀਨਾਂ ਜਾਇਦਾਦਾਂ ਵੇਚ ਕੇ ਇੱਕ ਤਰੀਕੇ ਨਾਲ ਜੂਆ ਖੇਡਿਆ ਜੋ ਰਾਸ ਨਹੀਂ ਆਇਆ। ਸਮਰਾਲਾ ਦੇ ਪਿੰਡ ਗੋਸਲਾਂ ਦੇ ਇੱਕ ਨੌਜਵਾਨ ਨੂੰ ਜਦੋਂ ਆਪਣੇ ਨਾਲ ਵੱਜੀ ਠੱਗੀ ਦਾ ਇਲਮ ਹੋਇਆ, ਉਹ ਜ਼ਿੰਦਗੀ ਤੋਂ ਹੀ ਹੱਥ ਧੋ ਬੈਠਾ। ਲੁਧਿਆਣਾ ਦੇ ਇੱਕ ਥਾਣੇਦਾਰ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਵਾਸਤੇ ਇੱਕ ਬੈਂਡ ਗਰਲ ਲੱਭੀ, ਕਰਜ਼ਾ ਚੁੱਕ ਕੇ ਤੇ ਪਲਾਟ ਵੇਚ ਕੇ ਨੂੰਹ ਦੀ ਸਾਰੀ ਪੜ੍ਹਾਈ ਦਾ ਖਰਚਾ ਕੀਤਾ। ਵਿਦੇਸ਼ ਜਾ ਕੇ ਨੂੰਹ ਨੇ ਫ਼ੋਨ ਚੁੱਕਣਾ ਬੰਦ ਕਰ ਦਿੱਤਾ। ਥਾਣੇਦਾਰ ਨੇ ਹੁਣ ਨੂੰਹ ’ਤੇ ਪਰਚਾ ਦਰਜ ਕਰਾਇਆ ਹੈ। ਇਸੇ ਤਰ੍ਹਾਂ ਫ਼ਰੀਦਕੋਟ ਦੇ ਪਿੰਡ ਕੰਮੇਆਣਾ ਦੇ ਇੱਕ ਪਰਿਵਾਰ ਨਾਲ ਹੋਈ ਹੈ। ਇੱਥੇ ਦੇ ਪੁਲੀਸ ਦੇ ਇੱਕ ਥਾਣੇਦਾਰ ਨੇ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਵਾਸਤੇ ਬੈਂਡ ਵਾਲੀ ਕੁੜੀ ਲੱਭੀ। ਕੁੜੀ ਦਾ ਸਾਰਾ ਖਰਚਾ ਚੁੱਕਿਆ। ਇਹ ਪਰਿਵਾਰ ਵੀ ਠੱਗੀ ਖਾ ਬੈਠਾ ਹੈ। ਖ਼ੁਦ ਥਾਣੇਦਾਰ ਵੀ ਇਸ ਦੁਨੀਆ ’ਚੋਂ ਰੁਖ਼ਸਤ ਹੋ ਚੁੱਕਾ ਹੈ ਅਤੇ ਉਸ ਦਾ ਲੜਕਾ ਵੀ ਕਿਸੇ ਪਾਸੇ ਦਾ ਨਹੀਂ ਰਿਹਾ। ਧਨੌਲਾ (ਬਰਨਾਲਾ) ਦੇ ਇੱਕ ਲੜਕੇ ਨੇ ਤਾਂ ਖ਼ੁਦਕੁਸ਼ੀ ਹੀ ਕਰ ਲਈ ਸੀ ਜਦ ਉਸ ਨੂੰ ਆਪਣੇ ਪਰਿਵਾਰ ਨਾਲ ਜੱਗੋਂ ਤੇਰ੍ਹਵੀਂ ਦਾ ਪਤਾ ਲੱਗਿਆ। ਇਸ ਲੜਕੇ ਦੇ ਬਾਪ ਨੇ ਕੁੜੀ ’ਤੇ 25 ਲੱਖ ਰੁਪਏ ਦਾ ਖਰਚਾ ਕੀਤਾ ਸੀ। ਮੋਗਾ ਦੇ ਪਿੰਡ ਬੁੱਘੀਪੁਰਾ ਦਾ ਲੜਕਾ ਵਿਦੇਸ਼ ਤਾਂ ਪੁੱਜ ਗਿਆ ਪ੍ਰੰਤੂ ਉਸ ਦੇ ਪੱਕੇ ਹੋਣ ਤੋਂ ਪਹਿਲਾਂ ਹੀ ਪਤਨੀ ਨੇ ਤਲਾਕ ਦਾ ਕੇਸ ਪਾ ਦਿੱਤਾ। ਜਦੋਂ ਦਾ ਸਮਝੌਤੇ ਦਾ ਵਿਆਹ ਸ਼ੁਰੂ ਹੋਇਆ, ਇਨ੍ਹਾਂ ਵਿਆਹਾਂ ਦੇ ਮਾਹਿਰ ਵਿਚੋਲੇ ਵੀ ਕਾਰੋਬਾਰ ਕਰਨ ਲੱਗੇ ਹਨ। ਸਪਾਊਸ ਵੀਜ਼ੇ ਵਾਸਤੇ ਪਰਿਵਾਰ ਆਪਣੇ ਮੁੰਡਿਆਂ ਨੂੰ ਵਿਦੇਸ਼ ’ਚ ਸੈਟਲ ਕਰਨ ਵਾਸਤੇ ਪਾਪੜ ਵੇਲਦੇ ਹਨ।

### ‘ਸਮਝੌਤੇ ਦਾ ਵਿਆਹ’ ਕੀ ਹੈ !

ਪੰਜਾਬ ’ਚ ‘ਸਮਝੌਤੇ ਦੇ ਵਿਆਹ’ ਨੂੰ ਕੌਣ ਭੁੱਲਿਆ ਹੈ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਲੋੜੀਂਦੇ ਆਈਲਟਸ ਪ੍ਰੀਖਿਆ ’ਚੋਂ ਚੰਗੇ ਬੈਂਡ ਆ ਜਾਂਦੇ ਹਨ, ਉਨ੍ਹਾਂ ਨਾਲ ਮੁੰਡੇ ਵਾਲਾ ਪਰਿਵਾਰ ਇੱਕ ਸਮਝੌਤੇ ਤਹਿਤ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖਰਚਾ ਚੁੱਕਦਾ ਹੈ, ਬਦਲੇ ਵਿਚ ਲੜਕੀ ਨੇ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿਚ ਪੱਕਾ ਕਰਾਉਣਾ ਹੁੰਦਾ ਹੈ। ਹੁਣ ਤਾਂ ਸ਼ਰੇਆਮ ਇਸ ਸਬੰਧੀ ਅਖ਼ਬਾਰਾਂ ’ਚ ਇਸ਼ਤਿਹਾਰ ਛਪਦੇ ਹਨ।

# ਟਰੂਡੋ ਦੇ ਬਿਆਨ ਨਾਲ 1984 ਦੇ ਸਿੱਖ ਨਸਲਕੁਸ਼ੀ ਦੀ ਯਾਦ ਤਾਜ਼ਾ ਹੋਈ : ਗਿਆਨੀ ਰਘਬੀਰ ਸਿੰਘ



ਅੰਮ੍ਰਿਤਸਰ : ਜਥੇਦਾਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੇ ਬਿਆਨ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ ਅਤੇ ਉਨ੍ਹਾਂ ਦੇ ਮਨਾਂ ਨੂੰ ਡੂੰਘੀ ਸੱਟ ਵੱਜੀ ਹੈ। ਭਾਰਤ ਅਤੇ ਕੈਨੇਡਾ ਦੇ ਆਪਸੀ ਕੂਟਨੀਤਕ ਸਬੰਧਾਂ ਵਿਚ ਖਟਾਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਇਸ ਨੂੰ ਸੰਜੀਦਾ ਵਿਚਾਰ ਦੇ ਏਜੰਡੇ 'ਤੇ ਲਿਆਉਣਾ ਚਾਹੀਦਾ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਅੱਜ ਪੂਰੀ ਦੁਨੀਆਂ ਅੰਦਰ ਸਿੱਖ ਵਸੇ ਹੋਏ ਹਨ, ਜਿਨ੍ਹਾਂ ਦੇ ਮਾਨਵੀ ਸਰੋਕਾਰਾਂ ਦੇ ਨਾਲ-ਨਾਲ ਧਾਰਮਿਕ ਸਰੋਕਾਰ ਵੀ ਅਹਿਮ ਹਨ। ਸਿੱਖ ਕੌਮ ਨੇ ਕਈ ਦਰਦਨਾਕ ਸਮੇਂ ਵੀ ਹੰਢਾਏ ਹਨ, ਜਿਸ ਵਿਚ ਜੂਨ 1984 ਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲਾ, 1984 ਦਾ ਸਿੱਖ ਕਤਲੇਆਮ ਅਤੇ ਇਕ ਦਹਾਕਾ ਸਿੱਖ ਨੌਜੁਆਨੀ ਦਾ ਘਾਣ ਸ਼ਾਮਲ ਹੈ। ਇਹ ਸਿੱਖ ਕੌਮ ਦਾ ਉਹ ਦਰਦ ਹੈ, ਜਿਸ ਨੂੰ ਦੁਨੀਆਂ ਵਿਚ ਬੈਠੇ ਸਿੱਖ ਕਦੇ ਵੀ ਭੁੱਲ ਨਹੀਂ ਸਕਦੇ। ਅੱਜ ਵੀ ਕਈ ਦੇਸ਼ਾਂ ਵਿਚ ਰਹਿੰਦੇ ਸਿੱਖਾਂ ਨੂੰ ਆਪਣੀ ਜਨਮ ਭੂਮੀ ਅਤੇ ਗੁਰੂਆਂ ਦੇ ਪਾਵਨ ਅਸਥਾਨ 'ਤੇ ਆ ਕੇ ਨਤਮਸਤਕ ਹੋਣ ਤੋਂ ਵੀ ਵਾਂਝੇ ਰੱਖਿਆ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਕੈਨੇਡਾ ਵਿਚ ਸਿੱਖ ਨੌਜੁਆਨ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਉਥੋਂ ਦੀ ਸਰਕਾਰ ਵੱਲੋਂ ਭਾਰਤ ਦੇ ਇਕ ਵੱਡੇ ਕੂਟਨੀਤਕ ਅਧਿਕਾਰੀ 'ਤੇ ਲੱਗੇ ਦੋਸ਼ਾਂ ਮਗਰੋਂ ਉਸ ਨੂੰ ਦੇਸ਼ 'ਚੋਂ ਹਟਾਉਣਾ ਕਈ ਸਵਾਲ ਪੈਦਾ ਕਰਦਾ ਹੈ। ਇਸ ਦੇ ਪ੍ਰਤੀਕਰਮ ਵਜੋਂ ਭਾਵੇਂ ਭਾਰਤ ਵੱਲੋਂ ਦੋਸ਼ਾਂ ਦਾ ਖੰਡਨ ਕਰਦਿਆਂ ਕੈਨੇਡਾ ਦੇ ਕੂਨਟੀਤਕ ਅਧਿਕਾਰੀ ਨੂੰ ਵੀ ਹਟਾ ਦਿੱਤਾ ਗਿਆ ਹੈ, ਪਰ ਇਹ ਮਾਮਲਾ ਬੇਹੱਦ ਸੰਜੀਦਾ ਅਤੇ ਸਿੱਧੇ ਤੌਰ 'ਤੇ ਸਿੱਖਾਂ ਨਾਲ ਜੁੜਿਆ ਹੋਣ ਕਰਕੇ ਗਲੋਬਲ ਪੱਧਰ 'ਤੇ ਸਿੱਖਾਂ ਨੂੰ ਪ੍ਰਭਾਵਿਤ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਸ ਮਾਮਲੇ ਤੇ ਆਪਣੀ ਸਥਿਤੀ ਜਰੂਰ ਸਪਸ਼ਟ ਕਰੇ।

# ਭਾਰਤ ਵਲੋਂ ਸਿੱਖਾਂ ਦੇ ਕਤਲ ਕਰਨਾ ਕਾਇਰਾਨਾ ਕਾਰਵਾਈ : ਡਾ. ਪ੍ਰਿਤਪਾਲ ਸਿੰਘ



ਫਰੀਮਾਂਟ : ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੀ ਧਰਤੀ ਉਪਰ ਕੈਨੇਡੀਅਨ ਸਿਟੀਜਨ ਅਤੇ ਸਿੱਖ ਐਕਟੀਵਿਸਟ ਸਰਦਾਰ ਨਿੱਝਰ ਦੇ ਕਤਲ ਪ੍ਰਤੀ ਪਾਰਲੀਮੈਂਟ 'ਚ ਮੁੱਦਾ ਉਠਾ ਕੇ ਇਕ ਦਲੇਰਾਨਾ ਕਾਰਵਾਈ ਕੀਤੀ ਹੈ। ਉਨ੍ਹਾਂ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਉਨ੍ਹਾਂ ਪਾਕਿਸਤਾਨ 'ਚ ਭਾਈ ਪ੍ਰਮਜੀਤ ਸਿੰਘ ਪੰਜਵੜ, ਯੂ.ਕੇ. 'ਚ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਦੀਪ ਸਿੰਘ, ਸਿੱਧੂ ਮੂਸੇਵਾਲਾ ਦਾ ਕਤਲ ਵੀ ਇਸੇ ਕੜੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਿੱਖ ਚੁੱਪ ਬੈਠਣ ਵਾਲੇ ਨਹੀਂ। ਅਸੀਂ ਇਨਸਾਫ਼ ਲਈ ਸਦੀਆਂ ਤੱਕ ਲੜਾਂਗੇ ਅਤੇ ਭਾਰਤ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪਵੇਗੀ। ਉਨ੍ਹਾਂ ਕਿਹਾ ਕਿ ਜੇ ਹਿੰਦੋਸਤਾਨ ਨੇ ਇਨ੍ਹਾਂ ਬੇਹੂਦਰੀਆਂ ਉਪਰ ਕਾਬੂ ਨਾ ਪਾਇਆ ਤਾਂ ਭਾਰਤ ਦੇ ਕਈ ਟੋਟੇ ਹੋਣਗੇ। ਉਨ੍ਹਾਂ ਕਿਹਾ ਕਿ ਸਿੱਖ ਕਾਕਸ ਅਮਰੀਕਾ ਦੇ ਸਮੂਹ ਕਾਂਗਰਸਮੈਨ ਤੋਂ ਲੈ ਕੇ ਪ੍ਰੈਜੀਡੈਂਟ ਤੱਕ ਪਹੁੰਚ ਕਰਾਂਗੇ।

# ਟਰੂਡੋ ਦੇ ਬਿਆਨ 'ਤੇ ਅਮਰੀਕਾ, ਆਸਟਰੇਲੀਆ ਤੇ ਬਰਤਾਨੀਆ ਨੇ ਚਿੰਤਾ ਜਿਤਾਈ

ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਗਏ ਦੋਸ਼ਾਂ 'ਤੇ ਅਮਰੀਕਾ ਨੇ ਚਿੰਤਾ ਪ੍ਰਗਟਾਈ ਹੈ। ਅਮਰੀਕਾ, ਆਸਟਰੇਲੀਆ ਤੇ ਬਰਤਾਨੀਆ ਨੇ ਇਸ ਮਾਮਲੇ ਉਤੇ ਚਿੰਤਾ ਜ਼ਾਹਿਰ ਕੀਤੀ ਹੈ।

ਵਾਈਟ ਹਾਊਸ ਨੇ ਟਰੂਡੋ ਵੱਲੋਂ ਲਾਏ ਦੋਸ਼ਾਂ 'ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਵਾਈਟ ਹਾਊਸ ਦੀ ਕੌਮੀ ਸੁਰੱਖਿਆ ਪਰਿਸ਼ਦ ਦੀ ਤਰਜਮਾਨ ਐਡਰੀਅਨ ਵਾਟਸਨ ਨੇ ਕਿਹਾ ਕਿ ਉਹ ਕੈਨੇਡਾ ਦੇ ਲਗਾਤਾਰ ਸੰਪਰਕ ਵਿਚ ਹਨ, ਇਹ ਜ਼ਰੂਰੀ ਹੈ ਕਿ ਕੈਨੇਡਾ ਦੀ ਜਾਂਚ ਅੱਗੇ ਵਧੇ ਤੇ ਜ਼ਿੰਮੇਵਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ।

ਆਸਟਰੇਲੀਆ ਨੇ ਵੀ ਮਾਮਲੇ 'ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਵਿਦੇਸ਼ ਮੰਤਰੀ ਪੈਨੀ ਵੌਂਗ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਕਤਲ ਸਬੰਧੀ ਜਾਂਚ ਚੱਲ ਰਹੀ ਹੈ ਅਤੇ ਕੈਨੇਡੀਅਨ ਸਰਕਾਰ ਵੱਲੋਂ ਲਗਾਏ ਗਏ ਦੋਸ਼ ਚਿੰਤਾ ਦਾ ਵਿਸ਼ਾ ਹੈ। ਸਾਰੇ ਮੁਲਕਾਂ ਨੂੰ ਇੱਕ ਦੂਜੇ ਦੀ ਖੁਦਮੁਖਤਿਆਰੀ ਤੇ ਸਥਾਨਕ ਕਾਨੂੰਨਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਕੈਨੇਡਾ ਅਤੇ ਆਸਟਰੇਲੀਆ 'ਚ 'ਫਾਈਵ-ਆਈ' ਸਮਝੌਤੇ ਤਹਿਤ ਅਹਿਮ ਖੁਫੀਆ ਜਾਣਕਾਰੀਆਂ ਦੀ ਸਾਂਝ ਦਾ ਸਮਝੌਤਾ ਹੈ। ਵੌਂਗ ਨੇ ਕਿਹਾ ਕਿ ਉਨ੍ਹਾਂ ਇਸ ਮਾਮਲੇ ਬਾਰੇ ਆਪਣੇ 'ਸੀਨੀਅਰਾਂ' ਨੂੰ ਜਾਣੂ ਕਰਵਾ ਦਿੱਤਾ ਹੈ। ਯੂਕੇ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੇ ਬੁਲਾਰੇ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਕੈਨੇਡਾ ਸਰਕਾਰ ਦੇ ਸੰਪਰਕ ਵਿਚ ਹਨ। ਉਨ੍ਹਾਂ ਕਿਹਾ ਕਿ ਜਾਂਚ ਜਾਰੀ ਹੈ ਤੇ ਅਜੇ ਇਸ ਮਾਮਲੇ ਉਤੇ ਕੋਈ ਵੀ ਟਿੱਪਣੀ ਢੁੱਕਵੀਂ ਨਹੀਂ ਹੋਵੇਗੀ।

ਉਧਰ, ਵਿਵਾਦ ਦਰਮਿਆਨ ਕੈਨੇਡਾ ਨੇ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ ਕੀਤੀ। ਇਸ ਵਿੱਚ ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਜੰਮੂ-ਕਸ਼ਮੀਰ ਨਾ ਜਾਣ ਲਈ ਕਿਹਾ ਹੈ।

ਕੈਨੇਡਾ ਨੇ ਇਸ ਪਿੱਛੇ ਸੁਰੱਖਿਆ ਨੂੰ ਕਾਰਨ ਦੱਸਿਆ ਹੈ। ਐਡਵਾਈਜ਼ਰੀ 'ਚ ਲਿਖਿਆ, ÷ਜੰਮੂ-ਕਸ਼ਮੀਰ ਨਾ ਜਾਓ ਕਿਉਂਕਿ ਇੱਥੇ ਅੱਤਵਾਦ, ਕੱਟੜਪੰਥ, ਨਾਗਰਿਕ ਅਸ਼ਾਂਤੀ ਅਤੇ ਅਗਵਾ ਹੋਣ ਦਾ ਖ਼ਤਰਾ ਹੈ।÷ ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਪਾਕਿਸਤਾਨ ਨਾਲ ਲੱਗਦੇ ਖੇਤਰਾਂ ਵਿਚ ਨਾ ਜਾਣ ਦੀ ਸਲਾਹ ਦਿੱਤੀ ਹੈ। ਰਾਜਸਥਾਨ ਤੇ ਗੁਜਰਾਤ ਦੀ ਯਾਤਰਾ ਤੋਂ ਵੀ ਵਰਜਿਆ ਹੈ।



# ਆਖਰੀ ਰਾਈਡ : ਮੁੰਬਈ ਨੇ 86 ਸਾਲਾਂ ਦੀ ਸੇਵਾ ਤੋਂ ਬਾਅਦ ਆਈਕੋਨਿਕ ਡਬਲ-ਡੇਕਰ ਬੱਸਾਂ ਨੂੰ ਕਿਹਾ ਅਲਵਿਦਾ





ਮੁੰਬਈ: ਜਿਵੇਂ ਹੀ ਮੁੰਬਈ ਵਾਸੀਆਂ ਨੇ ਬ੍ਰਿਹਨਮੁੰਬਈ ਇਲੈਕਟ੍ਰਿਕ ਸਪਲਾਈ ਅਤੇ ਟਰਾਂਸਪੋਰਟ (ਬੈਸਟ) ਅੰਡਰਟੇਕਿੰਗ ਦੀ ਆਖਰੀ ਡੀਜ਼ਲ ਨਾਲ ਚੱਲਣ ਵਾਲੀ ਡਬਲ-ਡੈਕਰ ਬੱਸ ਨੂੰ ਅਲਵਿਦਾ ਕਹਿ ਦਿੱਤਾ, ਯਾਤਰੀਆਂ ਅਤੇ ਕਰਮਚਾਰੀਆਂ ਨੇ ਇਸ ਮਸ਼ਹੂਰ ਲਾਲ ਵਾਹਨ ਵਿੱਚ ਆਪਣੀ ਯਾਤਰਾ ਦੀ ਯਾਦ ਤਾਜ਼ਾ ਕਰ ਦਿੱਤੀ ਜੋ ਸ਼ਹਿਰ ਦਾ ਪ੍ਰਤੀਕ ਬਣ ਗਿਆ ਸੀ।

ਬੱਸ ਨੇ ਸ਼ੁੱਕਰਵਾਰ ਰਾਤ ਕਰੀਬ 11.05 ਵਜੇ ਅੰਧੇਰੀ ਰੇਲਵੇ ਸਟੇਸ਼ਨ ਤੋਂ ਪੱਛਮੀ ਉਪਨਗਰ ਦੇ SEEPZ ਪਿੰਡ ਤੱਕ ਰੂਟ 415 'ਤੇ ਆਪਣੀ ਅੰਤਿਮ ਯਾਤਰਾ ਸ਼ੁਰੂ ਕੀਤੀ। ਮੰਜ਼ਿਲ 'ਤੇ ਪਹੁੰਚਣ ਤੋਂ ਬਾਅਦ, ਇਹ ਬੈਸਟ ਦੇ ਮਰੋਲ ਡਿਪੂ ਲਈ ਰਵਾਨਾ ਹੋਇਆ।

"ਮੈਂ 15 ਸਾਲਾਂ ਤੋਂ ਡਬਲ-ਡੈਕਰ ਬੱਸ ਨਾਲ ਯਾਦਗਾਰੀ ਸਫ਼ਰ ਕੀਤਾ। ਇਹ 'ਮੁੰਬਈ ਦੀ ਸ਼ਾਨ' (ਮੁੰਬਈ ਦੀ ਸ਼ਾਨ) ਸੀ ਅਤੇ ਅਸੀਂ ਇਸਨੂੰ ਦੁਬਾਰਾ ਨਹੀਂ ਦੇਖਾਂਗੇ। 415 ਰੂਟ ਬੱਸ ਦੇ ਕੰਡਕਟਰ ਗੋਪਾਲ ਸੁਤਕੇ ਨੇ ਕਿਹਾ, 'ਅਸੀਂ ਅੰਤਿਮ ਯਾਤਰਾ ਦੌਰਾਨ ਯਾਤਰੀਆਂ ਨੂੰ ਇੱਕ ਵਿਸ਼ੇਸ਼ ਟਿਕਟ ਦੇ ਤੌਰ 'ਤੇ ਪੁਰਾਣੀਆਂ ਟਿਕਟਾਂ ਵੰਡੀਆਂ।'

ਇਸ ਤਰ੍ਹਾਂ 86 ਸਾਲ ਪਹਿਲਾਂ ਸ਼ਹਿਰ ਦੀਆਂ ਸੜਕਾਂ 'ਤੇ ਲਾਲ ਡੀਜ਼ਲ ਨਾਲ ਚੱਲਣ ਵਾਲੇ ਡਬਲ ਡੈਕਰਾਂ ਦਾ ਯੁੱਗ ਖ਼ਤਮ ਹੋ ਗਿਆ। ਨਵੇਂ, ਚਮਕਦਾਰ ਲਾਲ ਅਤੇ ਕਾਲੇ ਬੈਟਰੀ ਨਾਲ ਚੱਲਣ ਵਾਲੇ (EV) ਡਬਲ-ਡੈਕਰ ਇਸ ਸਾਲ ਫਰਵਰੀ ਤੋਂ ਪਹਿਲਾਂ ਹੀ ਚੱਲਣੇ ਸ਼ੁਰੂ ਹੋ ਗਏ ਹਨ। ਹਾਲਾਂਕਿ, ਦੱਖਣੀ ਮੁੰਬਈ ਵਿੱਚ ਸੈਰ-ਸਪਾਟੇ ਲਈ ਵਰਤੇ ਜਾਣ ਵਾਲੇ ਤਿੰਨ ਓਪਨ-ਡੇਕ ਡੀਜ਼ਲ ਨਾਲ ਚੱਲਣ ਵਾਲੇ ਡਬਲ-ਡੈਕਰ ਅਜੇ ਵੀ ਚਾਲੂ ਹਨ। ਬੈਸਟ ਅਧਿਕਾਰੀਆਂ ਨੇ ਦੱਸਿਆ ਕਿ ਇਹ ਬੱਸਾਂ 5 ਅਕਤੂਬਰ ਨੂੰ ਸੜਕ ਤੋਂ ਬੰਦ ਹੋ ਜਾਣਗੀਆਂ।

# ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿਛੇ ਭਾਰਤੀ ਏਜੰਸੀਆਂ ਦਾ ਹੱਥ : ਜਸਟਿਨ ਟਰੂਡੋ

## • ਕੈਨੇਡਾ 'ਚੋਂ ਭਾਰਤੀ ਡਿਪਲੋਮੈਟ ਪਵਨ ਕੁਮਾਰ ਨੂੰ ਕੱਢਿਆ

## • ਭਾਰਤ ਦਾ ਪਲਟਵਾਰ ਕੈਨੇਡਾ ਦੇ ਰਾਜਦੂਤ ਨੂੰ ਦੇਸ਼ ਛੱਡਣ ਦੇ ਹੁਕਮ





ਵੈਨਕੂਵਰ/ਨਵੀਂ ਦਿੱਲੀ : ਭਾਰਤ ਤੇ ਕੈਨੇਡਾ ਦੇ ਪਹਿਲਾਂ ਹੀ ਤਣਾਅਪੂਰਨ ਚੱਲ ਰਹੇ ਕੂਟਨੀਤਕ ਸਬੰਧ ਅੱਜ ਉਸ ਵੇਲੇ ਹੋਰ ਵਿਗੜ ਗਏ ਜਦ ਵਿਦੇਸ਼ ਮੰਤਰਾਲੇ ਨੇ ਨਵੀਂ ਦਿੱਲੀ 'ਚ ਤਾਇਨਾਤ ਕੈਨੇਡੀਅਨ ਇੰਟੈਲੀਜੈਂਸ ਦੇ ਮੁਖੀ (ਡਿਪਲੋਮੈਟ) ਓਲੀਵਰ ਸਿਲਵੈਸਟਰ ਨੂੰ ਪੰਜ ਦਿਨਾਂ 'ਚ ਦੇਸ਼ ਛੱਡਣ ਲਈ ਕਹਿ ਦਿੱਤਾ। ਇਹ ਕਾਰਵਾਈ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖਾਲਿਸਤਾਨ ਸਮਰਥਕ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ 'ਭਾਰਤ ਸਰਕਾਰ ਦੇ ਏਜੰਟਾਂ' ਦੀ ਸ਼ਮੂਲੀਅਤ ਦੇ ਦੋਸ਼ ਲਾਏ ਜਾਣ ਤੋਂ ਬਾਅਦ ਹੋਈ ਹੈ। ਦੱਸਣਯੋਗ ਹੈ ਕਿ ਟਰੂਡੋ ਨੇ ਇਹ ਦੋਸ਼ ਦੇਸ਼ ਦੀ ਸੰਸਦ ਵਿਚ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਲਾਏ ਹਨ। ਇਸ ਤੋਂ ਪਹਿਲਾਂ ਕੈਨੇਡਾ ਨੇ ਵੀ ਭਾਰਤ ਦੇ ਇਕ ਸੀਨੀਅਰ ਡਿਪਲੋਮੈਟ ਨੂੰ ਦੇਸ਼ ਛੱਡਣ ਲਈ ਕਹਿ ਦਿੱਤਾ ਸੀ। ਕੈਨੇਡਾ ਦੇ ਵਿਦੇਸ਼ ਮੰਤਰੀ ਦੇ ਦਫ਼ਤਰ ਮੁਤਾਬਕ ਕੱਢੇ ਗਏ ਭਾਰਤੀ ਡਿਪਲੋਮੈਟ ਜਿਸ ਦਾ ਨਾਂ ਪਵਨ ਕੁਮਾਰ ਰਾਏ ਹੈ, ਉਹ ਕੈਨੇਡਾ ਵਿਚ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦਾ ਇੰਚਾਰਜ ਹੈ। ਇਸੇ ਦੌਰਾਨ ਅੱਜ ਭਾਰਤ ਵਿਚ ਕੈਨੇਡਾ ਦੇ ਹਾਈ ਕਮਿਸ਼ਨਰ ਕੈਮਰੌਨ ਮੈਕੇ ਨੂੰ ਵੀ ਤਲਬ ਕੀਤਾ ਗਿਆ ਤੇ ਸੀਨੀਅਰ ਡਿਪਲੋਮੈਟ ਨੂੰ ਕੱਢਣ ਦੇ ਭਾਰਤ ਦੇ ਫੈਸਲੇ ਬਾਰੇ ਜਾਣੂ ਕਰਵਾਇਆ ਗਿਆ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਕਦਮ ਦਰਸਾਉਂਦਾ ਹੈ ਕਿ ਭਾਰਤ 'ਆਪਣੇ ਅੰਦਰੂਨੀ ਮਸਲਿਆਂ ਵਿਚ ਕੈਨੇਡੀਅਨ ਰਾਜਦੂਤਾਂ ਦੇ ਦਖ਼ਲ ਤੇ ਉਨ੍ਹਾਂ ਦੀਆਂ ਭਾਰਤ ਵਿਰੋਧੀ ਗਤੀਵਿਧੀਆਂ ਤੋਂ ਫਿਕਰਮੰਦ ਹੈ।'

ਸੰਨ 2016 ਵਿਚ ਨਿੱਝਰ ਵਿਰੁੱਧ ਇੰਟਰਪੋਲ ਦਾ ਰੈੱਡ ਕਾਰਨਰ ਨੋਟਿਸ ਵੀ ਨਿਕਲਿਆ ਸੀ। ਸਰੀ ਦੀ ਪੁਲੀਸ ਨੇ 2018 ਵਿਚ ਨਿੱਝਰ ਨੂੰ ਅਤਿਵਾਦ 'ਚ ਸ਼ਮੂਲੀਅਤ ਦੇ ਸ਼ੱਕ ਵਿਚ ਆਰਜ਼ੀ ਤੌਰ 'ਤੇ ਘਰ ਵਿਚ ਨਜ਼ਰਬੰਦ ਕੀਤਾ ਸੀ ਪਰ ਮਗਰੋਂ ਰਿਹਾਅ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿਚ 18 ਜੂਨ ਨੂੰ ਇਕ ਗੁਰਦੁਆਰੇ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਨਿੱਝਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਵਿਦੇਸ਼ੀ ਮੰਤਰੀ ਮੇਲਾਨੀ ਜੋਲੀ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਭਾਰਤ ਇਸ ਮਾਮਲੇ ਦੀ ਤਹਿ ਤੱਕ ਜਾਣ 'ਚ ਸਾਡਾ ਸਹਿਯੋਗ ਕਰੇ।' ਟਰੂਡੋ ਨੇ ਅੱਜ ਸੰਸਦ ਵਿਚ ਦੱਸਿਆ, 'ਪਿਛਲੇ ਕਈ ਹਫ਼ਤਿਆਂ ਦੌਰਾਨ ਕੈਨੇਡੀਅਨ ਸੁਰੱਖਿਆ ਏਜੰਸੀਆਂ ਭਰੋਸੇਯੋਗ ਦੋਸ਼ਾਂ ਦੇ ਆਧਾਰ 'ਤੇ ਦੇਸ਼ ਦੇ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੇ ਭਾਰਤੀ ਸਰਕਾਰ ਦੇ ਏਜੰਟਾਂ ਵਿਚਾਲੇ ਸੰਭਾਵੀ ਲਿੰਕ ਦੀ ਸਰਗਰਮੀ ਨਾਲ ਜਾਂਚ ਕਰ ਰਹੀਆਂ ਸਨ।' ਸੰਸਦ ਵਿਚ ਟਰੂਡੋ ਦੀਆਂ ਟਿੱਪਣੀਆਂ ਤੋਂ ਬਾਅਦ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ 'ਭਾਰਤ ਦੇ ਇਕ ਸੀਨੀਅਰ ਡਿਪਲੋਮੈਟ' ਨੂੰ ਦੇਸ਼ ਛੱਡਣ ਦਾ ਹੁਕਮ ਦਿੱਤਾ ਹੈ। ਜੋਲੀ ਦੀਆਂ ਟਿੱਪਣੀਆਂ ਤੇ ਦੋਸ਼ਾਂ ਉਤੇ ਤਿੱਖੀ ਪ੍ਰਤੀਕਿਰਿਆਂ ਦਿੰਦਿਆਂ ਭਾਰਤ ਨੇ ਟਰੂਡੋ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਤੇ ਇਨ੍ਹਾਂ ਨੂੰ 'ਬੇਤੁਕਾ ਅਤੇ ਪ੍ਰੇਰਿਤ' ਕਰਾਰ ਦਿੱਤਾ। ਜਵਾਬ ਵਿਚ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਕੈਨੇਡਾ ਦੇ ਇਕ ਡਿਪਲੋਮੈਟ ਨੂੰ ਅਗਲੇ ਪੰਜ ਦਿਨਾਂ ਵਿਚ ਦੇਸ਼ ਛੱਡਣ ਦਾ ਹੁਕਮ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ, 'ਕੈਨੇਡਾ ਵਿਚ ਕਿਸੇ ਵੀ ਤਰ੍ਹਾਂ ਦੀ ਹਿੰਸਾ 'ਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ ਬੇਤੁਕੇ ਤੇ ਪ੍ਰੇਰਿਤ ਹਨ।' ਉਨ੍ਹਾਂ ਕਿਹਾ, 'ਇਸੇ ਤਰ੍ਹਾਂ ਦੇ ਦੋਸ਼ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਸਾਡੇ ਪ੍ਰਧਾਨ ਮੰਤਰੀ ਅੱਗੇ ਵੀ ਰੱਖੇ ਸਨ ਤੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਗਿਆ। ਅਸੀਂ ਇਕ ਲੋਕਤੰਤਰਿਕ ਮੁਲਕ ਹਾਂ ਤੇ ਕਾਨੂੰਨ ਦੇ ਰਾਜ ਪ੍ਰਤੀ ਪੂਰੀ ਵਚਨਬੱਧਤਾ ਰੱਖਦੇ ਹਾਂ।' ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ, 'ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਉਸ ਦੀ ਧਰਤੀ 'ਤੇ ਬੈਠੇ ਸਾਰੇ ਭਾਰਤ-ਵਿਰੋਧੀ ਤੱਤਾਂ ਖ਼ਿਲਾਫ਼ ਜਲਦੀ ਤੇ ਅਸਰਦਾਰ ਕਾਨੂੰਨੀ ਕਾਰਵਾਈ ਕਰੇ।' ਇਸ ਤੋਂ ਪਹਿਲਾਂ ਆਪਣੇ ਭਾਸ਼ਣ ਵਿਚ ਟਰੂਡੋ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਕੈਨੇਡੀਅਨ ਨਾਗਰਿਕ ਦੀ ਹੱਤਿਆ ਵਿਚ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ 'ਸਾਡੀ ਖ਼ੁਦਮੁਖਤਿਆਰੀ ਦੀ ਉਲੰਘਣਾ ਹੈ ਤੇ ਬਰਦਾਸ਼ਤ ਤੋਂ ਬਾਹਰ ਹੈ। ਇਹ ਉਨ੍ਹਾਂ ਸਿਧਾਤਾਂ ਦੇ ਉਲਟ ਹੈ ਜਿਨ੍ਹਾਂ ਰਾਹੀਂ ਆਜ਼ਾਦ ਤੇ ਲੋਕਤੰਤਰਿਕ ਸਮਾਜ ਖ਼ੁਦ ਨੂੰ ਚਲਾਉਂਦੇ ਹਨ।' ਟਰੂਡੋ ਨੇ ਕਿਹਾ ਕਿ ਉਹ ਇਸ ਗੰਭੀਰ ਮਾਮਲੇ 'ਤੇ ਆਪਣੇ ਭਾਈਵਾਲਾਂ ਨਾਲ ਤਾਲਮੇਲ ਕਰ ਰਹੇ ਹਨ। ਟਰੂਡੋ ਨੇ ਨਾਲ ਹੀ ਕਿਹਾ ਕਿ ਉਨ੍ਹਾਂ ਇਹ ਮੁੱਦਾ ਨਵੀਂ ਦਿੱਲੀ ਵਿਚ ਜੀ20 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਹੋਈ ਮੀਟਿੰਗ 'ਚ ਰੱਖਿਆ ਸੀ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਣ ਵਿਚ ਕੈਨੇਡਾ ਦਾ ਸਹਿਯੋਗ ਕਰਨ। ਜ਼ਿਕਰਯੋਗ ਹੈ ਕਿ ਟਰੂਡੋ ਨਾਲ 10 ਸਤੰਬਰ ਨੂੰ ਹੋਈ ਦੁਵੱਲੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਵਿਚ ਭਾਰਤ-ਵਿਰੋਧੀ ਗਤੀਵਿਧੀਆਂ ਤੇ ਕੱਟੜਵਾਦੀ ਤੱਤਾਂ ਦਾ ਮੁੱਦਾ ਉਠਾਇਆ ਸੀ ਤੇ ਭਾਰਤ ਦੇ ਫ਼ਿਕਰ ਅੱਗੇ ਰੱਖੇ ਸਨ। ਉਨ੍ਹਾਂ ਕਿਹਾ ਸੀ ਕਿ ਅਜਿਹੇ ਤੱਤ ਵੱਖਵਾਦ ਤੇ ਭਾਰਤੀ ਰਾਜਦੂਤਾਂ ਵਿਰੁੱਧ ਹਿੰਸਾ ਭੜਕਾ ਰਹੇ ਹਨ ਤੇ ਕੈਨੇਡਾ ਵਿਚ ਮੌਜੂਦ ਭਾਰਤੀ ਭਾਈਚਾਰੇ ਨੂੰ ਧਮਕਾ ਰਹੇ ਹਨ। ਜ਼ਿਕਰਯੋਗ ਹੈ ਕਿ ਭਾਰਤ ਤੇ ਕੈਨੇਡਾ ਦੇ ਦੁਵੱਲੇ ਸਬੰਧਾਂ ਵਿਚ ਪਿਛਲੇ ਕਈ ਮਹੀਨਿਆਂ ਤੋਂ ਤਣਾਅ ਹੈ। ਹਾਲ ਹੀ 'ਚ ਕੈਨੇਡਾ ਨੇ ਭਾਰਤ ਨਾਲ ਵਪਾਰਕ ਵਾਰਤਾ ਰੱਦ ਕਰ ਦਿੱਤੀ ਸੀ।

## ਬੇਬੁਨਿਆਦ ਦੋਸ਼ ਖਾਲਿਸਤਾਨੀਆਂ ਤੇ ਕੱਟੜਵਾਦੀਆਂ ਤੋਂ ਧਿਆਨ ਹਟਾਉਣ ਦਾ ਯਤਨ: ਵਿਦੇਸ਼ ਮੰਤਰਾਲਾ



ਨਵੀਂ ਦਿੱਲੀ: ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ, 'ਅਜਿਹੇ ਬੇਬੁਨਿਆਦ ਦੋਸ਼ ਖਾਲਿਸਤਾਨੀ ਅਤਿਵਾਦੀਆਂ ਤੇ ਕੱਟੜਵਾਦੀਆਂ ਤੋਂ ਧਿਆਨ ਹਟਾਉਣ ਲਈ ਹਨ, ਜਿਨ੍ਹਾਂ ਨੂੰ ਕੈਨੇਡਾ ਵਿਚ ਸ਼ਰਨ ਮਿਲੀ ਹੋਈ ਹੈ ਤੇ ਉਹ ਲਗਾਤਾਰ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਲਈ ਖਤਰਾ ਪੈਦਾ ਕਰ ਰਹੇ ਹਨ। ਇਸ ਮਾਮਲੇ ਵਿਚ ਕੈਨੇਡਾ ਦੀ ਸਰਕਾਰ ਵੱਲੋਂ ਕੋਈ ਕਦਮ ਨਾ ਚੁੱਕਣਾ ਲੰਮੇ ਸਮੇਂ ਤੋਂ ਚਿੰਤਾ ਵਿਸ਼ਾ ਬਣਿਆ ਹੋਇਆ ਹੈ।' ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕੈਨੇਡੀਅਨ ਰਾਜਨੀਤਕ ਸ਼ਖ਼ਸੀਅਤਾਂ, 'ਸ਼ਰੇਆਮ ਅਜਿਹੇ ਤੱਤਾਂ ਲਈ ਹਮਦਰਦੀ ਜ਼ਾਹਿਰ ਕਰਦੀਆਂ ਰਹੀਆਂ ਹਨ ਜੋ ਕਿ ਹਮੇਸ਼ਾ ਚਿੰਤਾ ਦਾ ਮਾਮਲਾ ਬਣਿਆ ਰਿਹਾ ਹੈ।' ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਕੈਨੇਡਾ ਵਿਚ ਹੱਤਿਆਵਾਂ, ਮਨੁੱਖੀ ਤਸਕਰੀ ਤੇ ਸੰਗਠਿਤ ਅਪਰਾਧ ਜਿਹੀਆਂ ਗੈਰਕਾਨੂੰਨੀ ਗਤੀਵਿਧੀਆਂ ਨੂੰ ਥਾਂ ਦਿੱਤੀ ਜਾਣੀ, ਕੋਈ ਨਵੀਂ ਗੱਲ ਨਹੀਂ ਹੈ। ਮੰਤਰਾਲੇ ਨੇ ਕਿਹਾ ਕਿ ਉਹ ਅਜਿਹੀਆਂ ਘਟਨਾਵਾਂ ਨਾਲ ਭਾਰਤ ਸਰਕਾਰ ਦਾ ਨਾਂ ਜੋੜੇ ਜਾਣ ਦੇ ਯਤਨਾਂ ਨੂੰ ਖਾਰਜ ਕਰਦੇ ਹਨ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਸਿੱਖਾਂ ਦੀ ਆਬਾਦੀ 7,70,000 (ਕੁੱਲ ਆਬਾਦੀ ਦਾ ਦੋ ਪ੍ਰਤੀਸ਼ਤ) ਤੋਂ ਵੱਧ ਹੈ।

## ਭਾਰਤ-ਵਿਰੋਧੀ ਤੱਤਾਂ ਵਿਰੁੱਧ ਪ੍ਰਭਾਵੀ ਕਾਰਵਾਈ ਕਰੇ ਕੈਨੇਡਾ ਸਰਕਾਰ: ਤਰੁਣ ਚੁੱਘ



ਨਵੀਂ ਦਿੱਲੀ: ਭਾਰਤ ਸਰਕਾਰ ਵੱਲੋਂ ਅਤਿਵਾਦੀ ਐਲਾਨੇ ਗਏ ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ 'ਚ ਹੋਈ ਹੱਤਿਆ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਗਏ ਦੋਸ਼ਾਂ ਨੂੰ ਭਾਜਪਾ ਨੇ ਅੱਜ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਮੰਗ ਕੀਤੀ ਕਿ ਕੈਨੇਡਾ ਸਰਕਾਰ 'ਆਪਣੀ ਧਰਤੀ 'ਤੇ ਮੌਜੂਦ ਸਾਰੇ ਭਾਰਤ-ਵਿਰੋਧੀ ਤੱਤਾਂ' ਖ਼ਿਲਾਫ਼ ਕਾਰਵਾਈ ਕਰੇ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਦੇ ਬਿਆਨ 'ਬੇਬੁਨਿਆਦ' ਹਨ।

## ਯੂਕੇ 'ਚ ਸਿੱਖ ਐਮ.ਪੀ. ਤਨਮਨਜੀਤ ਸਿੰਘ ਢੇਸੀ ਨੇ ਟਰੂਡੋ ਦੇ ਬਿਆਨ ਤੇ ਜਤਾਈ ਚਿੰਤਾ



ਯੂ.ਕੇ ਵਿਚ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਿੱਤੇ ਬਿਆਨ 'ਤੇ ਚਿੰਤਾ ਜਾਹਰ ਕੀਤੀ ਹੈ। ਉਹਨਾਂ ਨੇ ਇਸ ਬਾਰੇ ਫੇਸਬੁੱਕ 'ਤੇ ਪੋਸਟ ਸਾਂਝੀ ਕੀਤੀ। ਆਪਣੀ ਪੋਸਟ ਵਿਚ ਢੇਸੀ ਨੇ ਲਿਖਿਆ ਕਿ ਕੈਨੇਡਾ ਤੋਂ ਆ ਰਹੀਆਂ ਰਿਪੋਰਟਾਂ ਸੱਚਮੁੱਚ ਚਿੰਤਾਜਨਕ ਹਨ। ਸਲੋਹ ਅਤੇ ਇਸ ਤੋਂ ਬਾਹਰ ਦੇ ਬਹੁਤ ਸਾਰੇ ਸਿੱਖ ਪਹਿਲਾਂ ਹੀ ਉਹਨਾਂ ਨਾਲ ਸੰਪਰਕ ਕਰ ਚੁੱਕੇ ਹਨ। ਉਹ ਇਸ ਮੁੱਦੇ ਬਾਰੇ ਚਿੰਤਤ, ਗੁੱਸੇ ਜਾਂ ਡਰੇ ਹੋਏ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਹ ਕਿ ਉਹ ਨਜ਼ਦੀਕੀ ਸਹਿਯੋਗੀਆਂ ਅਤੇ ਸਾਡੇ #FiveEyes ਗਠਜੋੜ ਨਾਲ ਕੰਮ ਕਰ ਰਹੇ ਹਨ। ਯੂਕੇ ਸਰਕਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਕੀ ਜਾਣਦੀ ਹੈ ਅਤੇ ਹੁਣ ਕੀ ਕਰ ਰਹੀ ਹੈ।

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਨੇ ਟਰੂਡੋ ਦੇ ਬਿਆਨ ਦਾ ਕੀਤਾ ਸਵਾਗਤ

ਲੰਡਨ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਦਿੱਤੇ ਬਿਆਨ ਦੀ ਹਾਰਦਿਕ ਪ੍ਰਸ਼ੰਸਾ ਕੀਤੀ ਗਈ ਹੈ। ਕੈਨੇਡਾ ਸਰਕਾਰ ਨੇ ਅਧਿਕਾਰਤ ਤੌਰ 'ਤੇ ਭਾਰਤ ਸਰਕਾਰ ਨੂੰ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜ਼ਿੰਮੇਵਾਰ ਦੱਸ ਕੇ ਭਾਰਤ ਨੂੰ ਗਲੋਬਲ ਆਰਡਰ ਵਿੱਚ ਕਟਹਿਰੇ ਵਿੱਚ ਲਿਆ ਖੜ੍ਹਾ ਕੀਤਾ ਹੈ। ਜਸਟਿਨ ਟਰੂਡੋ ਦੇ ਬਿਆਨ ਨਾਲ ਇਸ ਗੱਲ 'ਤੇ ਪੱਕੀ ਤਰਾਂ ਮੋਹਰ ਲੱਗ ਗਈ ਕਿ ਭਾਰਤੀ ਸਟੇਟ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਵੀ ਮਾਰ (ਸ਼ਹੀਦ) ਰਹੀ ਹੈ। ਸਿੱਖਾਂ ਦਾ ਵੱਖਰੇ ਰਾਜ ਦਾ ਦਾਅਵਾ ਦੁਨੀਆ ਭਰ ਵਿੱਚ ਪੂਰੀ ਤਰਾਂ ਮਜ਼ਬੂਤ ਹੋ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਕਨਿਸ਼ਕ ਕਾਂਡ ਵਰਗੇ ਹੋਰ ਕਤਲੇਆਮ ਕਰਵਾਉਣ ਵਿੱਚ ਵੀ ਭਾਰਤ ਸਰਕਾਰ ਦਾ ਹੱਥ ਸਾਹਮਣੇ ਆਵੇਗਾ।



ਕੈਨੇਡਾ ਦੀ ਪਾਰਲੀਮੈਂਟ ਜਸਟਿਨ ਟਰੂਡੋ ਨੇ ਭਾਰਤੀ ਸਟੇਟ ਦੇ ਪਾਪਾਂ ਦਾ ਭਾਂਡਾ ਸ਼ਰੇਆਮ ਦੁਨੀਆ ਭਰ ਵਿੱਚ ਭੰਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿੱਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁੱਖੀ ਭਾਈ ਪਰਮਜੀਤ ਸਿੰਘ ਪੰਜਵੜ ਅਤੇ ਭਾਈ ਹਰਮੀਤ ਸਿੰਘ ਪੀ.ਐਚ. ਡੀ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਨ੍ਹਾਂ ਕਾਤਲਾਂ ਪਿੱਛੇ ਵੀ ਭਾਰਤ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਹਨ। ਪਾਕਿਸਤਾਨ ਸਰਕਾਰ ਨੂੰ ਇਹ ਸੱਚ ਕੈਨੇਡਾ ਸਰਕਾਰ ਵਾਂਗ ਸ਼ਰੇਆਮ ਬੋਲ ਕੇ ਭਾਰਤ ਸਰਕਾਰ ਦੀਆਂ ਸਿੱਖ ਮਾਰੂ ਨੀਤੀਆਂ ਖ਼ ?ਲਾਫ਼ ਕੈਨੇਡਾ ਤੋਂ ਉੱਠੀ ਸੱਚ ਦੀ ਇਸ ਲਹਿਰ ਦਾ ਹਮਸਫਰ ਬਣਨ ਦੀ ਬੇਹੱਦ ਜ਼ਰੂਰਤ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਵਲੋਂ ਬ੍ਰਿਟਿਸ਼ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ ਭਾਰਤ ਸਰਕਾਰ ਦਾ ਪੱਖ ਪੂਰਨ ਦੀ ਬਜਾਏ ਕੈਨੇਡਾ ਸਰਕਾਰ ਦੇ ਨਕਸ਼ੇ ਕਦਮ ਦੇ ਚੱਲਦਿਆ ਸਿੱਖਾਂ ਦੇ ਕੌਮੀ ਨਿਸ਼ਾਨੇ ਖਾਲਿਸਤਾਨ ਦੇ ਹੱਕ ਵਿੱਚ ਖੜਨ ਲਈ ਆਖਿਆ ਗਿਆ ਹੈ।

## ਆਸਟ੍ਰੇਲੀਆ ਨੇ ਭਾਰਤ ਤੇ ਟਰੂਡੋ ਦੇ ਦੋਸ਼ਾਂ ਨੂੰ ਦੱਸਿਆ ਚਿੰਤਾਜਨਕ



ਸੰਯੁਕਤ ਰਾਸ਼ਟਰ : ਆਸਟ੍ਰੇਲੀਆ ਨੇ ਇਕ ਸਿੱਖ ਵੱਖਵਾਦੀ ਨੇਤਾ ਦੇ ਕਤਲ ਵਿਚ ਭਾਰਤ ਦੀ ਸ਼ਮੂਲੀਅਤ ਦੇ ਕੈਨੇਡਾ ਦੇ ਦੋਸ਼ਾਂ ਨੂੰ ਚਿੰਤਾਜਨਕ ਦੱਸਦਿਆਂ ਕਿਹਾ ਕਿ ਕੈਨਬਰਾ ਇਸ ਨਾਲ ਸਬੰਧਤ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਉਸ ਨੇ ਇਹ ਮੁੱਦਾ ਆਪਣੇ ਭਾਰਤੀ ਹਮਰੁਤਬਿਆਂ ਕੋਲ ਉਠਾਇਆ ਹੈ। ਆਸਟ੍ਰੇਲੀਆ ਦੇ ਵਿਦੇਸ਼ ਮੰਤਰੀ ਪੇਨੀ ਵੋਂਗ ਨੇ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਹੈੱਡਕੁਆਰਟਰ (ਯੂ.ਐਨ.ਜੀ.ਏ.) 'ਚ ਇਕ ਪੱਤਰਕਾਰ ਸੰਮੇਲਨ 'ਚ ਇਹ ਟਿੱਪਣੀ ਕੀਤੀ।

ਯੂਐਨਜੀਏ ਦੇ ਉੱਚ ਪੱਧਰੀ 78ਵੇਂ ਸੈਸ਼ਨ ਵਿੱਚ ਆਸਟ੍ਰੇਲੀਆਈ ਵਫ਼ਦ ਦੀ ਅਗਵਾਈ ਕਰ ਰਹੀ ਵੋਂਗ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਜੁੜੇ ਇਕ ਸਵਾਲ ਦਾ ਜਵਾਬ ਦੇ ਰਹੀ ਸੀ ਕਿ ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇਟੀਐਫ) ਦੇ ਮੁਖੀ ਹਰਦੀਪ ਸਿੰਘ ਨਿੱਝਰ (45) ਦੇ ਕਤਲ ਵਿੱਚ 'ਭਾਰਤ ਸਰਕਾਰ ਦੇ ਏਜੰਟ' ਸ਼ਾਮਲ ਹਨ। ਵੋਂਗ ਨੇ ਕਿਹਾ ਕਿ "ਦੇਖੋ, ਇਹ ਖ਼ਬਰਾਂ ਚਿੰਤਾਜਨਕ ਹਨ ਅਤੇ ਜਿਵੇਂ ਕਿ ਮੈਂ ਕਿਹਾ ਹੈ ਕਿ ਜਾਂਚ ਜਾਰੀ ਹੈ, ਪਰ ਅਸੀਂ ਨਿਸ਼ਚਤ ਤੌਰ 'ਤੇ ਆਪਣੇ ਭਾਈਵਾਲਾਂ ਦੇ ਨਾਲ ਇਨ੍ਹਾਂ ਦੋਸ਼ਾਂ ਤੋਂ ਬਾਅਦ ਹੋਏ ਘਟਨਾਕ੍ਰਮ 'ਤੇ ਕਰੀਬ ਨਾਲ ਨਜ਼ਰ ਰੱਖ ਰਹੇ ਹਾਂ,ਅਤੇ ਅਸੀਂ ਅਜਿਹਾ ਕਰਨਾ ਜਾਰੀ ਰੱਖਾਂਗੇ।"

ਭਾਰਤ ਦੇ ਸਭ ਤੋਂ ਲੋੜੀਂਦੇ ਅੱਤਵਾਦੀਆਂ ਵਿਚ ਸ਼ਾਮਲ ਨਿਝਰ ਦੀ 18 ਜੂਨ ਨੂੰ ਪੱਛਮੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਵਿਚ ਇਕ ਗੁਰਦੁਆਰੇ ਦੇ ਬਾਹਰ ਦੋ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਨਿੱਝਰ 'ਤੇ 10 ਲੱਖ ਰੁਪਏ ਦਾ ਇਨਾਮ ਸੀ। ਭਾਰਤ ਨੇ ਮੰਗਲਵਾਰ ਨੂੰ ਟਰੂਡੋ ਦੇ ਦੋਸ਼ਾਂ ਨੂੰ 'ਬੇਤੁਕਾ' ਅਤੇ 'ਨਿਹਿਤ ਹਿੱਤਾਂ ਤੋਂ ਪ੍ਰੇਰਿਤ' ਦੱਸਦਿਆਂ ਰੱਦ ਕਰ ਦਿੱਤਾ। ਇਹ ਪੁੱਛੇ ਜਾਣ 'ਤੇ ਕਿ ਕੀ ਆਸਟ੍ਰੇਲੀਆ ਨੇ ਭਾਰਤ ਨਾਲ ਇਹ ਮੁੱਦਾ ਉਠਾਇਆ ਹੈ ਤਾਂ ਵੋਂਗ ਨੇ ਕਿਹਾ ਕਿ "ਆਸਟ੍ਰੇਲੀਆ ਨੇ ਇਹ ਮੁੱਦੇ ਆਪਣੇ ਭਾਰਤੀ ਹਮਰੁਤਬਿਆਂ ਨਾਲ ਉਠਾਏ ਹਨ, ਜਿਵੇਂ ਕਿ ਤੁਸੀਂ ਸਾਡੇ ਤੋਂ ਉਮੀਦ ਕਰਦੇ ਹੋ।" "ਅਸੀਂ ਆਪਣੇ ਭਾਈਵਾਲਾਂ ਨਾਲ ਇਸਘਟਨਾਕ੍ਰਮ 'ਤੇ ਨੂੰ ਨੇੜਿਓਂ ਨਜ਼ਰ ਰੱਖ ਰਹੇ ਹਾਂ। ਅਤੇ ਮੈਂ ਪੁਸ਼ਟੀ ਕਰਦੀ ਹਾਂ ਕਿ ਅਸੀਂ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ ਹਨ। ਮੈਂ ਇਸ 'ਤੇ ਕੋਈ ਵਿਸਤ੍ਰਿਤ ਜਾਣਕਾਰੀ ਨਹੀਂ ਦੇਣ ਜਾ ਰਹੀ ਹਾਂ।"

# ਖੂਨਦਾਨੀ ਸਿੱਧੂ ਜੌੜਾ-ਬਹਾਦਰ ਸਿੰਘ ਸਿੱਧੂ ਅਤੇ ਜਤਿੰਦਰ ਕੌਰ ਸਿੱਧੂ

















ਅਜੋਕੇ ਦੌਰ ਵਿੱਚ ਇਨਸਾਨ ਆਪਣੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨੂੰ ਭੁੱਲਦੇ ਜਾ ਰਹੇ ਹਨ ਅਤੇ ਸਮਾਜਿਕ ਰਿਸ਼ਤਿਆਂ ਦਾ ਤਾਣਾ-ਬਾਣਾ ਉਲਝਦਾ ਜਾ ਰਿਹਾ ਹੈ। ਪਰ ਫਿਰ ਵੀ ਸਮਾਜ ਪ੍ਰਤੀ ਆਪਣੀ ਜ਼ਿੰਮੇਦਾਰੀ ਨੂੰ ਸਮਝਣ ਵਾਲੇ ਲੋਕ ਮਾਨਵਤਾ ਦੀ ਭਲਾਈ ਲਈ ਲਗਾਤਾਰ ਆਪਣਾ ਯੋਗਦਾਨ ਪਾ ਰਹੇ ਹਨ। ਅਸੀਂ ਗੱਲ ਕਰ ਰਹੇ ਹਾਂ ਪਿੰਡ ਬੱਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਨਿਵਾਸੀ ਸਟਾਰ ਕਪਲ ਬਲੱਡ ਡੋਨਰ ਜਤਿੰਦਰ ਕੌਰ ਸਿੱਧੂ ਬਾਰੇ।

ਇਹ ਜੋੜਾ ਹੁਣ ਤੱਕ 27 ਵਾਰ ਇਕੱਠਿਆਂ ਖ਼ੂਨਦਾਨ ਕਰ ਚੁੱਕਿਆ ਹੈ ਅਤੇ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਜਾਰੀ ਹੈ। ਇਸ ਜੋੜੇ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਹਿਲੇ ਨੌਜਵਾਨ ਖ਼ੂਨਦਾਨੀ ਜੌੜੇ ਹੋਣ ਦਾ ਮਾਣ ਹਾਸਿਲ ਹੈ। ਅੱਜ ਤੱਕ ਇਹ ਜੋੜਾ 33 ਲੀਟਰ ਖ਼ੂਨਦਾਨ ਕਰ ਚੁੱਕਾ ਹੈ। ਨਿੱਜੀ ਤੌਰ ਤੇ ਬਹਾਦਰ ਸਿੰਘ ਸਿੱਧੂ 62 ਵਾਰ (ਹੁਣ ਤੱਕ ਤਕਰੀਬਨ 23 ਲੀਟਰ) ਅਤੇ ਜਤਿੰਦਰ ਕੌਰ ਸਿੱਧੂ ਨਿੱਜੀ ਤੌਰ ’ਤੇ 27 ਵਾਰ (ਤਕਰੀਬਨ 10 ਲੀਟਰ) ਖ਼ੂਨਦਾਨ ਕਰ ਚੁੱਕੇ ਹਨ।

**ਖ਼ੂਨਦਾਨ ਵੱਲ ਝੁਕਾਅ**

ਬਹਾਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਖ਼ੂਨਦਾਨ ਕਰਨ ਦੀ ਪ੍ਰੇਰਣਾ ਉਹਨਾਂ ਨੂੰ ਆਪਣੇ ਪਰਿਵਾਰ ਤੋਂ ਮਿਲੀ। ਨੌਜਵਾਨ ਬਹਾਦਰ ਸਿੰਘ ਸਿੱਧੂ ਨੂੰ ਉਦੋਂ ਇਸ ਕਾਰਜ ਲਈ ਹੋਰ ਵੀ ਤਾਕਤ ਤੇ ਵੱਡੀ ਪ੍ਰੇਰਨਾ ਮਿਲੀ ਜਦੋਂ ਉਨ੍ਹਾਂ ਦੀ ਮੁਲਾਕਾਤ ਹੁਸ਼ਿਆਰਪੁਰ ਦੇ ਉੱਘੇ ਖ਼ੂਨਦਾਨੀ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਪ੍ਰੋ. ਬਹਾਦਰ ਸਿੰਘ ਸੁਨੇਤ ਜੀ ਨਾਲ ਹੋਈ। ਪ੍ਰ. ਬਹਾਦਰ ਸਿੰਘ ਸੁਨੇਤ ਨਾਲ ਮੁਲਾਕਾਤ ਉਪਰੰਤ ਖ਼ੂਨਦਾਨ ਕਰਨਾ ਇੱਕ ਜਨੂਨ ਬਣ ਗਿਆ। ਜ਼ਿਕਰਯੋਗ ਹੈ ਕਿ ਪੂਰਾ ਸਿੱਧੂ ਪਰਿਵਾਰ ਹੀ ਖ਼ੂਨਦਾਨੀਆਂ ਦਾ ਪਰਿਵਾਰ ਹੈ।ਬਹਾਦਰ ਸਿੰਘ ਸਿੱਧੂ ਦੇ ਮਾਤਾ-ਪਿਤਾ ਜਸਵੀਰ ਸਿੰਘ ਸਿੱਧੂ-ਕੁਲਵਰਨ ਕੌਰ ਸਿੱਧੂ, ਤਾਇਆ-ਤਾਈ ਜੀ ਬਲਬੀਰ ਸਿੰਘ ਸਿੱਧੂ-ਪਰਮਜੀਤ ਕੌਰ ਸਿੱਧੂ ਅਤੇ ਭਰਾ-ਭਾਬੀ ਮਨਦੀਪ ਸਿੰਘ ਸਿੱਧੂ ਅਤੇ ਸਤਵਿੰਦਰਜੀਤ ਕੌਰ ਵੀ ਖ਼ੂਨਦਾਨੀ ਹਨ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਬਹਾਦਰ ਸਿੰਘ ਸਿੱਧੂ ਹੁਣ ਤੱਕ 110 ਦੇ ਕਰੀਬ ਖ਼ੂਨਦਾਨ ਕੈਂਪ ਵੀ ਵੱਖ-ਵੱਖ ਵਿੱਦਿਅਕ ਅਦਾਰਿਆਂ ਤੇ ਪਿੰਡਾਂ ਵਿੱਚ ਆਯੋਜਿਤ ਕਰਵਾ ਕੇ ਕਰੀਬ 4000 ਯੂਨਿਟ ਬਲੱਡ ਇਕੱਤਰ ਕਰਕੇ ਲੋੜਵੰਦਾਂ ਲਈ ਉਪਲੱਬਧ ਕਰਵਾ ਚੁੱਕੇ ਹਨ। ਖ਼ੂਨਦਾਨ ਕਰਨ ਤੋਂ ਇਲਾਵਾ ਬਹਾਦਰ ਸਿੰਘ ਸਿੱਧੂ ਨੇਤਰਦਾਨ ਸੰਸਥਾ ਹੁਸ਼ਿਆਰਪੁਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਹੁਸ਼ਿਆਰਪੁਰ ਜ਼ੋਨ)—ਆਸ ਕਿਰਨ ਡਰੱਗ ਕਾਊਸਲਿੰਗ ਅਤੇ ਰੀਹੇਬੀਲੀਟੇਸ਼ਨ ਸੈਂਟਰ ਹੁਸ਼ਿਆਰਪੁਰ, ਸਪੈਸ਼ਲ ਓਲੰਪਿਕ ਭਾਰਤ ਚੈਪਟਰ ਹੁਸ਼ਿਆਰਪੁਰ ਦੇ ਮੈਂਬਰ ਹਨ ਅਤੇ ਸਮੇਂ-ਸਮੇਂ ਤੇ ਸਕੂਲਾਂ ਅਤੇ ਕਾਲਜਾਂ ਵਿੱਚ ਜਾ ਕੇ ਨੇਤਰਦਾਨ ਕਰਨ ਅਤੇ ਨਸ਼ਿਆਂ ਦੀ ਭੈੜੀ ਲਾਹਨਤ ਤੋਂ ਬਚਣ ਲਈ ਬੱਚਿਆਂ ਨੂੰ ਜਾਗਰੂਕ ਕਰਦੇ ਰਹਿੰਦੇ ਹਨ।

**ਜਤਿੰਦਰ ਕੌਰ ਸਿੱਧੂ ਵੀ ਕਰ ਚੁੱਕੇ ਹਨ 27 ਵਾਰ ਖ਼ੂਨਦਾਨ** : ਬਹਾਦਰ ਸਿੰਘ ਸਿੱਧੂ ਦੀ ਖ਼ੂਨਦਾਨ ਦੀ ਮੁਹਿੰਮ ਨੂੰ ਉਸ ਸਮੇਂ ਹੋਰ ਵੀ ਹੁਲਾਰਾ ਮਿਲਿਆ ਜਦੋਂ ਉਹਨਾਂ ਦੀ ਜੀਵਨ ਸਾਥਣ ਬਣ ਕੇ ਜ਼ਿੰਦਗੀ ਵਿੱਚ ਆਈ ਜਤਿੰਦਰ ਕੌਰ ਸਿੱਧੂ ਨੇ ਵੀ ਖ਼ੂਨਦਾਨ ਕਰਨ ਦੀ ਇੱਛਾ ਜ਼ਾਹਿਰ ਕੀਤੀ। ਜਤਿੰਦਰ ਕੌਰ ਸਿੱਧੂ ਜੋ ਕਿ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਅਈ.ਟੀ.ਟੀ ਅਧਿਆਪਕ ਹਨ ਦਾ ਕਹਿਣਾ ਹੈ ਕਿ ਵਿਆਹ ਤੋਂ ਪਹਿਲਾਂ ਅਕਸਰ ਹੀ ਉਹ ਬਹਾਦਰ ਸਿੰਘ ਸਿੱਧੂ ਦੇ ਖ਼ੂਨਦਾਨ ਕਰਨ ਸੰਬੰਧੀ ਅਖਬਾਰਾਂ ਵਿੱਚ ਪੜ੍ਹਦੇ ਸਨ ਤੇ ਉਹਨਾਂ ਦੇ ਦਿਲ ਵਿਚ ਵੀ ਖ਼ੂਨਦਾਨ ਕਰਨ ਦੀ ਇੱਛਾ ਪੈਦਾ ਹੋ ਗਈ ਸੀ। ਜਤਿੰਦਰ ਕੌਰ ਸਿੱਧੂ ਦਾ ਕਹਿਣਾ ਹੈ ਕਿ ਇਸ ਨੂੰ ਕੁਦਰਤ ਦਾ ਕਰਿਸ਼ਮਾ ਹੀ ਕਹਿ ਲਈਏ ਕਿ ਉਸੇ ਪ੍ਰੇਣਾ ਸਰੋਤ ਵਿਅਕਤੀ ਨਾਲ ਮੇਰਾ ਵਿਆਹ ਹੋ ਗਿਆ। ਵਿਆਹ ਉਪਰੰਤ ਖ਼ੂਨਦਾਨ ਕਰਨ ਬਾਰੇ ਪ੍ਰੇਰਣਾ ਮਿਲੀ ਅਤੇ ਮੈਂ ਵੀ ਇਸ ਲਹਿਰ ਦਾ ਹਿੱਸਾ ਬਣ ਗਈ।

ਜਤਿੰਦਰ ਕੌਰ ਸਿੱਧੂ ਵੀ ਹੁਣ ਤੱਕ 27 ਵਾਰ ਖ਼ੂਨਦਾਨ ਕਰ ਚੁੱਕੇ ਹਨ।

ਜਿਕਰਯੋਗ ਹੈ ਕਿ ਦੋਵੇਂ ਪਤੀ-ਪਤਨੀ ਨੂੰ ਪੰਜਾਬ ਸਰਕਾਰ ਵੱਲੋਂ ਸਟੇਟ ਅਵਾਰਡ ਨਾਲ ਨਵਾਜਿਆ ਜਾ ਚੁੱਕਿਆ ਹੈ। ਬਹਾਦਰ ਸਿੰਘ ਸਿੱਧੂ ਦੀਆਂ ਸਮਾਜਿਕ ਗਤੀਵਿਧੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ 15 ਅਗਸਤ 2018 ਨੂੰ ਅਜ਼ਾਦੀ ਦਿਵਸ ਮੌਕੇ ਉਨ੍ਹਾਂ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਜਤਿੰਦਰ ਕੌਰ ਸਿੱਧੂ ਨੂੰ ਖ਼ੂਨਦਾਨ ਵਿੱਚ ਅਹਿਮ ਯੋਗਦਾਨ ਲਈ ਸਿਹਤ ਵਿਭਾਗ ਪੰਜਾਬ ਵੱਲੋਂ 1 ਅਕਤੂਬਰ 2020 ਅਤੇ 1 ਅਕਤੂਬਰ 2022 ਨੂੰ ਸਟੇਟ ਅਵਾਰਡ ਪ੍ਰਦਾਨ ਕੀਤਾ ਗਿਆ। ਇਲਾਕੇ ਦੇ ਲੋਕ ਇਸ ਜੋੜੇ ਨੂੰ ਸਟਾਰ ਕੱਪਲ ਬਲੱਡ ਡੋਨਰ (STAR COUPLE BLOOD DONOR) ਦੇ ਨਾਮ ਨਾਲ ਸੰਬੋਧਨ ਕਰਨ ਲੱਗ ਪਏ ਹਨ।

**ਬਹਾਦਰ ਸਿੰਘ ਸਿੱਧੂ ਦੀਆਂ ਅਹਿਮ ਪ੍ਰਾਪਤੀਆਂ**

- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋ ਸਮਾਜਿਕ ਗਤੀਵਿਧਿਆਂ ਲਈ 15 ਅਗਸਤ 2023 ਨੂੰ ਪ੍ਰਸੰਸਾ ਪੱਤਰ
- ਕੇਂਦਰੀ ਸੰਚਾਰ ਬਿਊਰੋ, ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਵੱਲੋਂ "ਹੁਸ਼ਿਆਰਪੁਰ ਦੇ ਆਈਕਨ" ਅਵਾਰਡ ਨਾਲ ਸਨਮਾਨਿਤ
- ਜਗਤ ਪੰਜਾਬੀ ਸਭਾ ਕਨੇਡਾ ਵੱਲੋਂ "ਹੁਸ਼ਿਆਰਪੁਰ ਜਿਲ੍ਹੇ ਦੀ ਸਿਰਮੋਰ ਸਖਸ਼ੀਅਤ" ਅਵਾਰਡ ਨਾਲ ਸਨਮਾਨਿਤ



**ਦਲਜੀਤ ਸਿੰਘ ਅਜਨੋਹਾ**
**98721-83601**

- ਪੰਜਾਬ ਦੇ ਰਾਜਪਾਲ ਵਲੋਂ ਯੂਥ ਰੈੱਡ ਕਰਾਸ ਅਵਾਰਡ
- ਮਨਿਸਟਰੀ ਆਫ ਯੂਥ ਅਫੇਅਰ ਐਂਡ ਸਪੋਰਟਸ, ਗੌਰਮਿੰਟ ਆਫ ਇੰਡੀਆ ਵਲੋਂ ਜਿਲਾ ਯੂਥ ਅਵਾਰਡ
- ਸਮਾਜਿਕ ਕਾਰਜਾਂ ਵਿੱਚ ਯੋਗਦਾਨ ਲਈ ਪੰਜਾਬ ਸਰਕਾਰ ਵੱਲੋਂ ਸਟੇਟ ਅਵਾਰਡ
- ਇੰਡੀਅਨ ਸੋਸਾਇਟੀ ਆਫ ਬਲੱਡ ਟਰਾਂਸਫਿਊਜਨ ਐਂਡ ਇਮਿਊਨੋਹੈਮੇਟੋਲੋਜੀ ਵਲੋਂ ਰਾਜ ਪੱਧਰੀ ਸਨਮਾਨ
- ਸਿਵਲ ਸਰਜਨ ਹੁਸਿਆਰਪੁਰ ਵਲੋਂ ਪ੍ਰਸੰਸ਼ਾ ਪੱਤਰ
- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋ ਸਮਾਜਿਕ ਗਤੀਵਿਧਿਆਂ ਲਈ ਪ੍ਰਸੰਸ਼ਾ ਪੱਤਰ
- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋ ਡੁੱਬਦੀ ਲੜਕੀ ਦੀ ਜਾਨ ਬਚਾਉਣ ਲਈ ਪ੍ਰਸੰਸਾ ਪੱਤਰ
- ਡੁੱਬਦੀ ਲੜਕੀ ਦੀ ਜਾਨ ਬਚਾਉਣ ਲਈ ਗਾਡਫਰੇ ਫਿਲਿਪ ਇੰਡੀਆ ਵਲੋਂ ਰਾਜ ਪੱਧਰੀ ਸਨਮਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੇਂਦਰੀ ਦਫਤਰ ਲੁਧਿਆਣਾ ਵੱਲੋ ਪ੍ਰਸੰਸ਼ਾ ਪੱਤਰ
- ਖ਼ੂਨਦਾਨ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਲਾਇਨ ਕਲੱਬ ਹੁਸ਼ਿਆਰਪੁਰ ਐਕਸ਼ਨ ਵੱਲੋਂ ਸਨਮਾਨ
- ਸਮਾਜਿਕ ਕਾਰਜਾਂ ਵਿੱਚ ਯੋਗਦਾਨ ਲਈ ਪੰਜਾਬੀ ਜਾਗਰਨ ਸਮੂਹ ਵੱਲੋਂ ਸੁੰਦਰ ਸੰਸਾਰ ਸੰਸਥਾ ਹੁਸ਼ਿਆਰਪੁਰ ਵੱਲੋ ਸਮਾਜ ਰਤਨ ਅਵਾਰਡ ਸਨਮਾਨ

**ਜਤਿੰਦਰ ਕੌਰ ਸਿੱਧੂ ਦੀਆਂ ਅਹਿਮ ਪ੍ਰਾਪਤੀਆਂ**

- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋ ਸਮਾਜਿਕ ਗਤੀਵਿਧਿਆਂ ਲਈ 15 ਅਗਸਤ 2023 ਨੂੰ ਪ੍ਰਸੰਸ਼ਾ ਪੱਤਰ
- ਕੇਂਦਰੀ ਸੰਚਾਰ ਬਿਊਰੋ, ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਵੱਲੋਂ ਹੁਸ਼ਿਆਰਪੁਰ ਦੇ ਆਈਕਨ ਸਨਮਾਨਿਤ ਅਵਾਰਡ ਨਾਲ
- ਜਗਤ ਪੰਜਾਬੀ ਸਭਾ ਕਨੇਡਾ ਵੱਲੋਂ "ਹੁਸ਼ਿਆਰਪੁਰ ਜਿਲ੍ਹੇ ਦੀ ਸਿਰਮੋਰ ਸਖਸ਼ੀਅਤ" ਅਵਾਰਡ ਨਾਲ ਸਨਮਾਨਿਤ
- ਖ਼ੂਨਦਾਨ ਲਹਿਰ ਵਿੱਚ ਅਹਿਮ ਯੋਗਦਾਨ ਲਈ ਸਿਹਤ ਵਿਭਾਗ ਪੰਜਾਬ ਵੱਲੋਂ ਸਟੇਟ ਅਵਾਰਡ ਨਾਲ ਸਨਮਾਨਿਤ
- ਸਿਵਲ ਸਰਜਨ ਹੁਸਿਆਰਪੁਰ ਵਲੋਂ ਖ਼ੂਨਦਾਨ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਪ੍ਰਸੰਸਾ ਪੱਤਰ
- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਵਲੋਂ ਮਹਿਲਾ ਦਿਵਸ ਮੌਕੇ ਵਿਸ਼ੇਸ਼ ਸਨਮਾਨ
- ਸਮਾਜਿਕ ਕਾਰਜਾਂ ਵਿੱਚ ਯੋਗਦਾਨ ਲਈ ਪੰਜਾਬੀ ਜਾਗਰਨ ਸਮੂਹ ਵੱਲੋਂ ਸਨਮਾਨ
- ਸੁੰਦਰ ਸੰਸਾਰ ਸੰਸਥਾ ਹੁਸ਼ਿਆਰਪੁਰ ਵੱਲੋਂ ਸਮਾਜ ਰਤਨ ਅਵਾਰਡ

**ਵਿੱਦਿਅਕ ਯੋਗਤਾ**

**ਬਹਾਦਰ ਸਿੰਘ ਸਿੱਧੂ**

MA Punjabi
MA Social Work
Post Graduate Diploma In Disaster Management Diploma In Software Technology
Diploma In Pharmacy

**ਜਤਿੰਦਰ ਕੋਰ ਸਿੰਧੂ :--**

M.Sc IT (Khalsa College Jalandhar). PGDCA
Dip In Special Education

**ਸਿੱਧੂ ਜੋੜੇ ਦੀ ਖ਼ੂਨਦਾਨ ਵਿੱਚ ਸੈਂਚਰੀ ਮਾਰਨ ਦੀ ਚਾਹਤ** : ਹੁਣ ਤੱਕ ਇਕੱਠਿਆਂ 27 ਵਾਰ ਖ਼ੂਨਦਾਨ ਕਰ ਚੁੱਕਿਆ ਇਹ ਸਿੱਧੂ ਜੋੜਾ ਹਰ 4 ਮਹੀਨੇ ਦੇ ਨਿਯਮਤ ਅੰਤਰਾਲ ਤੇ ਖ਼ੂਨਦਾਨ ਕਰਦਾ ਹੈ। ਸਿਵਲ ਹਸਪਤਾਲ ਹੁਸ਼ਿਆਰਪੁਰ ਤੋਂ ਬਤੌਰ ਬਲੱਡ ਟਰਾਂਸਫਿਊਜਨ ਅਫਸਰ ਰਿਟਾਇਰ ਹੋਏ ਤਾਂ ਅਮਰਜੀਤ ਲਾਲ ਦੀ ਯੋਗ ਅਗਵਾਈ ਹੇਠ ਇਸ ਖ਼ੂਨਦਾਨੀ ਜੋੜੇ ਦੀ ਦਿਲੀ ਚਾਹਤ ਹੈ ਕਿ ਉਹ ਆਪਣੀ ਜਿੰਦਗੀ ਵਿੱਚ ਇਕੱਠੇ ਹੀ 100 ਤੋਂ ਵਧੇਰੇ ਵਾਰ ਖ਼ੂਨਦਾਨ ਕਰਨ ।

**ਨੌਜਵਾਨ ਪੀੜ੍ਹੀ ਲਈ ਸੰਦੇਸ਼** : ਸਿੱਧੂ ਜੋੜੇ ਦਾ ਮੰਨਣਾ ਹੈ ਕਿ ਨੌਜਵਾਨ ਪੀੜ੍ਹੀ ਹੀ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜ ਸਕਦੀ ਹੈ। ਇਸ ਲਈ ਮੌਜੂਦਾ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿੰਦੇ ਹੋਏ ਸਮਾਜ ਭਲਾਈ ਦੇ ਕਾਰਜਾਂ ਲਈ ਵੱਧ ਤੋਂ ਵੱਧ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਹੋਰਨਾਂ ਸ਼ਹੀਦਾਂ ਦੇ ਸੁਫਨਿਆਂ ਦਾ ਦੇਸ਼ ਸਿਰਜਿਆ ਜਾ ਸਕੇ।






# ਆਲਮੀ ਪੱਧਰ ’ਤੇ ਭਾਰਤ ਦਾ ਵਧਿਆ ਮਾਣ

-ਹਰਸ਼ ਵੀ. ਪੰਤ




*ਕੇਵਲ ਆਰਥਿਕ ਖ਼ੁਸ਼ਹਾਲੀ ਜਾਂ ਵਸੀਲਿਆਂ ਦੇ ਮੋਰਚੇ ’ਤੇ ਬਤੌਰ ਹੀ ਕਿਸੇ ਦੇਸ਼ ਨੂੰ ਆਲਮੀ ਰਾਜਨੀਤੀ ’ਚ ਸਿਰਮੌਰ ਨਹੀਂ ਬਣਾਉਂਦੀ। ਭਾਰਤ ਨੂੰ ਲੰਬੇ ਸਮੇਂ ਤੱਕ ਇਕ ‘ਮਜ਼ਬੂਤ ਸਮਾਜ ਪਰ ਕਮਜ਼ੋਰ ਰਾਜ’ ਦੇ ਨਜ਼ਰੀਏ ਤੋਂ ਦੇਖਿਆ ਗਿਆ। ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਅੰਦਰੂਨੀ ਮਾਮਲਿਆਂ ’ਤੇ ਅਸਰਦਾਰ ਪਕੜ ਤੋਂ ਬਗ਼ੈਰ ਕਿਸੇ ਵੀ ਦੇਸ਼ ਦਾ ਆਲਮੀ ਰੈਂਕਿੰਗ ਸੂਚੀ ’ਚ ਉਪਰ ਚੜ੍ਹਨਾ ਬੇਹੱਦ ਮੁਸ਼ਕਲ ਹੈ।*

ਨਵੀਂ ਦਿੱਲੀ ’ਚ ਜੀ-20 ਸਿਖਰ ਸੰਮੇਲਨ ਦੇ ਨਾਲ ਹੀ ਆਲਮੀ ਪੱਧਰ ’ਤੇ ਭਾਰਤ ਦਾ ਕੱਦ ਹੋਰ ਵਧ ਗਿਆ ਹੈ। ਭਾਰਤ ਭੂ-ਰਾਜਨੀਤੀ ਤੇ ਭੂ-ਆਰਥਿਕੀ ਕੇਂਦਰ ਦੇ ਰੂਪ ’ਚ ਸਥਾਪਤ ਹੋ ਰਿਹਾ ਹੈ। ਦੁਨੀਆ ਨਵੀਂ ਦਿੱਲੀ ਦੀ ਦਿਖਾਈ ਦਿਸ਼ਾ ਅਨੁਸਾਰ ਸਰਗਰਮ ਹੋ ਰਹੀ ਹੈ। ਅੱਜ ਭਾਰਤ ਦੀ ਅਗਵਾਈ ਦੀ ਸਾਖ਼ ਨੂੰ ਕਿਤੇ ਜ਼ਿਆਦਾ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਤੇ ਜ਼ਿਆਦਾਤਰ ਦੇਸ਼ ਨਵੀਂ ਦਿੱਲੀ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਬਣਾਉਣਾ ਚਾਹੁੰਦੇ ਹਨ।

ਦੁਨੀਆ ’ਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਵੱਡਾ ਅਰਥਚਾਰਾ, ਬਹੁਗਿਣਤੀ ਨੌਜਵਾਨ ਆਬਾਦੀ, ਗਤੀਸ਼ੀਲ ਲੋਕਤੰਤਰ, ਵਾਂਝੇ ਵਰਗਾਂ ਦੀ ਭਲਾਈ ਦੀਆਂ ਭਰਪੂਰ ਕੋਸ਼ਿਸ਼ਾਂ ਦੇ ਨਾਲ ਹੀ ਆਲਮੀ ਭਲਾਈ ਨੂੰ ਸਮਰਪਿਤ ਵਿਵਹਾਰਕ ਵਿਦੇਸ਼ ਨੀਤੀ ਵਾਲਾ ਭਾਰਤ ਅਤੀਤ ਦੀ ਤਮਾਮ ਝਿਜਕ ਨੂੰ ਛੱਡ ਕੇ ਅੱਗੇ ਵਧਣ ਲਈ ਤਤਪਰ ਦਿਸ ਰਿਹਾ ਹੈ। ਆਲਮੀ ਮੰਚ ’ਤੇ ਭਾਰਤ ਦਾ ਇਹ ਉਭਾਰ ਅਰਸੇ ਤੋਂ ਲਟਕਿਆ ਸੀ।

ਵਿਸ਼ਲੇਸ਼ਕਾਂ ਦੀ ਹਮੇਸ਼ਾ ਤੋਂ ਇਹੋ ਸ਼ਿਕਾਇਤ ਰਹੀ ਹੈ ਕਿ ਭਾਰਤ ਸੰਭਾਵਨਾਵਾਂ ਨਾਲ ਭਰਿਆ ਅਜਿਹਾ ਦੇਸ਼ ਰਿਹਾ ਹੈ, ਜੋ ਆਪਣੀਆਂ ਸਮਰੱਥਾਵਾਂ ਨਾਲ ਕਦੇ ਨਿਆਂ ਨਹੀਂ ਕਰ ਸਕਿਆ। ਹੁਣ ਭਾਰਤ ਆਪਣੇ ਵਾਅਦਿਆਂ ’ਤੇ ਖਰਾ ਉਤਰਨ ਲੱਗਿਆ ਹੈ ਤਾਂ ਇਹ ਵੀ ਉਸ ਪ੍ਰਤੀ ਆਲਮੀ ਝੁਕਾਅ ਦਾ ਇਕ ਵੱਡਾ ਕਾਰਨ ਹੈ ਕਿਉਂਕਿ ਇਸ ਦੌਰਾਨ ਨਵੀਂ ਦਿੱਲੀ ਨੇ ਖ਼ੁਦ ਨੂੰ ਅੰਦਰੂਨੀ ਰੂਪ ’ਚ ਮਜ਼ਬੂਤ ਬਣਾਉਣ ਦੇ ਨਾਲ ਹੀ ਭਾਰਤ ਦੀਆਂ ਸਮਰੱਥਾਵਾਂ ਨੂੰ ਵੀ ਬਾਖ਼ੂਬੀ ਦਿਖਾਇਆ ਹੈ।

ਪਿਛਲੇ ਕੁਝ ਸਾਲਾਂ ’ਚ ਅੰਦਰੂਨੀ ਸੁਰੱਖਿਆ ਦੀ ਸਥਿਤੀ ’ਚ ਨਾਟਕੀ ਰੂਪ ’ਚ ਸੁਧਾਰ ਹੋਇਆ ਹੈ। ਕਈ ਮਹੱਤਵਪੂਰਨ ਪਰ ਅਸ਼ਾਂਤ ਖੇਤਰਾਂ ’ਚ ਸ਼ਾਂਤੀ ਬਹਾਲ ਹੋਈ ਹੈ। ਅੱਤਵਾਦੀ ਹਮਲਿਆਂ ਦੇ ਲਿਹਾਜ਼ ਨਾਲ ਨਾਜ਼ੁਕ ਦੇਸ਼ ’ਚ ਅੱਤਵਾਦ ਨੂੰ ਵਿਆਪਕ ਨੱਥ ਪਾਈ ਗਈ ਹੈ। ਜਿੱਥੇ ਘਰੇਲੂ ਅੱਤਵਾਦੀ ਅਨਸਰਾਂ ’ਤੇ ਨਿਰਣਾਇਕ ਹਮਲਾ ਕਰ ਕੇ ਉਨ੍ਹਾਂ ਨੂੰ ਕਾਬੂ ਕੀਤਾ ਗਿਆ ਤਾਂ ਉੱਥੇ ਹੀ ਬਾਹਰੀ ਅੱਤਵਾਦੀ ਸ਼ਕਤੀਆਂ ਨੂੰ ਵੀ ਕਿਨਾਰੇ ਕਰਨ ’ਚ ਕਾਮਯਾਬੀ ਮਿਲੀ ਹੈ।

ਅੰਦਰੂਨੀ ਸੁਰੱਖਿਆ ਦੇ ਨਜ਼ਰੀਏ ਤੋਂ ਜੰਮੂ-ਕਸ਼ਮੀਰ ਨੂੰ ਧਾਰਾ 370 ਅਤੇ 35-ਏ ਤੋਂ ਮੁਕਤੀ ਦਿਵਾਉਣਾ ਇਕ ਵੱਡੀ ਪ੍ਰਾਪਤੀ ਰਹੀ। ਆਜ਼ਾਦੀ ਤੋਂ ਬਾਅਦ ਕਸ਼ਮੀਰ ਵਾਦੀ ’ਚ ਬਣੀ ਉਹੋ ਪਹਿਲਾਂ ਵਾਲੀ ਸਥਿਤੀ ਭਾਰਤ ਲਈ ਭਾਰੀ ਪੈਂਦੀ ਜਾ ਰਹੀ ਸੀ। ਸਿਆਸੀ ਅਤੇ ਨੀਤੀਗਤ ਦ੍ਰਿੜਤਾ ਦੀ ਕਮੀ ਹੀ ਭਾਰਤੀ ਨੀਤੀ ਘਾੜਿਆਂ ਲਈ ਇਸ ਜਕੜਨ ਨੂੰ ਦੂਰ ਕਰਨ ’ਚ ਅੜਿੱਕਾ ਬਣੀ ਹੋਈ ਸੀ। ਇਸ ਲਿਹਾਜ਼ ਨਾਲ ਮੋਦੀ ਸਰਕਾਰ ਦੇ ਸੁਧਾਰਵਾਦੀ ਏਜੰਡੇ ਦੀ ਸਫਲਤਾ ਨਾ ਕੇਵਲ ਜੰਮੂ-ਕਸ਼ਮੀਰ ਦੀ ਜਨਤਾ ਸਗੋਂ ਭਾਰਤ ਦੇ ਭਵਿੱਖ ਦੇ ਨਜ਼ਰੀਏ ਤੋਂ ਵੀ ਬਹੁਤ ਅਹਿਮ ਹੈ।

ਇਹ ਸਹੀ ਹੈ ਕਿ ਜੰਮੂ-ਕਸ਼ਮੀਰ ਨਾਲ ਜੁੜੀਆਂ ਸੰਵਿਧਾਨਕ ਤਬਦੀਲੀਆਂ ਨੂੰ ਜ਼ਮੀਨ ’ਤੇ ਆਕਾਰ ਲੈਣ ’ਚ ਕੁਝ ਸਮਾਂ ਲੱਗੇਗਾ ਪਰ ਇਸ ਕਦਮ ਨੇ ਭਾਰਤ ਦੇ ਦੁਸ਼ਮਣਾਂ ਦੀ ਨੀਂਦ ਜ਼ਰੂਰ ਉਡਾ ਦਿੱਤੀ ਹੈ। ਲੱਦਾਖ ਨੂੰ ਲੈ ਕੇ ਚੀਨ ਦਾ ਰੋਸ ਇਸੇ ਕਦਮ ਦਾ ਨਤੀਜਾ ਹੈ ਕਿਉਂਕਿ ਇਸ ਦਾਅ ਨਾਲ ਸਮੁੱਚੇ ਖੇਤਰ ’ਚ ਭਾਰਤ ਦੀ ਪਕੜ ਮਜ਼ਬੂਤ ਹੋਵੇਗੀ। ਇਹ ਚੀਨ ਦੀ ਬਦਨੀਅਤੀ ਅਤੇ ਦੂਰਗਾਮੀ ਟੀਚਿਆਂ ਲਈ ਝਟਕਾ ਹੈ। ਆਖ਼ਰਕਾਰ ਭਾਰਤ ਆਪਣੀ ਕਮਜ਼ੋਰੀ ਵਾਲੇ ਦਾਇਰੇ ਤੋਂ ਬਾਹਰ ਨਿਕਲ ਕੇ ਖ਼ੁਦ ਨੂੰ ਸਮਰੱਥ ਬਣਾ ਰਿਹਾ ਹੈ ਤਾਂ ਇਸ ਨਾਲ ਉਨ੍ਹਾਂ ਦਾ ਅਸਹਿਜ ਹੋਣਾ ਸੁਭਾਵਿਕ ਹੀ ਹੈ, ਜੋ ਪਹਿਲਾਂ ਵਾਲੀ ਸਥਿਤੀ ਨਾਲ ਸਹਿਜ ਸਨ।

ਪੂਰਬ-ਉੱਤਰ ਭਾਰਤ ਵੀ ਇਕ ਅਜਿਹਾ ਖੇਤਰ ਹੈ, ਜਿਸ ’ਤੇ ਹਾਲ ਦੇ ਸਾਲਾਂ ’ਚ ਸਰਕਾਰ ਨੇ ਬਹੁਤ ਜ਼ਿਆਦਾ ਧਿਆਨ ਦਿੱਤਾ ਹੈ। ਆਜ਼ਾਦੀ ਤੋਂ ਬਾਅਦ ਤੋਂ ਹੀ ਭਾਰਤੀ ਨੀਤੀ ਘਾੜਿਆਂ ਵੱਲੋਂ ਇਸ ਖੇਤਰ ਦੀ ਵਿਆਪਕ ਅਣਦੇਖੀ ਹੋਈ, ਜਿਸ ਦੇ ਕਾਰਨ ਵੀ ਸਮਝ ਤੋਂ ਪਰੇ ਹਨ। ਅਤੀਤ ਤੋਂ ਚੱਲੇ ਆ ਰਹੇ ਇਸ ਰੁਖ਼ ’ਚ ਦੂਰਦਰਸ਼ਿਤਾ ਦੀ ਘਾਟ ਸੀ ਜਦਕਿ ਇਹ ਉਹੋ ਖੇਤਰ ਹੈ ਜਿਸ ’ਤੇ ਚੀਨ ਰਹਿ-ਰਹਿ ਕੇ ਆਪਣੀ ਬੁਰੀ ਨੀਅਤ ਦਿਖਾਉਂਦਾ ਰਿਹਾ ਹੈ। ਇਸ ਦੇ ਬਾਵਜੂਦ ਨਵੀਂ ਦਿੱਲੀ ਨੇ ਇਸ ਖੇਤਰ ਨੂੰ ਕਦੇ ਕੌਮੀ ਚੇਤਨਾ ਨਾਲ ਨਹੀਂ ਜੋੜਿਆ। ਇਸੇ ਕਾਰਨ ਭਾਰਤ ਮਹਿਜ਼ ਇਕ ‘ਦੱਖਣ ਏਸ਼ੀਆਈ ਸ਼ਕਤੀ’ ਦੇ ਰੂਪ ’ਚ ਸਿਮਟ ਕੇ ਰਹਿ ਗਿਆ ਸੀ ਜਦਕਿ ਭਾਰਤ ਦਾ ਪੂਰਬ-ਉੱਤਰ ਦੱਖਣ ਪੂਰਬੀ ਏਸ਼ੀਆ ਨਾਲ ਸੰਪਰਕ ਦੀ ਮਹੱਤਵਪੂਰਨ ਕੜੀ ਸੀ। ਉਸ ’ਤੇ ਧਿਆਨ ਦੇ ਕੇ ਹਿੰਦ-ਪ੍ਰਸ਼ਾਂਤ ਨੂੰ ਲੈ ਕੇ ਭਾਰਤ ਦਾ ਦਾਅਵਾ ਹੋਰ ਮਜ਼ਬੂਤ ਹੋਵੇਗਾ। ਅਤੀਤ ਦੀਆਂ ਇਨ੍ਹਾਂ ਗ਼ਲਤੀਆਂ ਨੂੰ ਸਧਾਰਦਿਆਂ ਸਰਕਾਰ ਨੇ ਪੂਰਬ-ਉੱਤਰ ਨਾਲ ਵਿਆਪਕ ਰੂਪ ’ਚ ਸਰਗਰਮੀ ਆਰੰਭ ਕੀਤੀ ਹੈ। ਇਸ ਨੂੰ ਦੇਸ਼ ਦੀ ਮੁੱਖਧਾਰਾ ਨਾਲ ਜੋੜਨ ਦੀਆਂ ਗੰਭੀਰ ਕੋਸ਼ਿਸ਼ਾਂ ਹੋਈਆਂ ਹਨ।

ਮਨੀਪੁਰ ਦੀਆਂ ਹਾਲੀਆ ਘਟਨਾਵਾਂ ਦੇ ਸੰਦਰਭ ’ਚ ਉਨ੍ਹਾਂ ਕੋਸ਼ਿਸ਼ਾਂ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ, ਜਿਨ੍ਹਾਂ ਕਾਰਨ ਪੂਰਬ-ਉੱਤਰ ਭਾਰਤ ’ਚ ਗਵਰਨੈਂਸ ਦੇ ਪੱਧਰ ’ਤੇ ਜ਼ਬਰਦਸਤ ਕਾਇਆਪਲਟ ਹੋਇਆ ਹੈ। ਇਸੇ ਤਬਦੀਲੀ ਦਾ ਅਸਰ ਹੈ ਕਿ ਪਿਛਲੇ ਕੁਝ ਸਾਲਾਂ ’ਚ ਪੂਰਬ-ਉੱਤਰ ਭਾਰਤ ’ਚ ਵੱਖਵਾਦੀ ਘਟਨਾਵਾਂ ’ਚ ਭਾਰੀ ਕਮੀ ਆਈ ਹੈ। ਜਨਤਾ ਅਤੇ ਸਰਕਾਰ ’ਚ ਵਧਦੇ ਭਰੋਸੇ ਦਾ ਹੀ ਸਬੂਤ ਹੈ ਕਿ ਪੂਰਬ-ਉੱਤਰ ਦੇ ਕਈ ਹਿੱਸਿਆਂ ’ਚ ਹਥਿਆਰਬੰਦ ਬਲਾਂ ਨੂੰ ਜ਼ਿਆਦਾ ਤਾਕਤ ਦੇਣ ਵਾਲੇ ਕਾਨੂੰਨ ਆਰਮਡ ਫੋਰਸਜ਼ ਸਪੈਸ਼ਲ ਪਾਵਰ ਐਕਟ ਯਾਨੀ ਅਫਸਪਾ ਨੂੰ ਹਟਾ ਦਿੱਤਾ ਗਿਆ ਹੈ ਜਾਂ ਇਸ ਦੀਆਂ ਤਜਵੀਜ਼ਾਂ ’ਚ ਭਾਰੀ ਢਿੱਲ ਦਿੱਤੀ ਗਈ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਣ ’ਚ ਖੱਬੇਪੱਖੀ ਕੱਟੜਵਾਦ ਯਾਨੀ ਨਕਸਲਵਾਦ ਨੂੰ ਦੇਸ਼ ਸਾਹਮਣੇ ਸਭ ਤੋਂ ਪ੍ਰਮੁੱਖ ਸੁਰੱਖਿਆ ਚੁਣੌਤੀ ਵਜੋਂ ਉਭਾਰਿਆ ਸੀ। ਕਿਸੇ ਸਮੇਂ ਦੇਸ਼ ’ਚ ਖੱਬੇਪੱਖੀ ਕੱਟੜਵਾਦ ਨਾਲ ਗ੍ਰਸਤ ਵੱਡਾ ਹਿੱਸਾ ‘ਲਾਲ ਗਲਿਆਰੇ’ ਦੇ ਰੂਪ ’ਚ ਬਦਨਾਮ ਸੀ। ਮੌਜੂਦਾ ਸਰਕਾਰ ਨੇ ਉਸ ਲਾਲ ਗਲਿਆਰੇ ਦੀ ਰੰਗਤ ਹੀ ਬਦਲ ਦਿੱਤੀ ਹੈ। ਮਾਓਵਾਦੀਆਂ ’ਤੇ ਸੁਰੱਖਿਆ ਬਲਾਂ ਦੀ ਮਜ਼ਬੂਤ ਪਕੜ ਤੋਂ ਲੈ ਕੇ ਉਨ੍ਹਾਂ ਦੇ ਵਿੱਤੀ ਵਸੀਲਿਆਂ ’ਤੇ ਹਮਲੇ ਦੇ ਨਾਲ ਹੀ ਮਾਓਵਾਦੀ ਲੀਡਰਸ਼ਿਪ ਦਾ ਲੱਕ ਤੋੜ ਕੇ ਸਰਕਾਰ ਨੇ ਇਸ ਚੁਣੌਤੀ ਦਾ ਕਾਫ਼ੀ ਹੱਦ ਤੱਕ ਕਾਰਗਰ ਹੱਲ ਕੱਢਿਆ ਹੈ। ਸਖ਼ਤ ਸੁਰੱਖਿਆ ਪ੍ਰਬੰਧਾਂ ਅਤੇ ਵਿਕਾਸ ਗਤੀਵਿਧੀਆਂ ਦੀ ਜੁਗਲਬੰਦੀ ਨਾਲ ਸਰਕਾਰ ਨੇ ਮਾਓਵਾਦ ਪ੍ਰਭਾਵਿਤ ਖੇਤਰਾਂ ਦੀ ਸੂਰਤ ਬਦਲ ਦਿੱਤੀ ਹੈ। ਇਸ ਦਾ ਹੀ ਨਤੀਜਾ ਹੈ ਕਿ ਦੇਸ਼ ਅੱਗੇ ਮਾਓਵਾਦ ਹੁਣ ਉਹੋ ਜਿਹੀ ਚੁਣੌਤੀ ਨਹੀਂ ਹੈ, ਜਿਹੋ ਜਿਹੀ ਕੁਝ ਸਾਲ ਪਹਿਲਾਂ ਤੱਕ ਸੀ। ਵਿਕਾਸ ਦੀ ਵਹਿੰਦੀ ਗੰਗਾ ਦੇ ਸਾਹਮਣੇ ਮਾਓਵਾਦੀਆਂ ਨੂੰ ਆਪਣੀ ਵਿਚਾਰਧਾਰਾ ਦੇ ਦਮ ’ਤੇ ਨਵੇਂ ਰੰਗਰੂਟ ਭਰਤੀ ਕਰਨਾ ਮੁਸ਼ਕਲ ਹੋ ਗਿਆ ਹੈ।

ਕੇਵਲ ਆਰਥਿਕ ਖ਼ੁਸ਼ਹਾਲੀ ਜਾਂ ਵਸੀਲਿਆਂ ਦੇ ਮੋਰਚੇ ’ਤੇ ਬਤੌਰ ਹੀ ਕਿਸੇ ਦੇਸ਼ ਨੂੰ ਆਲਮੀ ਰਾਜਨੀਤੀ ’ਚ ਸਿਰਮੌਰ ਨਹੀਂ ਬਣਾਉਂਦੀ। ਭਾਰਤ ਨੂੰ ਲੰਬੇ ਸਮੇਂ ਤੱਕ ਇਕ ‘ਮਜ਼ਬੂਤ ਸਮਾਜ ਪਰ ਕਮਜ਼ੋਰ ਰਾਜ’ ਦੇ ਨਜ਼ਰੀਏ ਤੋਂ ਦੇਖਿਆ ਗਿਆ। ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਅੰਦਰੂਨੀ ਮਾਮਲਿਆਂ ’ਤੇ ਅਸਰਦਾਰ ਪਕੜ ਤੋਂ ਬਗ਼ੈਰ ਕਿਸੇ ਵੀ ਦੇਸ਼ ਦਾ ਆਲਮੀ ਰੈਂਕਿੰਗ ਸੂਚੀ ’ਚ ਉੱਪਰ ਚੜ੍ਹਨਾ ਬੇਹੱਦ ਮੁਸ਼ਕਲ ਹੈ। ਆਲਮੀ ਲੀਡਰਸ਼ਿਪ ’ਤੇ ਭਾਰਤ ਦੀ ਪਕੜ ਉਦੋਂ ਤੋਂ ਮਜ਼ਬੂਤ ਹੋਣੀ ਸ਼ੁਰੂ ਹੋਈ ਜਦੋਂ ਉਸ ਨੇ ਅੰਦਰੂਨੀ ਸੁਰੱਖਿਆ ਯਕੀਨੀ ਬਣਾਉਣ ਦੀ ਸਮਰੱਥਾ ਅਤੇ ਪ੍ਰਤੀਬੱਧਤਾ ਦਿਖਾਉਣੀ ਸ਼ੁਰੂ ਕੀਤੀ। ਇਕ ਮਜ਼ਬੂਤ ਰਾਜ ਜੋ ਅੰਦਰੂਨੀ ਹਲਚਲਾਂ ’ਤੇ ਕਾਬੂ ਰੱਖਣ ’ਚ ਸਮਰੱਥ ਹੋਵੇ, ਉਹੋ ਹੀ ਬਾਹਰੀ ਪੱਧਰ ’ਤੇ ਕੌਮੀ ਆਰਥਿਕ ਸਮਰੱਥਾਵਾਂ ਦਾ ਲਾਭ ਉਠਾਉਣ ਦੀ ਸਥਿਤੀ ’ਚ ਹੁੰਦਾ ਹੈ। ਇਹੋ ਉਹ ਸਬਕ ਹੈ ਜੋ ਭਾਰਤੀ ਨੀਤੀ ਘਾੜੇ ਦੇਰ ਨਾਲ ਹੀ ਸਹੀ ਪਰ ਹੁਣ ਗੰਭੀਰਤਾ ਨਾਲ ਸਿੱਖ ਰਹੇ ਹਨ। ਇਹ ਸਭ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ ਹੈ।

# ਕਿਛੁ ਸੁਣੀਐ ਕਿਛੁ ਕਹੀਐ



ਨਵੀਂ ਦਿੱਲੀ ’ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੀ-20 ਸਿਖ਼ਰ ਸੰਮੇਲਨ ਦੌਰਾਨ ਆਪਣੇ ਹਮ-ਰੁਤਬਾ ਜਸਟਿਨ ਟਰੂਡੋ ਨਾਲ ਗੱਲਬਾਤ ਦੌਰਾਨ ਕੈਨੇਡਾ ’ਚ ਚੱਲ ਰਹੀਆਂ ਕਥਿਤ ਭਾਰਤ-ਵਿਰੋਧੀ ਗਤੀਵਿਧੀਆਂ ਪ੍ਰਤੀ ਡੂੰਘੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਉਹ ਲੋਕ ਵੱਖਵਾਦ ਨੂੰ ਹੱਲਾਸ਼ੇਰੀ ਦੇ ਰਹੇ ਹਨ ਤੇ ਭਾਰਤੀ ਕੂਟਨੀਤਕ ਅਧਿਕਾਰੀਆਂ ਖ਼ਿਲਾਫ਼ ਸੰਭਾਵੀ ਹਿੰਸਕ ਗਤੀਵਿਧੀਆਂ ਨੂੰ ਹਵਾ ਦੇ ਰਹੇ ਹਨ। ਇਸ ਦੇ ਨਾਲ ਹੀ ਭਾਰਤੀ ਮੂਲ ਦੇ ਨਾਗਰਿਕਾਂ ਤੇ ਉਨ੍ਹਾਂ ਦੇ ਧਾਰਮਿਕ ਅਸਥਾਨਾਂ ’ਤੇ ਹਮਲੇ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਨੂੰ ਅਜਿਹੇ ਤੱਤਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਉਸੇ ਵੇਲੇ ਕੈਨੇਡਾ ਦੇ ਬਿ ?ਰਟਿਸ਼ ਕੋਲੰਬੀਆ ’ਚ ਕੁਝ ਗਰਮ-ਖ਼ਿਆਲੀ ਪੰਜਾਬੀਆਂ ਦਾ ਇਕ ‘ਵੱਖਵਾਦੀ’ ਗੁੱਟ ਭਾਰਤ ਸਰਕਾਰ ਖ਼ਿਲਾਫ਼ ਪ੍ਰਚਾਰ ਕਰਨ ’ਚ ਰੁੱਝਿਆ ਹੋਇਆ ਸੀ। ਇਹ ਸੱਚਮੁੱਚ ਬੇਹੱਦ ਮੰਦਭਾਗੀ ਸਥਿਤੀ ਹੈ।

ਇਹ ਇਕ ਹਕੀਕਤ ਹੈ ਕਿ ਜੇ ਕਿਸੇ ਗੁੱਟ ਦੀ ਕੋਈ ਆਪਣੀ ਵਾਜਿਬ ਮੰਗ ਹੈ ਤਾਂ ਉਹ ਆਹਮੋ-ਸਾਹਮਣੇ ਮੇਜ਼ ’ਤੇ ਬਹਿ ਕੇ ਗੱਲਬਾਤ ਰਾਹੀਂ ਮਸਲੇ ਹੱਲ ਕਰ ਸਕਦਾ ਹੈ। ਸਰਕਾਰਾਂ ਨਾਲ ਸਿੱਧੀ ਟੱਕਰ ਲੈ ਕੇ ਮਸਲੇ ਸਿੱਝਣ ਵਾਲੇ ਪੁਰਾਣੇ ਦਿਨ ਹੁਣ ਪੁੱਗ ਚੁੱਕੇ ਹਨ। ਜੇ ਕਿਸੇ ਧਿਰ ਨੇ ਕੋਈ ਮੰਗ ਮਨਵਾਉਣੀ ਹੈ ਤਾਂ ਉਸ ਨੂੰ ਗੁਰੂ ਨਾਨਕ ਦੇਵ ਜੀ ਦੇ ਵਾਕ ‘...ਕਿਛੁ ਸੁਣੀਐ ਕਿਛੁ ਕਹੀਐ’ ਅਨੁਸਾਰ ਦੁਵੱਲੀ ਗੱਲਬਾਤ ਦਾ ਸਹਾਰਾ ਲੈਣਾ ਹੀ ਪਵੇਗਾ।

ਇਸ ਦੌਰਾਨ ਟਰੂਡੋ ਨੇ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਦੇ ਦੇਸ਼ ’ਚ ਚੱਲ ਰਹੀਆਂ ਕੁਝ ਲੋਕਾਂ ਦੀਆਂ ਗਤੀਵਿਧੀਆਂ ਤੋਂ ਅਜਿਹਾ ਕੋਈ ਅਨੁਮਾਨ ਨਹੀਂ ਲਾਇਆ ਜਾ ਸਕਦਾ ਕਿ ਕੈਨੇਡਾ ਦੇਸ਼ ਦੇ ਸਮੂਹ ਨਿਵਾਸੀਆਂ ਦੀ ਸੋਚ ਵੀ ਉਹੋ ਜਿਹੀ ਹੈ। ਪੰਜਾਬ ਨੂੰ ਨਿਸ਼ਾਨੇ ’ਤੇ ਲੈ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਾਲਿਆਂ ਨੂੰ 1980ਵਿਆਂ ਤੇ 1990ਵਿਆਂ ਦੇ ਅੱਧ ਤੱਕ ਦਾ ਉਹ ਕਾਲ਼ਾ ਦੌਰ ਚੇਤੇ ਕਰਨਾ ਚਾਹੀਦਾ ਹੈ ਜਿਸ ਨੇ ਹਜ਼ਾਰਾਂ ਪੰਜਾਬੀਆਂ ਖ਼ਾਸ ਤੌਰ ’ਤੇ ਸਿੱਖਾਂ ਦੀ ਬਲੀ ਲੈ ਲਈ ਸੀ। ਜਿਨ੍ਹਾਂ ਨੇ ਉਸ ਵੇਲੇ ਦੇ ਸੰਤਾਪ ਤੇ ਦਰਦ ਨੂੰ ਆਪਣੇ ਪਿੰਡੇ ’ਤੇ ਹੰਢਾਇਆ ਹੈ, ਸ਼ਾਇਦ ਉਸ ਵੇਲੇ ਦੀ ਦਹਿਸ਼ਤ ਤੇ ਖ਼ੂਨ-ਖ਼ਰਾਬੇ ਨੂੰ ਉਹੀ ਸਮਝ ਸਕਦੇ ਹਨ। ਹੁਣ ਉਹੋ ਜਿਹੀਆਂ ਗੱਲਾਂ ਕਰ ਕੇ ਪੰਜਾਬ ਨੂੰ ਇਕ ਵਾਰ ਫਿਰ ਅੱਤਵਾਦ ਦੀ ਅੱਗ ਵੱਲ ਧੱਕਣ ਵਾਲਿਆਂ ਨੂੰ ਆਪਣੇ-ਆਪ ਹੀ ਸੰਭਲ ਜਾਣਾ ਚਾਹੀਦਾ ਹੈ।

ਆਪਣੇ ਸੌੜੇ ਸਿਆਸੀ ਮੁਫ਼ਾਦ ਲਈ ਪਿਆਰੇ ਪੰਜਾਬ ਦੇ ਨਾਂ ਅਤੇ ਇਸ ਦੀ ਧਰਤੀ ਨੂੰ ਵਰਤਣ ਵਾਲਿਆਂ ਨੂੰ ਆਪਣੀ ਜ਼ਮੀਰ ਨੂੰ ਜਗਾਉਣਾ ਚਾਹੀਦਾ ਹੈ। ਅਜਿਹੀਆਂ ਹਰਕਤਾਂ ਨੇ ਪਹਿਲਾਂ ਵੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਵੱਡੇ ਸੰਕਟ ’ਚ ਪਾ ਦਿੱਤਾ ਸੀ। ਸਭ ਤੋਂ ਵੱਧ ਪੀੜਤ ਗ਼ਰੀਬ ਨੌਜਵਾਨ ਹੀ ਸਨ। ਉਨ੍ਹਾਂ ਨੂੰ ਬਿਨਾਂ ਵਜ੍ਹਾ ਫੜ ਲਿਆ ਗਿਆ ਸੀ। ਉਨ੍ਹਾਂ ’ਚੋਂ ਕੁਝ ਤਾਂ ਹਾਲੇ ਵੀ ਜੇਲ੍ਹਾਂ ਦੀ ਹਵਾ ਖਾ ਰਹੇ ਹਨ। ਉਨ੍ਹਾਂ ਨੂੰ ਉਸ ਹਾਲਤ ’ਚ ਪਹੁੰਚਾਉਣ ਵਾਲੇ ਅਸਲ ਗੁਨਾਹਗਾਰ ਤਾਂ ਖੁੱਲ੍ਹੇ ਘੁੰਮ ਰਹੇ ਹਨ। ਉਨ੍ਹਾਂ ਦੀ ਕੋਝੀ ਸਿਆਸਤ ਦੇ ਭੈੜੇ ਨਤੀਜੇ ਹੁਣ ਢਾਈ-ਤਿੰਨ ਦਹਾਕਿਆਂ ਬਾਅਦ ਵੀ ਸਮੂਹ ਪੰਜਾਬੀਆਂ ਨੂੰ ਭੁਗਤਣੇ ਪੈ ਰਹੇ ਹਨ।

ਉਦੋਂ ਦੇ ਹੀ ਲੱਖਾਂ ਕਰੋੜ ਰੁਪਏ ਦੇ ਚੜ੍ਹੇ ਕਰਜ਼ੇ ਪਤਾ ਨਹੀਂ ਪੰਜਾਬ ਸਿਰੋਂ ਕਦੋਂ ਉਤਰਨਗੇ, ਹਾਲੇ ਤਾਂ ਉਨ੍ਹਾਂ ਦਾ ਵਿਆਜ ਤਾਰਨਾ ਵੀ ਔਖਾ ਹੋਇਆ ਪਿਆ ਹੈ। ਇਸੇ ਲਈ ਅਜਿਹੇ ਵੱਖਵਾਦੀ ਅਨਸਰਾਂ ਵਿਰੁੱਧ ਭਾਰਤ ਸਰਕਾਰ ਨੇ ਬਿਲਕੁਲ ਸਹੀ ਸਟੈਂਡ ਲਿਆ ਹੈ ਕਿਉਂਕਿ ਅਜਿਹੀ ਦੇਸ਼-ਵਿਰੋਧੀ ਸੋਚ ਤੇ ਅਜਿਹੀਆਂ ਗਤੀਵਿਧੀਆਂ ਦਾ ਪ੍ਰਗਟਾਵਾ ਪਹਿਲਾਂ ਕੈਨੇਡਾ ਦੇ ਨਾਲ-ਨਾਲ ਆਸਟ੍ਰੇਲੀਆ, ਇੰਗਲੈਂਡ ਤੇ ਅਮਰੀਕਾ ’ਚ ਵੀ ਹੋ ਚੁੱਕਾ ਹੈ।

## 22 ਸਤੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ ਵਿਆਹ-ਪੁਰਬ ਤੇ ਵਿਸ਼ੇਸ਼

# ਬਾਬੇ ਨਾਨਕ ਦੇ ਵਿਆਹ ਦਾ ਲੋਕਧਾਰਾਈ ਪ੍ਰਸੰਗ



ਡਾ. ਆਤਮਾ ਸਿੰਘ ਗਿੱਲ,
9878883680





ਵਿਆਹ ਇਕ ਅਜਿਹਾ ਵਰਤਾਰਾ ਹੈ ਜਿਸ ਵਿਚ ਬਹੁਤ ਸਾਰੇ ਰੀਤੀ ਰਿਵਾਜਾਂ ਦੀ ਸ਼ਮੂਲੀਅਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਵਿਆਹ ਨਾਲ ਸੰਬੰਧਿਤ ਬਹੁਤ ਸਾਰੇ ਰੀਤੀ ਰਿਵਾਜ ਲੋਕਧਾਰਾ ਵਿਚ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਕੁੜਮਾਈ, ਚੌਂਕੜ, ਮੇਲ, ਵਾਰਨਾ, ਲਗਣ, ਜੇਵਣਹਾਰ, ਖਾਰੇ ਬਿਠਾਉਣਾ, ਤੰਬੋਲ, ਜੰਞ ਦੀ ਤਿਆਰੀ, ਜੰਞ ਦਾ ਸਵਾਗਤ, ਪੇਸ਼ਕਾਰਾ, ਤਣੀ ਛੋਹਣਾ, ਖੱਟ ਧਰਨਾ ਆਦਿ ਪ੍ਰਮੁੱਖ ਹਨ। ਵਿਆਹ ਸੰਬੰਧੀ ਸਭ ਤੋਂ ਪਹਿਲੀ ਰਸਮ ਕੁੜਮਾਈ ਦੀ ਹੁੰਦੀ ਹੈ। ਭਾਈ ਬਾਲੇ ਵਾਲੀ ਜਨਮਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਗਿਆ ਹੈ:-

ਸੰਮਤ 1545 ਮਿਤੀ ਮਘਰ ਸੁਦੀ ਪੰਚਮੀ ਗੁਰੂ ਜੀ ਦੀ ਕੁੜਮਾਈ ਹੋਈ ਮੂਲੇ ਦੇ ਘਰ ਪੱਖੋ ਕੇ ਰੰਧਾਵੈ। ਤਾਂ ਜੈ ਰਾਮ ਅਤੇ ਨਾਨਕੀ ਖਬਰਿ ਵਧਾਈ ਰਾਇ ਭੋਏ ਭੱਟੀ ਦੀ ਤਲਵੰਡੀ ਦੇ ਭੇਜੀ। ਕਾਲੂ ਤੇ ਅੰਮਾ ਬੀਬੀ ਨੂੰ ਸਦਾਇ ਭੇਜਿਆ ਜੋ, ਤੁਸੀਂ ਆਵਹੁ ਤਾਂ ਚਉਕੜ ਖਰਚੀਏ। ਤਾਂ ਕਾਲੂ ਸੁਣ ਕਰਿ ਬਹੁਤ ਖੁਸ਼ੀ ਹੋਇਆ ਅਤੇ ਅੰਮਾ ਬੀਬੀ ਭੀ ਬਹੁਤ ਰਾਜੀ ਹੋਈ ਅਤੇ ਜਿਹੜਾ ਆਦਮੀ ਖਬਰਿ ਲੈ ਆਇਆ ਸੀ ਤਿਸ ਦਾ ਮੁਹੌਂ ਅੰਮਾ ਬੀਬੀ ਮਿਸਰੀ ਨਾਲ ਭਰਿਆ, ਆਖਣ ਲੱਗੀ ਮੈ ਵਾਰਿ ਵਾਰਿ ਘਤੀ ਤੇਰੇ ਮੁਹਿ ਤੋਂ ਜਿਸ ਮੈਨੂੰ ਨਾਨਕ ਦੀ ਵਧਾਈ ਆਣ ਦਿਤੀ ਹੈ। ਤਾਂ ਰਾਤੀਂ ਜਿਤਨਾ ਕਬੀਲਾ ਬੇਦੀਆਂ ਦਾ ਆਹਾ ਤਿਤਨੀਆਂ ਗਾਵਨ ਬੈਠੀਆਂ, ਆਖਣ ਲੱਗੀਆਂ ਜੋ ਨਾਨਕ ਕੋਈ ਅਸਾਡੀ ਕੁਲ ਵਿਚ ਭਲਾ ਜੀ ਉਪਜਿਆ ਹੈ, ਜਿਸਦੀ ਧਰਮ ਕੁੜਮਾਈ ਹੋਈ ਹੈ, ਅਸਾਡੀ ਕੁਲ ਨਿਰਮਲ ਕੀਤੀਉਸੁ। ਅਤੇ ਮਾਤਾ ਬੀਬੀ ਮਾਝੈ ਆਪਣੇ ਮੇਕੇ ਪੇਕੇ ਆਹੇ, ਰਾਮਾ ਝੰਗੜਿ ਅੰਮਾ ਬੀਬੀ ਦਾ ਪਿਉ ਸੀ ਅਤੇ ਭਿਰਾਈ ਮਾਇ ਸੀ, ਗੁਰੂ ਨਾਨਕ ਦੇ ਨਾਨੀ ਨਾਨੇ ਸੇ ਅਤੇ ਕਾਲੂ ਦੇ ਸਸੁ ਸਹੁਰਾ ਸੇ। ਅੰਮਾ ਬੀਬੀ ਉਹਨਾਂ ਨੂੰ ਵਧਾਈ ਦਵਾਇ ਭੇਜੀ ਅਤੇ ਸਦ ਭੇਜੇ 'ਕੋਈ ਆਵਹੁ।' ਤਾਂ ਉਥੋਂ ਭਿਰਾਈ ਨਾਨੀ ਅਤੇ ਰਾਮਾ ਨਾਨਾ ਅਤੇ ਕਿਸ਼ਨਾ ਮਾਮਾ, ਏਹੁ ਤ੍ਰਾਏ, ਸੁਣਦੇ ਹੀ ਖੁਸੀ ਹੋਏ ਤਲਵੰਡੀ ਨੂੰ ਆਏ। ਆਂਵਦੇ ਹੀ ਛੇ ਆਦਮੀ ਤਿਆਰ ਹੋਏ: ਰਾਮਾ, ਕਿਸ਼ਨਾ, ਭਿਰਾਈ, ਕਾਲੂ, ਲਾਲੂ, ਅੰਮਾ ਬੀਬੀ ਅਤੇ ਤ੍ਰੈ ਨਫਰ, ਮਰਦਾਨਾ ਡੂਮ ਘਰ ਦਾ ਮਿਰਾਸੀ ਆਹਾ, ਸਭੋ ਬਾਰਾ ਆਦਮੀ ਕਾਲੂ ਨਾਲ ਹੋਏ। ਪਰ ਰਾਮੇ ਝੰਗੜਿ ਨਾਲ ਮਾਇਆ ਬਹੁਤ ਹੀ ਲੀਤੀ।

ਜਾਂ ਚਲਣ ਲਗੇ ਤਾਂ ਰਾਇ ਬੁਲਾਰਿ ਪਾਸ ਵਿਦਾ ਹੋਵਣ ਗਏ, ਤਾਂ ਅਗੋਂ ਰਾਇ ਬੁਲਾਰ ਕਹਿਆ, 'ਕਿਉਂ ਕਾਲੂ' ਤਾਂ ਕਾਲੂ ਕਹਿਆ ਜੀ, ਜੀ ਨਾਨਕ ਤੁਸਾਡੇ ਗੁਲਾਮ ਦੀ ਕੁੜਮਾਈ ਹੋਈ ਹੈ, ਚਉਕੜ ਖਰਚਣ ਜਾਂਦੇ ਹਾਂ, ਪਖੋ ਕੇ ਰੰਧਾਵੈ ਅਸਾਂ ਨੂੰ ਰਜਾਇ ਹੋਵੈ। ਤਾਂ ਰਾਇ ਕਹਿਆ ਭਲਾ ਹੋਵੇ, ਪਰ ਕਾਲੂ! ਅੱਗੇ ਨਾਨਕ ਹਈ ਖਬਰਦਾਰ ਹੋਵੈ। ਤਾਂ ਕਾਲੂ ਕਹਿਆ ਜੀ ਮੈਨੂੰ ਖਤਰਾ ਘਤਿਓ ਤਾਂ ਰਾਇ ਕਹਿਆ, ਕਾਲੂ ਮੈ ਹੋਰੀ ਵਾਸਤੇ ਕਹਿਆ ਹੈ ਜੋ ਤੇਰੀ ਤਰ੍ਹਾਂ ਕਰੜੀ ਹੈ ਅਗੇ ਉਹ ਅਗੇ ਸਾਧੂ ਜਨ ਹੈ, ਮਤਿ ਕੋਈ ਵਿਗਾੜ ਕਰਦਾ ਹੋਵੇ। ਤਾਂ ਕਾਲੂ ਕਹਿਆ, ਰਾਇ ਜੀ ਏਹੁ ਤਾਂ ਮੇਰੀ ਮੁਰਾਦ ਹੈ ਅਤੇ ਰਾਇ ਜੀ! ਤੁਸੀਂ ਪਰਮੇਸਰ ਦੇ ਪੈਦਾ ਕੀਤੇ ਹੋ ਤੁਸੀਂ ਮਿਹਰਵਾਨਗੀ ਨਾਲ ਆਖੋ। ਤਾਂ ਰਾਇ ਕਹਿਆ, ਜਾਹਿ ਕਾਲੂ! ਮੇਰਾ ਹੋਦਾ ਨਾਨਕ ਦਾ ਮਥਾ ਚੁੰਮੀ ਅਤੇ ਪੈਰਾਂ ਤੇ ਹੱਥ ਲਾਵੀਂ ਅਤੇ ਜੈਰਾਮ ਨੂੰ ਮੇਰੀ ਬੰਦਗੀ ਕਹੀਂ ਅਤੇ ਜਾਹ ਕਾਲੂ ਸਾਈਂ ਦੀ ਪਨਾਹ ਹੋਵੀ, ਤਾਂ ਕਾਲੂ ਆਇ ਕਰ ਛਕੜੇ ਉਤੇ ਸਵਾਰਿ ਹੋਇ ਚਲਿਆ, ਆਇਤਵਾਰ ਦੇ ਦਿਨ ਚਲਿਆ ਤਾਂ ਪੰਜਵੇਂ ਦਿਨ ਸੁਲਤਾਨਪੁਰ ਆਇ ਪਹੁਤੇ, ਵੀਰਵਾਰ ਕੇ ਦਿਨ ਪਰਮਾਨੰਦ ਪਲਤੇ ਘਰਿ ਆਇ ਵੜੇ, ਵਧਾਈਆਂ ਮਿਲਣ ਲੱਗੀਆਂ ਅਤੇ ਸਿੱਠਣੀਆਂ ਮਿਲਣ ਲੱਗੀਆਂ। ਤਾਂ ਗੁਰੂ ਨਾਨਕ ਜੀ ਨੂੰ ਖਬਰ ਹੋਈ ਜੋ ਮੇਰੇ ਮਾਂ, ਪਿਉ, ਚਾਚਾ, ਨਾਨਾ, ਨਾਨੀ, ਮਾਮਾ ਆਇ ਹੈਨ ਅਤੇ ਮਰਦਾਨਾ ਡੂਮ ਭੀ ਆਇਆ ਹੈ। ਤਾਂ ਗੁਰੂ ਨਾਨਕ ਜੀ ਸੁਣਦਾ ਹੈ ਉਠਿ ਚਲਿਆ, ਜਾਇ ਕਾਲੂ ਦੇ ਪੈਰਾਂ ਤੇ ਢਹਿ ਪਇਆ ਤਾਂ ਕਾਲੂ ਮੱਥਾ ਚੁੰਮਿਆ। ਤਾਂ ਗੁਰੂ ਨਾਨਕ ਕਹਿਆ, ਪਿਤਾ ਜੀ! ਰਾਇ ਜੀ ਤਾਜੇ ਆਹੇ? ਤਾਂ ਕਾਲੂ ਕਹਿਆ, ਪੁਤ! ਭਲਾ ਯਾਦ ਦਿਵਾਇਉ, ਰਾਇ ਜੀ ਤੇਰਾ ਮਥਾ ਚੁੰਮਣਾ ਕਹਿਆ ਸੀ ਅਸਾਂ ਨੂੰ ਵਿਸਰ ਗਇਆ ਸੀ। ਤਾਂ ਫੇਰ ਗੁਰੂ

ਨਾਨਕ ਮਾਤਾ ਜੀ ਦੇ ਪੈਰੀਂ ਜਾਇ ਪਇਆ, ਤਾਂ ਮਾਤਾ ਮੂਹੋ ਮਥਾ ਚੁੰਮਿਆ, ਗਲ ਨਾਲ ਲਾਇਆ। ਤਾਂ ਫੇਰ ਗੁਰੂ ਨਾਨਕ ਚਾਚੇ ਲਾਲੂ ਦੇ ਪੈਰੀਂ ਜਾਇ ਪਇਆ ਤਾਂ ਲਾਲੂ ਗਲ ਵਿਚ ਲੀਤਾ, ਲਗਾ ਆਖਣ, ਪੁਤ! ਤੈਂ ਅਸਾਡੀ ਕੁਲ ਏਥੇ ਤਾਂ ਨਿਰਮਲ ਕੀਤੀ ਅਗੇ ਦੀ ਖਬਰ ਨਾਹੀਂ। ਤਾਂ ਫੇਰ ਗੁਰੂ ਨਾਨਕ ਨਾਨੇ ਰਾਮੇ ਪੈਰੀਂ ਜਾਇ ਪਇਆ ਤਾਂ ਨਾਨੇ ਰਾਮੇ ਗਲ ਵਿਚ ਲੀਤਾ ਅਤੇ ਕਦੀ ਛਡੇ ਨਾਹੀਂ। ਨਾਨੀ ਭਿਰਾਈ ਆਖਿਆ, ਕਦੀ ਛਡ ਇਸਨੂੰ ਗਲ ਵਿਚੋਂ। ਤਾਂ ਰਾਮੇ ਕਹਿਆ ਮੇਰੀ ਸਿਕ ਪੂਰੀ ਹੋਵੇਗੀ ਤਾਂ ਮੈਂ ਛਡਾਂਗਾ। ਤਾਂ ਭਿਰਾਈ ਆਖਿਆ ਤੇਰੀ ਸਿਕ ਕਿਉਂ ਪੂਰੀ ਹੋਸੀ ? ਤਾਂ ਰਾਮੇ ਕਹਿਆ ਮੈਂ ਵੀਹਾਂ ਰੁਪਯਾਂ ਦੇ ਟਕੇ ਨਾਨਕ ਦੇ ਸਿਰ ਤੋਂ ਵਾਰ ਸੁਟਾਂਗਾ ਤਾਂ ਮੇਰੀ ਸਿਕ ਪੂਰੀ ਹੋਸੀ। ਤਾਂ ਭਿਰਾਈ ਆਖਿਆ ਵਾਰ ਸੁਟ। ਤਾਂ ਰਾਮੇ ਆਖਿਆ ਕੋਈ ਮੰਗਤਾ ਵੀ ਹੋਵੇ ਲੈਣ ਵਾਲਾ। ਤਾਂ ਬੇਬੇ ਨਾਨਕੀ ਆਖਿਆ ਜਾਹ ਨੀ ਤੁਲਸਾਂ! ਮੰਗਤੀਆਂ ਨੂੰ ਸੱਦ ਲੈ ਆਉ। ਤਾਂ ਤੁਲਸਾਂ ਮੰਗਤੀਆਂ ਨੂੰ ਸੱਦਣ ਗਈ ਤਾਂ ਨਾਨਕੀ ਆਖਿਆ ਨਾਨਾ ਜੀ! ਰੁਪਏ ਵਾਰੋਗੇ ਕੇ ਟਕੇ ਮੰਗਵਾਹੁਗੇ। ਤਾਂ ਰਾਮੇ ਕਹਿਆ ਬੇਟੀ ਜਿਉਂ ਤੂੰ ਆਖੇਂ ਸੋ ਕਰਾਂ ਤਾਂ ਨਾਨਕੀ ਆਖਿਆ ਨਾਨਾ ਜੀ ਟਕੇ ਮੰਗਵਾਹੁ। ਤਾਂ ਰਾਮੇ ਕਹਿਆ ਪੁਤ ਕਿਸ਼ਨਾ! ਤੂੰ ਵੀਹਾਂ ਰੁਪਯਾਂ ਦੇ ਟਕੇ ਲੈ ਆਉ। ਤਾਂ ਭਿਰਾਈ ਆਖਿਆ ਪੁਤ ਦਸਾਂ ਦੇ ਮੇਰੇ ਭੀ ਲੈ ਆਉ। ਅਤੇ ਪੰਜ ਰੁਪਏ ਕਿਸਨੇ ਆਪਣੇ ਪਾਏ। ਤਾਂ ਪੈਂਤ੍ਰੀਆਂ ਰੁਪਯਾਂ ਦੇ ਸਭੋ ਆਏ, ਵੀਹਾਂ ਦੇ ਰਾਮੇ ਵਾਰ ਸੁੱਟੇ, ਅਤੇ ਦਸਾਂ ਦੇ ਨਾਨੀ ਵਾਰ ਸੁੱਟੇ ਅਤੇ ਪੰਜਾਂ ਦੇ ਮਾਮੇ ਵਾਰ ਸੁੱਟੇ, ਸਭੇ ਪੈਂਤ੍ਰੀਆਂ ਰੁਪਯਾਂ ਦੇ ਵਾਰ ਸੁੱਟੇ। ਸੰਮਤ 1545 ਮਿਤੀ ਮਾਘ ਸੁਤੀ ਸਤਮੀ ਵੀਰਵਾਰ ਭਲਾ ਦਿਨ ਵੀਚਾਰ ਕੇ ਚਲੇ। ਕਉਣ ਕਉਣ ਚਲੇ? ਕਾਲੂ, ਲਾਲੂ, ਰਾਮਾ, ਕਿਸਨਾ, ਪਰਮਾਨੰਦ, ਜੈਰਾਮ, ਹੋਰ ਨਫਰ ਚਾਰ ਅਤੇ ਅਗੇ ਨਿਧਾ ਬ੍ਰਾਹਮਣ ਭੇਜਿਆ ਜੈਰਾਮ ਮੂਲੇ ਚੋਣੇ ਨੂੰ, ਗਿਰਾਉ ਪੱਖੋ ਕੇ ਰੰਧਾਵੇ। ਤਿਸ ਕਾ ਪਟਵਾਰੀ ਮੂਲਾ ਚੋਣਾ ਹੀ। ਜਾਇ ਨਿਧੇ ਬ੍ਰਾਹਮਣ ਖਬਰ ਦਿਤੀ, ਕਹਿਉਸ ਮਹਤਾ ਮੂਲ ਚੰਦ! ਸੁਖੀ ਰਹੋ। ਤਾਂ ਮੂਲੇ ਚੋਣੇ ਕਹਿਆ- ਪਾਂਧਾ ਜੀ! ਨਿਮਸਕਾਰ ਹੈ। ਆਖ ਹੋ ਕਿਥੋਂ ਆਇਉ? ਨਿਧੇ ਕਹਿਆ ਮਹਤਾ ਜੀ ਮੈਨੂੰ ਜੈਰਾਮ ਅਤੇ ਪਰਮਾਨੰਦ ਨੇ ਭੇਜਿਆ ਹੈ ਜੇ। ਮੂਲੇ ਕਹਿਆ ਕਿਸ ਵਾਸਤੇ? ਨਿਧੇ ਕਹਿਆ ਜੀ ਮਹਤਾ ਕਾਲੂ ਤਿਲਵੰਡੀ ਅਹੁ ਆਇਆ ਹੈ ਚਉਕੜ ਕਰਨੇ ਨੂੰ, ਮੈਨੂੰ ਜੈਰਾਮ ਭੇਜਿਆ ਹੈ ਜੋ ਮਹਤੇ ਮੂਲੇ ਨੂੰ ਖਬਰਿਆਉ, ਮੈਂ ਇਤ ਵਾਸਤੇ ਆਇਆ ਹਾਂ। ਤਾਂ ਮੂਲੇ ਚੋਣੇ ਕਹਿਆ ਆਵਣ ਮੇਰੇ ਸਿਰ ਮਾਥੇ ਉਤੇ ਆਵਨਿ। ਤਾਂ ਆਇਤਵਾਰ ਦਸਮੀ ਕੇ ਦਿਨ ਪਹਿਰ ਦਿਨ ਚੜੇ ਆਇ ਵੜੇ, ਅਗੇ ਮੂਲੇ ਸਮਿਆਨ ਕਰ ਛਡਿਆ ਸੀ। ਤਾਂ ਜਾਇ ਪਰਮਾਨੰਦ ਆਪਣੇ ਹਥੇ ਚਉਕੜ ਖਰਚ ਕੀਤਾ। ਵਧਾਈ ਲੈਂਦਾ ਜੇ ਕੁਛ ਰਾਹ ਸੀ, ਸਭ ਭਲੀ ਹੋਈ ਦੁਹਾਂ ਵਲੋਂ। ਤਾਂ ਕਾਲੂ ਲਾਲੂ ਵੇਦੀ ਪਰਮਾਨੰਦ ਨੂੰ ਕਹਿਆ ਭਾਈਆ ਜੀ ਤੁਸੀਂ ਸਾਹਾ ਭੀ ਮੰਗੋ। ਤਾਂ ਪਰਮਾਨੰਦ ਕਹਿਆ ਭਲਾ ਮਹਤਾ ਜੀ। ਤਾਂ ਪਰਮਾਨੰਦ ਸਿਆਣਾ ਸੀ,

ਉਸ ਇਕੰਤ ਮੂਲੇ ਨੂੰ ਬੁਲਾਇਆ, ਪੁਛਿਆ, ਸਾਰੀ ਗੱਲ ਕੀਤੀ। ਦੇਖੋ ਮਹਤਾ ਜੀ! ਨੀਂਗਰ ਭੀ ਜੁਆਨ ਹੈ ਤੇ ਲੜਕੀ ਭੀ ਵਡੀ ਸੁਣੀਦੀ ਹੈ, ਸਾਹਾ ਭੀ ਦਿਤਾ ਲੋੜੀਏ। ਬੇਦੀ ਤਲਵੰਡੀਉਂ ਚਲ ਆਏ ਹੈਨ ਅਤੇ ਝੰਗੜਿ ਭੀ ਨੀਂਗਰ ਦੇ ਨਾਨਕੇ ਨਾਲ ਆਏ ਹੈਨ ਮਾਝਿਉਂ। ਤਾਂ ਮੂਲੇ ਅਗੋਂ ਜਵਾਬ ਦਿਤਾ ਸੁਣੋ ਭਾਈਆ ਜੀ! ਤੁਸੀਂ ਖਾਤਰ ਜਮ੍ਹਾਂ ਕਰੋ। ਇਕ ਬਰਸ ਅਸਾਂ ਨੂੰ ਮੁਹਲਤ ਦੇਹੋ, ਉਪਰੰਤ ਫਿਰ ਹਛਾ ਸਾਹਾ ਸੋਧਾਇ ਗਿਣਾਇ ਤੁਸਾਂ ਨੂੰ ਭੇਜਾਂਗੇ। ਤਾਂ ਪਰਮਾਨੰਦ ਕਹਿਆ, ਭਲਾ, ਮਹਤਾ ਜੀ! ਤਾਂ ਉਥੋਂ ਇਜਤ ਪਲ ਨਾਲ ਵਿਦਿਆ ਕੀਤੇ। ਬਹੁਤ ਅਨੰਦ ਨਾਲ ਸੁਲਤਾਨਪੁਰ ਆਇ ਵੜੇ। ਵਧਾਈਆਂ ਮਿਲਣ ਲਗੀਆਂ, ਨਾਨਕੀ ਸਭ ਸਰੀਕਣੀਆਂ ਗਾਵਣ ਲੈ ਬਹਾਲੀਆਂ।

ਲੋਕਧਾਰਾ ਦੇ ਅਸਲੀ ਮੁਹਾਂਦਰੇ ਨੂੰ ਵੇਖਣਾ ਹੋਵੇ ਤਾਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਹਨਾਂ ਰਸਮਾਂ ਗੀਤਾਂ ਵਿਚੋਂ ਵੇਖਿਆ ਜਾ ਸਕਦਾ ਹੈ। ਜਨਮ ਪੱਤਰੀ, ਗੁੜ੍ਹਤੀ, ਛਠੀ, ਨਾਮਕਰਨ, ਜਨੇਊ, ਕੁੜਮਾਈ, ਵਿਆਹ, ਮੇਲ, ਖਾਰਾ, ਸਿਹਰਾਬੰਦੀ, ਪਾਣੀ ਵਾਰਨਾ, ਖੱਟ ਧਰਨਾ ਆਦਿ ਮਹੱਤਵਪੂਰਨ ਰਸਮਾਂ ਹਨ ਜਿਨ੍ਹਾਂ ਵਿਚ ਗੁਰੂ ਜੀ ਨੂੰ ਚੌਂਕੀ ਉੱਤੇ ਬਿਠਾਇਆ ਜਾਂਦਾ ਹੈ, ਬ੍ਰਾਹਮਣ ਮੱਥੇ ਤੇ ਤਿਲਕ ਲਗਾ ਕੇ ਅਸੀਸ ਦਿੰਦਾ ਹੈ ਅਤੇ ਚੌਲਾਂ ਨਾਲ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ। ਖ਼ਬਰ ਲਿਆਉਣ ਵਾਲੇ ਦਾ ਮੂੰਹ ਮਿਸ਼ਰੀ ਨਾਲ ਮਿੱਠਾ ਕਰਵਾਇਆ ਜਾਂਦਾ ਹੈ, ਸਾਰਾ ਪਰਿਵਾਰ ਗੱਡੇ ਉੱਤੇ ਬੈਠ ਕੇ ਸੁਲਤਾਨਪੁਰ ਜਾਂਦਾ ਹੈ, ਨਾਨਾ, ਨਾਨੀ ਤੇ ਮਾਮਾ ਗੁਰੂ ਜੀ ਤੋਂ ਟਕੇ ਵਾਰਦੇ ਹਨ, ਸ਼ਰੀਕਣੀਆਂ ਇਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ ਆਦਿ ਅਸਲੀ ਲੋਕਧਾਰਾ ਦੇ ਵਰਤਾਰੇ ਹਨ।

ਘੋੜੀਆਂ :- ਵਿਆਹ ਦੇ ਦਿਨਾਂ ਵਿਚ ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲੇ ਲੋਕ ਗੀਤ ਘੋੜੀਆਂ ਅਖਵਾਉਂਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਕੁਝ ਘੋੜੀਆਂ ਪ੍ਰਚਲਿਤ ਹਨ ਜਿਹਨਾਂ ਵਿਚ ਗੁਰੂ ਜੀ ਦੇ ਸ਼ਾਹੀ ਜਲੌ ਨੂੰ ਪ੍ਰਸਤੁਤ ਕੀਤਾ ਗਿਆ ਹੈ।

**ਮਾਂ ਤ੍ਰਿਪਤਾ ਦੀ ਅੱਖ ਦਾ ਤਾਰਾ ਨੀ।**
**ਪਿਤਾ ਕਾਲੂ ਦਾ ਰਾਜ ਦੁਲਾਰਾ ਨੀ।**
**ਗੁਰੂ ਨਾਨਕ ਪਿਆਰਾ।**
**ਸਿਹਰਾ ਬੰਨ ਕੇ ਬਣ ਲਾੜਾ**
**ਲੱਗੇ ਜੱਗ ਤੋਂ ਨਿਆਰਾ।**
**ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**

**ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**
**ਸਿਹਰੇ ਦੀਆਂ ਚਮਕਣ ਲੜੀਆਂ ਨੀ।**
**ਭੈਣ ਨਾਨਕੀ ਵਾਗਾਂ ਫੜੀਆਂ ਨੀ।**
**ਨਾਨਕ ਨਿਰੰਕਾਰੀ।**
**ਭੈਣ ਨਾਨਕੀ ਵੀਰੇ ਤੋਂ ਜਾਵੇ ਬਲਿਹਾਰੀ।**
**ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਹਨੀਆਂ।**
**ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**
**ਜੀਜਾ ਫੁੱਲਿਆ ਨਾ ਸਮਾਵੇ ਨੀ।**
**ਰਾਏ ਬੁਲਾਰ ਵੀ ਖ਼ੁਸ਼ੀ ਮਨਾਵੇ ਨੀ।**
**ਜੰਞ ਫੱਬਦੀ ਸੋਹਣੀ।**
**ਲਾੜੇ ਨਾਨਕ ਦੀ ਸੂਰਤ ਹੈ ਡਾਹਢੀ ਮਨਮੋਹਣੀ।**
**ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਹਨੀਆਂ।**
**ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**
**ਜੰਞ ਸ਼ਹਿਰ ਬਟਾਲੇ ਆਈ ਨੀ।**
**ਸਾਰੇ ਸ਼ਹਿਰ ਨੇ ਖ਼ੁਸ਼ੀ ਮਨਾਈ ਨੀ।**
**ਨੂਰ ਅਰਸ਼ੋਂ ਬਰਸੇ।**
**ਹਰ ਕੋਈ ਲਾੜੇ ਨਾਨਕ ਦੇ ਦਰਸ਼ਨ ਨੂੰ ਤਰਸੇ।**
**ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਹਨੀਆਂ।**
**ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**
**ਘਰ ਰਾਜੇ ਦੇ ਵੱਜੀ ਸ਼ਹਿਨਾਈ ਨੀ।**
**ਧੀ ਸੁਲੱਖਣੀ ਗਈ ਪਰਨਾਈ ਨੀ।**
**ਗਏ ਸ਼ਗਨ ਮਨਾਏ।**
**ਤੇਤੀ ਕਰੋੜ ਦੇਵਤਿਆਂ ਅਰਸ਼ੋਂ ਫੁੱਲ ਬਰਸਾਏ।**
**ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਹਨੀਆਂ।**
**ਸੋਹਣਿਆ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਨੀਆਂ।**
ਨਾਨਕ ਵੀਰਾ ਮੈਂ ਤੈਨੂੰ ਘੋੜੀ ਚੜ੍ਹੇਹਨੀਆਂ।

**ਸਿੱਠਣੀਆਂ** :- ਸਿੱਠਣੀਆਂ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਲੋਕ ਕਾਵਿ ਰੂਪ ਹੈ। ਕੁੜੀ ਦੇ ਵਿਆਹ ਵਾਲੇ ਦਿਨ ਮੇਲਣਾਂ (ਔਰਤਾਂ) ਇਕੱਠੀਆਂ ਹੋ ਕੇ ਸਿੱਠਣੀਆਂ ਰਾਹੀਂ ਲਾੜੇ ਨੂੰ, ਉਸ ਦੇ ਮਾਪਿਆਂ, ਸੰਬੰਧੀਆਂ ਅਤੇ ਜਾਂਞੀਆਂ ਨੂੰ ਸੰਬੋਧਨ ਕਰਕੇ ਨੋਕ ਝੋਕ ਅਤੇ ਮਖੌਲ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਵੀ ਕੁਝ ਸਿੱਠਣੀਆਂ ਪ੍ਰਾਪਤ ਹੁੰਦੀਆਂ ਹਨ। ਇਹ ਸਿੱਠਣੀਆਂ ਸ਼ਾਇਦ ਗੁਰੂ ਜੀ ਦੇ ਵਿਆਹ ਤੇ ਗਾਈਆਂ ਗਈਆਂ ਹੋਣ ਪਰੰਤੂ ਵਰਤਮਾਨ ਸਮੇਂ ਵਿਚ ਜਦੋਂ ਬਾਬੇ ਨਾਨਕ ਦਾ ਵਿਆਹ ਪੁਰਬ ਮਨਾਇਆ ਜਾਂਦਾ ਹੈ ਤਾਂ ਉਦੋਂ ਸਿੱਠਣੀਆਂ ਗਾਉਣ ਦੀ ਪਰੰਪਰਾ ਹੈ। ਨਗਰ ਕੀਰਤਨ ਦੇ ਰੂਪ ਵਿਚ ਬਰਾਤ ਸੁਲਤਾਨਪੁਰ ਲੋਧੀ ਤੋਂ ਰਵਾਨਾ ਹੋ ਕੇ ਬਟਾਲੇ ਪਹੁੰਚਦੀ ਹੈ। ਰਸਤੇ ਵਿਚ ਸੰਗਤਾਂ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਿੱਠਣੀਆਂ ਗਾਉਂਦੀਆਂ ਹਨ। ਇਸਦਾ ਭਰਵਾਂ ਸਵਾਗਤ ਕੀਤਾ ਜਾਂਦਾ ਹੈ, ਸਥਾਨਕ ਲੋਕ ਬਰਾਤ ਦਾ ਸਵਾਗਤ ਮਿਲਨੀ ਦੇ ਰੂਪ ਵਿਚ ਫੁੱਲਾਂ ਦੇ ਹਾਰਾਂ ਨਾਲ ਕਰਦੇ ਹਨ। ਬਟਾਲੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਔਰਤਾਂ ਸਿੱਠਣੀਆਂ ਗਾਉਂਦੀਆਂ ਹਨ, ਸੁੱਖਣਾ ਵਜੋਂ ਸਿਹਰੇ ਤੇ ਕਲੀਰੇ ਚੜ੍ਹਾਏ ਜਾਂਦੇ ਹਨ ਤੇ ਸ਼ਗਨ ਵਜੋਂ ਠੂਠੀ, ਕਲੀਰੇ ਤੇ ਰੁਪਏ ਦਿੱਤੇ ਜਾਂਦੇ ਹਨ। ਔਰਤਾਂ ਸਿੱਠਣੀਆਂ ਗਾਉਂਦੀਆਂ ਹਨ :-

**ਸਾਡੇ ਤਾਂ ਵਿਹੜੇ ਜੰਞ ਨਾਨਕ ਦੀ ਆਈ ਏ।**
**ਅਸਾਂ ਤਾਂ ਸੁਣਿਆ ਮੁੰਡਾ ਰੂਪ ਇਲਾਹੀ ਏ।**
**ਮੁੱਖ ਤਾਂ ਡਿੱਠਾ ਅਸਾਂ ਨਹੀਂ।**
**ਮੁੱਖ ਤਾਂ ਡਿੱਠਾ ਅਸਾਂ ਨਹੀਂ ਵੇ ਲਾੜਿਆ**
**ਸਿਹਰਾ ਹਟਾ ਕੇ ਸਦਾ ਬਹੀਂ।...**
**ਪਾਂਧੇ ਨੂੰ ਸੁਣਿਆ ਮੁੰਡਾ ਅਇਆ ਪੜ੍ਹਾ ਕੇ**
**ਬਣ ਗਿਆ ਗੁੰਗਾ ਅੱਜ ਸਾਡੇ ਕੋਲ ਆ ਕੇ**
**ਗੱਲ ਕੋਈ ਆਉਂਦੀ ਨਹੀਂ**
**ਗੱਲ ਕੋਈ ਆਉਂਦੀ ਨਹੀਂ ਵੇ ਲਾੜਿਆ**
**ਸਿਹਰਾ ਹਟਾ ਕੇ ਜ਼ਰਾ ਬਹੀਂ**
**ਲੋਕੀਂ ਤਾਂ ਆਖਣ ਮੁੰਡਾ ਰੂਪ ਅਵਤਾਰ ਦਾ**
**ਅਸਾਂ ਤਾਂ ਸੁਣਿਆ ਮੁੰਡਾ ਮੱਝੀਆਂ ਚਾਰਦਾ**
**ਕਾਲੀਆਂ ਬੂਰੀਆਂ ਮਹੀਂ**
**ਕਾਲੀਆਂ ਬੂਰੀਆਂ ਮਹੀਂ ਵੇ ਲਾੜਿਆ**
**ਸਿਹਰਾ ਹਟਾ ਕੇ ਜ਼ਰਾ ਬਹੀਂ**

ਇਥੇ ਗੁਰੂ ਨਾਨਕ ਦੇਵ ਜੀ ਦਾ ਇਲਾਹੀ ਰੂਪ ਹੋਣਾ, ਪਾਂਧੇ ਨੂੰ ਪੜ੍ਹਾਉਣਾ, ਅਵਤਾਰ ਹੋਣਾ ਤਾਂ ਭਾਵੇਂ ਸਿੱਧ ਹੁੰਦਾ ਹੀ ਹੈ ਪਰ ਨਾਲ ਹੀ ਨਾਲ ਪਾਂਧੇ ਨੂੰ ਪੜ੍ਹਾਉਣ ਵਾਲਾ ਨਾਨਕ ਉਥੇ ਜਾ ਕੇ ਗੁੰਗਾ ਹੋ ਜਾਂਦਾ ਹੈ, ਤੇ ਅਵਤਾਰ ਹੋਣ ਦੇ ਬਾਵਜੂਦ ਮੱਝੀਆਂ ਚਾਰਦਾ ਹੈ ਕੁਝ ਅਜਿਹੇ ਪੱਖ ਹਨ ਜੋ ਮਖੌਲ ਦੇ ਰੂਪ ਵਿਚ ਜਾਣੇ ਗਏ ਹਨ।

ਕੰਧ :- ਬਟਾਲਾ ਵਿਖੇ ਗੁਰੂ ਨਾਨਕ ਦੇਵ ਜੀ ਦੀ ਛੋਹ ਪ੍ਰਾਪਤ ਕੰਧ ਅੱਜ ਤੱਕ ਸੁਰੱਖਿਅਤ ਹੈ। ਜਦੋਂ ਗੁਰੂ ਜੀ ਜੰਞ ਲੈ ਕੇ ਬਟਾਲੇ ਆਏ ਤਾਂ ਉਹ ਇਸ ਕੰਧ ਨੇੜੇ ਬੈਠ ਗਏ। ਇਕ ਬਜ਼ੁਰਗ ਔਰਤ ਨੇ ਗੁਰੂ ਜੀ ਨੂੰ ਆਖਿਆ ਕਿ ਇਹ ਕੰਧ ਢਹਿਣ ਵਾਲੀ ਹੈ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਮਾਈ ਇਹ ਕੰਧ ਚਾਰ ਜੁਗ ਇਸੇ ਤਰ੍ਹਾਂ ਰਹੇਗੀ। ਗੁਰਦੁਆਰਾ ਕੰਧ ਸਾਹਿਬ ਵਿਖੇ ਇਹ ਕੰਧ ਅੱਜ ਤੱਕ ਸੁਰੱਖਿਅਤ ਹੈ।

ਵਿਆਹ ਸੰਬੰਧੀ ਸੁਖਣਾ :- ਬਟਾਲੇ ਵਿਚ ਗੁਰਦੁਆਰਾ ਕੰਧ ਸਾਹਿਬ ਦੇ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਹੈ। ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਦਾ ਵਿਆਹ ਹੋਇਆ ਸੀ। ਇਸ ਅਸਥਾਨ ਤੇ ਸਿਹਰੇ ਤੇ ਕਲੀਰੇ ਚੜ੍ਹਾਏ ਜਾਂਦੇ ਹਨ। ਜਿਹੜੇ ਲੜਕੇ ਜਾਂ ਲੜਕੀ ਦੇ ਵਿਆਹ ਵਿਚ ਕੋਈ ਵਿਘਨ ਪੈਂਦਾ ਹੈ ਉਹ ਸਿਹਰਾ ਜਾਂ ਕਲੀਰੇ ਚੜ੍ਹਾਉਂਦੇ ਹਨ ਤੇ ਗੁਰੂ ਜੀ ਦੀ ਬਖ਼ਸ਼ਿਸ਼ ਨਾਲ ਉਹਨਾਂ ਦਾ ਵਿਆਹ ਨਿਰਵਿਘਨ ਸੰਪੂਰਨ ਹੋ ਜਾਂਦਾ ਹੈ।

ਇਹ ਰਸਮਾਂ ਗੀਤਾਂ ਜਿਥੇ ਲੋਕਧਾਰਾ ਦੀਆਂ ਅਮੀਰ ਪਰੰਪਰਾਵਾਂ ਦੀ ਪੇਸ਼ਕਾਰੀ ਕਰਦੀਆਂ ਹਨ ਉਥੇ ਉਸ ਵੇਲੇ ਦੇ ਸਮਾਜ ਸਭਿਆਚਾਰ ਦਾ ਚਿੱਤਰ ਵੀ ਪੇਸ਼ ਕਰਦੀਆਂ ਹਨ।

# ਬਾਗਮਤੀ ਨਦੀ ’ਚ 30 ਬੱਚਿਆਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਪਲਟ







ਮੁਜ਼ੱਫਰਪੁਰ : ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ’ਚ ਵੀਰਵਾਰ ਨੂੰ ਬਾਗਮਤੀ ਨਦੀ ’ਚ 30 ਬੱਚਿਆਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਦੇ ਪਲਟ ਜਾਣ ਤੋਂ ਬਾਅਦ ਸਥਾਨਕ ਲੋਕ ਇਕੱਠੇ ਹੋ ਗਏ। ਐਨਡੀਆਰਐਫ ਦੀ ਟੀਮ ਨੇ ਮੁਜ਼ੱਫਰਪੁਰ ਵਿੱਚ ਇੱਕ ਕਿਸ਼ਤੀ ਪਲਟਣ ਵਾਲੀ ਥਾਂ ’ਤੇ ਖੋਜ ਅਤੇ ਬਚਾਅ ਕਾਰਜ ਚਲਾਇਆ। 10 ਲੋਕ ਲਾਪਤਾ ਹਨ, 15-20 ਲੋਕਾਂ ਨੂੰ ਬਚਾਇਆ ਗਿਆ ਹੈ।

ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨ.ਡੀ.ਆਰ.ਐੱਫ.) ਨੇ ਸ਼ੁੱਕਰਵਾਰ ਨੂੰ ਬਿਹਾਰ ਦੇ ਮੁਜ਼ੱਫਰਪੁਰ ਜ਼ਿਲੇ ਦੇ ਮਧੁਰਪੱਟੀ ਘਾਟ ਦੇ ਨੇੜੇ ਬਾਗਮਤੀ ਨਦੀ ਤੋਂ ਤਿੰਨ ਲਾਸ਼ਾਂ ਨੂੰ ਬਾਹਰ ਕੱਢਿਆ, ਮਾਮਲੇ ਤੋਂ ਜਾਣੂ ਅਧਿਕਾਰੀਆਂ ਨੇ ਦੱਸਿਆ।

ਅਧਿਕਾਰੀਆਂ ਨੇ ਦੱਸਿਆ ਕਿ 30 ਵਿੱਚੋਂ, 18 ਲੋਕਾਂ ਨੂੰ ਵੀਰਵਾਰ ਤੱਕ ਐੱਨਡੀਆਰਐੱਫ ਅਤੇ ਸਟੇਟ ਡਿਜ਼ਾਸਟਰ ਰਿਸਪਾਂਸ ਟੀਮ (ਐੱਸਡੀਆਰਐੱਫ) ਨੇ ਬਚਾ ਲਿਆ ਸੀ, ਜਦੋਂ ਕਿ ਬਚਾਅ ਕਰਤਾ ਅਜੇ ਵੀ ਤਿੰਨ ਲਾਸ਼ਾਂ ਦੀ ਬਰਾਮਦਗੀ ਤੋਂ ਬਾਅਦ ਨੌਂ ਹੋਰ ਲੋਕਾਂ ਦੀ ਭਾਲ ਕਰ ਰਹੇ ਹਨ।

ਐਨਡੀਆਰਐਫ ਅਧਿਕਾਰੀਆਂ ਮੁਤਾਬਕ ਤਿੰਨਾਂ ਲਾਸ਼ਾਂ ਨੂੰ ਇੱਕ ਦੂਜੇ ਤੋਂ 1-5 ਕਿਲੋਮੀਟਰ ਦੀ ਦੂਰੀ ਤੋਂ ਬਾਹਰ ਕੱਢਿਆ ਗਿਆ। ਮ੍ਰਿਤਕਾਂ ਦੀ ਪਛਾਣ ਅਜ਼ਮਤ (4), ਪਿੰਟੂ ਰਾਣਾ (22) ਅਤੇ ਮੁਹੰਮਦ ਸ਼ਮਸ਼ੁਲ (40) ਵਜੋਂ ਹੋਈ ਹੈ।

“ਬਾਕੀ ਲਾਪਤਾ ਵਿਅਕਤੀਆਂ ਦਾ ਪਤਾ ਲਗਾਉਣ ਲਈ ਭਾਲ ਜਾਰੀ ਹੈ। ਮੁਜ਼ੱਫਰਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਪ੍ਰਣਵ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਘਾਟ ਦੇ ਨੇੜੇ ਦੇ ਇਲਾਕਿਆਂ ਵਿੱਚ ਘਰ-ਘਰ ਜਾ ਕੇ ਜਾਂਚ ਕਰ ਰਹੇ ਹਨ ਕਿ ਕੀ ਕੋਈ ਬੱਚਾ ਲਾਪਤਾ ਹੈ।

ਉਨ੍ਹਾਂ ਕਿਹਾ ਕਿ ਡਾਕਟਰਾਂ ਦੀ ਇੱਕ ਟੀਮ ਵੀ ਘਾਟ ਦੇ ਨੇੜੇ ਹੀ ਡੇਰਾ ਲਾ ਰਹੀ ਹੈ ਅਤੇ ਉੱਥੇ ਪੋਸਟਮਾਰਟਮ ਕਰਵਾਉਣ ਦੀ ਸਹੂਲਤ ਵੀ ਸਥਾਪਿਤ ਕੀਤੀ ਗਈ ਹੈ।

ਡੀਐਮ ਨੇ ਗਾਈਘਾਟ ਬਲਾਕ ਦੇ ਹਰੇਕ ਪੀੜਤ ਦੇ ਰਿਸ਼ਤੇਦਾਰਾਂ ਨੂੰ ਹੋਰ ਵਿੱਤੀ ਸਕੀਮਾਂ ਦੇ ਤਹਿਤ 4 ਲੱਖ ਰੁਪਏ ਅਤੇ 20,000 ਰੁਪਏ ਦੀ ਐਕਸ-ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ।

# ‘ਰਨ ਫਾਰ ਵਿਜ਼ਨ’ ਅੱਖਾਂ ਦਾਨ ਜਾਗਰੂਕਤਾ ਮੁਹਿੰਮ







ਰਾਂਚੀ: 38 ਰਾਸ਼ਟਰੀ ਅੱਖਾਂ ਦਾਨ ਪੰਦਰਵਾੜੇ ਦੇ ਮੌਕੇ ’ਤੇ ਅੱਜ ਰਾਂਚੀ ਦੇ ਖੇਲਗਾਓਂ ਸਥਿਤ ਬਿਰਸਾ ਮੁੰਡਾ ਐਥਲੈਟਿਕਸ ਸਟੇਡੀਅਮ ’ਚ ਅੱਖਾਂ ’ਤੇ ਪੱਟੀ ਬੰਨ੍ਹੀ ਦੌੜ ਦਾ ਆਯੋਜਨ ਕੀਤਾ ਗਿਆ।

ਝਾਰਖੰਡ ਦੇ ਰਾਜਪਾਲ ਸੀ.ਪੀ.ਰਾਧਾਕ੍ਰਿਸ਼ਨਨ, ਬੰਨਾ ਗੁਪਤਾ, ਰਾਜ ਦੇ ਸਿਹਤ ਮੰਤਰੀ ਅਤੇ ਸੰਜੇ ਸੇਠ, ਐਮ.ਪੀ. ਰਾਂਚੀ, ਅੱਖਾਂ ’ਤੇ ਪੱਟੀ ਬੰਨ੍ਹ ਕੇ ਦਰਸ਼ਨ ਲਈ ਦੌੜ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਾਂਚੀ ਸਥਿਤ ਉਰਸੁਲਿਨ ਕਾਨਵੈਂਟ ਸਕੂਲ ਅਤੇ ਸਪੋਰਟਸ ਅਕੈਡਮੀ ਦੇ ਸੈਂਕੜੇ ਖੇਡ ਪ੍ਰੇਮੀਆਂ ਦੇ ਨਾਲ-ਨਾਲ ਉੱਘੇ ਲੋਕਾਂ ਨੇ ਹਿੱਸਾ ਲਿਆ।

ਅੱਜ ਦੀ ਰਨ ਫਾਰ ਵਿਜ਼ਨ ਦੀ ਖਾਸ ਗੱਲ ਇਹ ਸੀ ਕਿ ਸੈਂਕੜੇ ਨੌਜਵਾਨਾਂ ਅਤੇ ਹਰ ਖੇਤਰ ਦੇ ਉੱਘੇ ਵਿਅਕਤੀਆਂ ਨੇ ਅੱਖਾਂ ’ਤੇ ਪੱਟੀ ਬੰਨ੍ਹ ਕੇ ਹਿੱਸਾ ਲਿਆ ਅਤੇ ਇਹ ਸੰਦੇਸ਼ ਦਿੱਤਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਅੰਨ੍ਹੇਪਣ ਦੀ ਰੋਕਥਾਮ ਦੇ ਸਰਾਪ ’ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇਤੂਆਂ ਨੂੰ ਰਾਜ ਦੇ ਸਿਹਤ ਮੰਤਰੀ ਬੰਨਾ ਗੁਪਤਾ ਅਤੇ ਰਾਂਚੀ ਦੇ ਸੰਸਦ ਮੈਂਬਰ ਸੰਜੇ ਸੇਠ ਨੇ ਸਨਮਾਨਿਤ ਕੀਤਾ।

“ਪਿਛਲੇ 21 ਸਾਲਾਂ ਤੋਂ, ਕਸ਼ਯਪ ਮੈਮੋਰੀਅਲ ਆਈ ਬੈਂਕ, ਰਾਂਚੀ ਅੱਖਾਂ ਦਾਨ ਦੀ ਮਹੱਤਤਾ ਦੇ ਸੰਦੇਸ਼ ਨੂੰ ਉਤਸ਼ਾਹਿਤ ਕਰਨ ਅਤੇ ਫੈਲਾਉਣ ਲਈ 2018 ਤੋਂ ਸਲਾਨਾ ਰਨ ਫਾਰ ਵਿਜ਼ਨ ਅਤੇ ਬਲਾਇੰਡਫੋਲਡ ਮੈਰਾਥਨ ਦਾ ਆਯੋਜਨ ਕਰ ਰਿਹਾ ਹੈ।

ਤਤਕਾਲੀ ਰਾਜਪਾਲ, ਝਾਰਖੰਡ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਆਪਣੇ ਕਾਰਜਕਾਲ ਦੌਰਾਨ ਲਗਾਤਾਰ 5 ਸਾਲ ਸਾਡੇ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਸੀ ਅਤੇ ਅੱਖਾਂ ਦੀ ਮੁਹਿੰਮ ਨੂੰ ਹੁਲਾਰਾ ਦੇਣ ਲਈ ਕਸ਼ਯਪ ਮੈਮੋਰੀਅਲ ਆਈ ਬੈਂਕ, ਰਾਂਚੀ ਨਾਲ ਆਪਣੀਆਂ ਅੱਖਾਂ ਦੇਣ ਦਾ ਵਾਅਦਾ ਵੀ ਕੀਤਾ ਸੀ।

“ਅਸੀਂ ਹੁਣ ਤੱਕ 806 ਕੋਰਨੀਆ ਟ ?ਰਾਂਸਪਲਾਂਟ ਕਰ ਚੁੱਕੇ ਹਾਂ ਅਤੇ 2018 ਦੀ ਸ਼ੁਰੂਆਤ ਵਿੱਚ, ਆਈ ਬੈਂਕ ਨੇ 2022-23 ਵਿੱਚ ਝਾਰਖੰਡ ਲਈ 150 ਦੇ ਟੀਚੇ ਦੇ ਮੁਕਾਬਲੇ 159 ਕੋਰਨੀਆ ਟ ?ਰਾਂਸਪਲਾਂਟ ਕੀਤੇ ਹਨ। ਸਾਡੇ ਕੋਲ ਕੋਰਨੀਆ ਟ ?ਰਾਂਸਪਲਾਂਟ ਦੀ ਉਡੀਕ ਕਰ ਰਹੇ ਮਰੀਜ਼ਾਂ ਦੀ ਇੱਕ ਲੰਮੀ ਸੂਚੀ ਹੈ, ਹਾਲਾਂਕਿ ਸਥਾਨਕ ਤੌਰ ’ਤੇ ਮਰਨ ਉਪਰੰਤ ਅੱਖਾਂ ਦਾਨ ਕਰਨ ਦੀ ਗਿਣਤੀ ਬਹੁਤ ਘੱਟ ਹੈ।

ਝਾਰਖੰਡ ਦੇ ਰਾਜਪਾਲ, ਸੀ.ਪੀ.ਰਾਧਾਕ੍ਰਿਸ਼ਨਨ ਨੇ ਕਿਹਾ ਆਪਣੇ ਜੀਵਨ ਕਾਲ ਦੌਰਾਨ, ਸਾਨੂੰ ਦੂਜਿਆਂ ਦੀ ਮਦਦ ਕਰਨ ਦੀ ਲੋੜ ਹੈ। ਹਾਲਾਂਕਿ ਇਹ ਇੱਕ ਬ੍ਰਹਮ ਕਾਰਜ ਹੋਵੇਗਾ, ਜੇਕਰ ਅਸੀਂ ਕੋਰਨੀਅਲ ਅੰਨ੍ਹੇਪਣ ਤੋਂ ਪੀੜਤ ਲੋਕਾਂ ਨੂੰ ਦ੍ਰਿਸ਼ਟੀ ਦਾ ਤੋਹਫ਼ਾ ਦੇਣ ਦੀ ਕੋਸ਼ਿਸ਼ ਕਰ ਸਕੀਏ। ਉਨ੍ਹਾਂ ਨੇ ਕਸ਼ਯਪ ਮੈਮੋਰੀਅਲ ਆਈ ਬੈਂਕ ਅਤੇ ਅੱਖਾਂ ਦਾਨ ਜਾਗਰੂਕਤਾ ਕਲੱਬ ਵੱਲੋਂ ਲੋਕਾਂ ਵਿੱਚ ਅੱਖਾਂ ਦਾਨ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।


## NAME CHANGE

ਮੈਂ ਸਾਹਿਬਜੀਤ ਸਿੰਘ ਪੁੱਤਰ ਹਰਦੀਦਾਰ ਸਿੰਘ ਉਮਰ (61) ਸਾਲ ਪਿੰਡ ਤੇ ਡਾਕਖਾਨਾ ਬੱਚੀਵਿੰਡ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਪੰਜਾਬ PIN : 143109 ਮੈਂ ਆਪਣਾ ਨਾਮ ਸਾਹਿਬਜੀਤ ਸਿੰਘ ਤੋਂ ਬਦਲ ਕੇ ਸਾਹਿਬਜ਼ੀਤ ਸਿੰਘ ਖਹਿਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨਾ।

I, Sahibjit Singh s/o Hardidar Singh age 61 years, residing at VPO Bachiwind Teh. Ajhala District Amritsar Punjab Pin : 143109 has changed my name from Sahibjit Singh to Sahibjit Singh Khahera for indefinite use.

## NAME CHANGE

I, Gurpreet Singh Dhami s/o S. Gurnam Singh Dhami resident of Village 4 R B, Post Office Jalloki, Tehsil Padampur, District Sri Ganganagar Rajasthan India, presently residing at 3901 E Huntington Blvd Fresno, CA USA has changed my name from Gurpreet Singh Dhami to Gurpreet Singh. All concerned please note.

# ਸਿਰਾਜ ਦੀ ਬਦੌਲਤ ਭਾਰਤ ਏਸ਼ੀਆ ਕੱਪ ਚੈਂਪੀਅਨ

## ਭਾਰਤ ਨੇ ਫਾਈਨਲ ਮੈਚ ਵਿੱਚ ਸ੍ਰੀਲੰਕਾ ਨੂੰ ਦਸ ਵਿਕਟਾਂ ਨਾਲ ਹਰਾਇਆ








ਕੋਲੰਬੋ : ਮੁਹੰਮਦ ਸਿਰਾਜ ਦੇ ਸੀਮ ਤੇ ਸਵਿੰਗ ਦੇ ਮਿਸ਼ਰਣ ਵਾਲੀ ਜਾਦੂਈ ਗੇਦਬਾਜ਼ੀ ਦੀ ਬਦੌਲਤ ਭਾਰਤ ਨੇ ਇਥੇ ਸ੍ਰੀਲੰਕਾ ਨੂੰ 10 ਵਿਕਟਾਂ ਨਾਲ ਸ਼ਿਕਸਤ ਦਿੰਦਿਆਂ ਏਸ਼ੀਆ ਕੱਪ ਜਿੱਤ ਲਿਆ। ਭਾਰਤ ਨੇ ਪੰਜ ਸਾਲਾਂ ਦੇ ਵਕਫ਼ੇ ਮਗਰੋਂ ਖਿਤਾਬ ਆਪਣੇ ਨਾਮ ਕੀਤਾ ਹੈ। ਉਂਜ ਭਾਰਤ ਦਾ ਇਹ ਸੱਤਵਾਂ ਏਸ਼ੀਆ ਕੱਪ ਖਿਤਾਬ ਤੇ ਇਕ ਰੋਜ਼ਾ ਮੈਚ ਵਿੱਚ ਬਾਕੀ ਰਹਿੰਦੀਆਂ ਗੇਂਦਾਂ (263 ਗੇਂਦਾਂ) ਦੇ ਅਧਾਰ ’ਤੇ ਸਭ ਤੋਂ ਵੱਡੀ ਜਿੱਤ ਹੈ। ਸਿਰਾਜ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਸਾਬਕਾ ਚੈਂਪੀਅਨ ਸ੍ਰੀਲੰਕਾ ਦੀ ਪਾਰੀ 15.2 ਓਵਰਾਂ ਵਿੱਚ 50 ਦੌੜਾਂ ’ਤੇ ਸਿਮਟ ਗਈ। ਭਾਰਤ ਲਈ ਸ਼ੁਭਮਨ ਗਿੱਲ (27) ਤੇ ਇਸ਼ਾਨ ਕਿਸ਼ਨ (23) ਦੀ ਸਲਾਮੀ ਜੋੜੀ ਨੇ ਮਹਿਜ਼ 6.1 ਓਵਰਾਂ ਵਿਚ ਜੇਤੂ ਟੀਚੇ ਨੂੰ ਹਾਸਲ ਕਰ ਲਿਆ। ਏਸ਼ੀਆ ਕੱਪ 2018 ਮਗਰੋਂ ਭਾਰਤ ਦਾ ਬਹੁ-ਮੁਲਕੀ ਟੂਰਨਾਮੈਂਟਾਂ ਵਿੱਚ ਇਹ ਪਲੇਠਾ ਖਿਤਾਬ ਹੈ। ਅੱਜ ਦੀ ਇਸ ਜਿੱਤ ਨਾਲ ਭਾਰਤ ਸਾਲ 2000 ਵਿੱਚ ਸ਼ਾਰਜਾਹ ਵਿੱਚ ਚੈਂਪੀਅਨਜ਼ ਟਰਾਫ਼ੀ ਦੌਰਾਨ ਸ੍ਰੀਲੰਕਾ ਹੱਥੋਂ ਮਿਲੀ ਨਮੋਸ਼ੀਜਨਕ ਹਾਰ ਦੇ ਸਦਮੇ ’ਚੋਂ ਵੀ ਉਭਰ ਆਇਆ ਹੈ। ਭਾਰਤੀ ਟੀਮ ਉਦੋਂ 54 ਦੌੜਾਂ ਦੇ ਸਕੋਰ ’ਤੇ ਆਲ ਆਊਟ ਹੋ ਗਈ ਸੀ। ਪ੍ਰੇਮਦਾਸਾ ਸਟੇਡੀਅਮ ਵਿਚ ਖੇਡੇ ਅੱਜ ਦੇ ਮੁਕਾਬਲੇ ਨੂੰ ਸਿਰਾਜ ਦੀ ਗੇਂਦਬਾਜ਼ੀ ਲਈ ਯਾਦ ਕੀਤਾ ਜਾਵੇਗਾ। ਹੈਦਰਾਬਾਦ ਨਾਲ ਸਬੰਧਤ ਸਿਰਾਜ ਨੇ ਮੈਚ ਵਿੱਚ ਪਾਰੀ ਦੀ ਬ੍ਰੇਕ ਦੌਰਾਨ ਕਿਹਾ, “ਜਿੰਨਾ ਨਸੀਬ ਵਿੱਚ ਹੁੰਦਾ ਹੈ, ਉਹੀ ਮਿਲਦਾ ਹੈਅੱਜ ਮੇਰਾ ਨਸੀਬ ਸੀ।” ਇਸ ਤੋਂ ਪਹਿਲਾਂ ਸ੍ਰੀ ਲੰਕਾ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਦਾ ਫੈਸਲਾ ਕੀਤਾ। ਮੈਚ ਚਾਲੀ ਮਿੰਟਾਂ ਦੀ ਦੇਰੀ ਨਾਲ ਸ਼ੁਰੂ ਹੋਇਆ। ਸ੍ਰੀਲੰਕਾ ਦੀ 50 ਦੌੜਾਂ ਦੀ ਪਾਰੀ 15.2 ਓਵਰਾਂ ਤੱਕ ਚੱਲੀ। ਸ੍ਰੀਲੰਕਾ ਦਾ ਭਾਰਤ ਖਿਲਾਫ਼ ਇਹ ਸਭ ਤੋਂ ਘੱਟ ਸਕੋਰ ਹੈ। ਸਿਰਾਜ ਇਕ ਰੋਜ਼ਾ ਕ੍ਰਿਕਟ ਦੇ ਇਤਿਹਾਸ ਵਿਚ ਚੌਥਾ ਗੇਂਦਬਾਜ਼ ਬਣ ਗਿਆ ਹੈ, ਜਿਸ ਨੇ ਇਕ ਓਵਰ ਵਿੱਚ ਚਾਰ ਵਿਕਟ ਲਏ ਹਨ। ਭਾਰਤੀ ਗੇਂਦਬਾਜ਼ ਨੇ ਸ੍ਰੀਲੰਕਾ ਦੇ ਤੇਜ਼ ਗੇਂਦਬਾਜ਼ ਚਾਮਿੰਡਾ ਵਾਸ ਦੀ ਵੀ ਬਰਾਬਰੀ ਕੀਤੀ ਹੈ। ਇਨ੍ਹਾਂ ਦੋਵਾਂ ਦੇ ਨਾਂ ਹੁਣ 16 ਗੇਂਦਾਂ ਵਿੱਚ ਪੰਜ ਵਿਕਟਾਂ ਲੈਣ ਦਾ ਰਿਕਾਰਡ ਹੈ। ਸਿਰਾਜ ਨੇ ਪਾਕਿਸਤਾਨੀ ਤੇਜ਼ ਗੇਂਦਬਾਜ਼ ਵਕਾਰ ਯੂਨਸ ਵੱਲੋਂ 1990 ਵਿੱਚ ਸ਼ਾਰਜਾਹ ’ਚ 26 ਦੌੜਾਂ ਬਦਲੇ 6 ਵਿਕਟਾਂ ਲੈਣ ਦੇ ਰਿਕਾਰਡ ਨੂੰ ਵੀ ਤੋੜਿਆ।

### ਸਿਰਾਜ ਨੇ ਇਨਾਮੀ ਰਾਸ਼ੀ ਗਰਾਊਂਡ ਸਟਾਫ਼ ਨੂੰ ਦਾਨ ਕੀਤੀ

ਕੋਲੰਬੋ: ਭਾਰਤੀ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਨੇ ਫਾਈਨਲ ਵਿੱਚ ਵਿਖਾਈ ਸ਼ਾਨਦਾਰ ਖੇਡ ਲਈ ਮਿਲੀ 5000 ਅਮਰੀਕੀ ਡਾਲਰ ਦੀ ‘ਪਲੇਅਰ ਆਫ਼ ਦਿ ਮੈਚ’ ਨਗ਼ਦ ਰਾਸ਼ੀ ਸ੍ਰੀਲੰਕਾ ਦੇ ਗਰਾਊਂਡ ਸਟਾਫ਼ ਨੂੰ ਦਾਨ ਕਰ ਦਿੱਤੀ। ਸਿਰਾਜ ਨੇ ਕਿਹਾ ਕਿ ਏਸ਼ੀਆ ਕੱਪ ਦੇ ਮੈਚਾਂ ਦੌਰਾਨ ਮੀਂਹ ਕਈ ਵਾਰ ਅੜਿੱਕਾ ਬਣ ਕੇ ਆਇਆ ਤੇ ਗਰਾਊਂਡ ਸਟਾਫ਼ ਨੇ ਇਸ ਦੌਰਾਨ ਅਣਥੱਕ ਮਿਹਨਤ ਕੀਤੀ, ਜਿਸ ਲਈ ਉਹ ਇਸ ਰਾਸ਼ੀ ਦੇ ਅਸਲ ਹੱਕਦਾਰ ਹਨ। ਸਿਰਾਜ ਨੇ ਕਿਹਾ ਕਿ ਗਰਾਊਂਡ ਸਟਾਫ਼ ਦੀ ਮਿਹਨਤ ਬਿਨਾਂ ਇਹ ਟੂਰਨਾਮੈਂਟ ਸੰਭਵ ਨਹੀਂ ਸੀ।

# ਅਖਬਾਰਾਂ ਦਾ ਸਿਹਤਮੰਦ ਜੀਵਨ ਸਮਾਜ ਦੇ ਰੋਗਾਂ ਨੂੰ ਦੂਰ ਕਰਦਾ ਹੈ !



ਅੰਗਰੇਜ਼ਾਂ ਤੋਂ ਭਾਰਤ ਅਤੇ ਪਾਕਿਸਤਾਨ ਦੀ ਅਜ਼ਾਦੀ ਵਿੱਚ ਉਰਦੂ ਪੱਤਰਕਾਰੀ ਵੱਲੋਂ ਨਿਭਾਈ ਗਈ ਭੂਮਿਕਾ ਦੀ ਕੋਈ ਮਿਸਾਲ ਨਹੀਂ ਮਿਲਦੀ।ਗੁਲਾਮੀ ਦੇ ਹਨੇਰੇ ਵਿੱਚ ਕਲਮ ਦੇ ਦੀਵਿਆਂ ਨੇ ਲਿਖਤਾਂ ਦੀ ਰੌਸ਼ਨੀ ਨਾਲ ਲੋਕਾਂ ਦੇ ਮਨਾਂ ਵਿੱਚ ਆਜ਼ਾਦੀ ਅਤੇ ਅਧਿਕਾਰਾਂ ਦਾ ਰਾਹ ਪੱਧਰਾ ਕੀਤਾ। ਪੱਤਰਕਾਰੀ ਦੇ ਖੇਤਰ ਵਿੱਚ ਲੇਖਕਾਂ, ਕਵੀਆਂ ਅਤੇ ਲੇਖਕਾਂ ਨੇ ਪ੍ਰਵੇਸ਼ ਕੀਤਾ। ਇਸ ਲਈ ਉਹ ਲੋਕਾਂ ਨੂੰ ਮਿਲੇ ਬਿਨਾਂ ਮਨੁੱਖਤਾ ਦੀ ਆਵਾਜ਼ ਬਣ ਗਏ ਅਤੇ ਕਲਮ ਦੀ ਭਾਸ਼ਾ ਨਾਲ ਆਪਣੇ ਦਿਲਾਂ ਦੀ ਗੱਲ ਕੀਤੀ। ਰੱਬ ਨੇ ਆਮ ਲੋਕਾਂ ਦੀਆਂ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਪ੍ਰਗਟ ਕਰਨ ਲਈ ਅਹਿਲੁਲ ਕਲਾਮ ਕਬੀਲੇ ਦੀ ਸਿਰਜਣਾ ਕੀਤੀ ਅਤੇ ਖਾਸ ਮਨੁੱਖਤਾ।ਅੱਜਕਲ ਉਰਦੂ ਪੱਤਰਕਾਰੀ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂਕਿ ਬੇਰੋਕ ਮਹਿੰਗਾਈ ਦੇ ਯੁੱਗ ਵਿੱਚ ਕਈ ਅਖਬਾਰਾਂ ਦੇ ਮਾਲਕ ਸੰਪਾਦਕ ਅਤੇ ਸਟਾਫ ਨੂੰ ਸ਼ਰਮਨਾਕ ਤਨਖ਼ਾਹ ਦਿੰਦੇ ਹਨ, ਵੱਡੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਅਤੇ ਉਨ੍ਹਾਂ ਨੂੰ ਮਦਦ ਕਰਨ ਵਾਲੇ ਲੇਖਕਾਂ ਤੋਂ ਪੈਸੇ ਲੈਣੇ ਪੈਂਦੇ ਹਨ। ਇਸ ਨਾਲ ਸੰਪਾਦਕਾਂ ਦੀਆਂ ਲੋੜਾਂ ਘਟਣਗੀਆਂ, ਪਰ ਸੰਪਾਦਕ ਲਿਖਤ ਦੀ ਗੁਣਵੱਤਾ ਦੀ ਬਜਾਏ ਪਾਠਕਾਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਕਰਦੇ ਹਨ। ਉਹ ਜਨਤਾ ਦੀਆਂ ਇੱਛਾਵਾਂ ਨੂੰ ਕੁਚਲ ਕੇ, ਭਾਰਹੀਣ ਅਤੇ ਪ੍ਰਭਾਵਹੀਣ ਢੰਗ ਨਾਲ ਪੈਸਾ ਆਪਣੀ ਜੇਬ ਵਿਚ ਰੱਖਦੇ ਹਨ। ਬੇਲੋੜੇ ਵਿਸ਼ਿਆਂ ’ਤੇ ਲਿਖਤਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਬੋਰ ਹੋ ਜਾਂਦੇ ਹਨ ਅਤੇ ਅਕਾਦਮਿਕ ਸਾਹਿਤਕ ਬੌਧਿਕ ਵਿਕਾਸ ਦੇ ਲਾਹੇਵੰਦ ਨਤੀਜਿਆਂ ਤੋਂ ਵਾਂਝੇ ਰਹਿ ਜਾਂਦੇ ਹਨ। ਜੋ ਕਿ ਅਖ਼ਬਾਰ ਦੀ ਵਿਕਰੀ ਘਟਣ ਦਾ ਮੁੱਖ ਕਾਰਨ ਹੈ। ਜਦਕਿ ਉਰਦੂ ਦੀ ਸੇਵਾ ਕਰਨ ਵਾਲੇ ਵਿਦਿਆਰਥੀ ਲੇਖਕ ਭੇਜਦੇ ਹਨ। ਸੰਸਥਾ ਨੂੰ ਮੁਫਤ ਲੇਖ। ਜਿਵੇਂ ਕਿ ਖਬਰਾਂ ਦੀ ਗੱਲ ਹੈ, ਅੱਜ ਹਰ ਕਰਮਚਾਰੀ ਕੋਲ ਸੋਸ਼ਲ ਮੀਡੀਆ ਨਾਲ ਜੁੜਿਆ ਇੱਕ ਮੋਬਾਈਲ ਫੋਨ ਹੈ, ਜੋ ਕਿ ਕੱਲ੍ਹ ਦਾ ਅਖਬਾਰ ਹੈ। ਮੈਂ ਅੱਜ ਆਉਣ ਵਾਲੀਆਂ ਖਬਰਾਂ ਪ੍ਰਦਾਨ ਕਰਦਾ ਹਾਂ। ਜੇਕਰ ਅਧਿਕਾਰਤ ਇਸ਼ਤਿਹਾਰ ਸੰਸਥਾ ਦੀ ਵੈੱਬਸਾਈਟ ’ਤੇ ਦਿੱਤੇ ਜਾਣ ਦੀ ਬਜਾਏ ਅਖਬਾਰਾਂ, ਫਿਰ ਅਖਬਾਰਾਂ ਦੀਆਂ ਮੁਸ਼ਕਲਾਂ ਵਧਣਗੀਆਂ। ਕਿੰਨੇ ਵੱਡੇ ਅਖਬਾਰਾਂ ਨੇ ਮੈਗਜ਼ੀਨ ਦੇ ਗੁਣਾਂ ਨੂੰ ਘਟਾ ਦਿੱਤਾ ਹੈ ਤੇ ਕਿਤੇ ਨਾ ਕਿਤੇ ਉਹ ਮੈਗਜ਼ੀਨ ਖਤਮ ਕਰ ਦੇਣਗੇ, ਜੋ ਉਰਦੂ ਦੇ ਪ੍ਰਚਾਰ ਲਈ ਹਾਨੀਕਾਰਕ ਸਾਬਤ ਹੋ ਰਿਹਾ ਹੈ। ਕਈ ਅਖਬਾਰਾਂ ਨੇ ਆਪਣੀ ਰੁਚੀ ਇਸ ਤੋਂ ਮੋੜ ਲਈ ਹੈ। ਪ੍ਰਿੰਟ ਮੀਡੀਆ ਤੋਂ ਇਲੈਕਟ੍ਰਾਨਿਕ ਮੀਡੀਆ। ਜਦੋਂ ਤੁਸੀਂ ਮੁੱਖ ਸੰਪਾਦਕ ਨੂੰ ਪੁੱਛਦੇ ਹੋ ਕਿ ਉਸ ਦੀ ਆਮਦਨ ਦਾ ਕੀ ਮਾਪਦੰਡ ਹੈ, ਤਾਂ ਉਹ ਬਹੁਤ ਨਿਰਾਸ਼ ਹੋ ਜਾਂਦਾ ਹੈ, ਪਰ ਉਹ ਅਖ਼ਬਾਰਾਂ ਅਤੇ ਰਸਾਲਿਆਂ ਦੀ ਸੁੰਦਰਤਾ ਅਤੇ ਮੰਗ ਨੂੰ ਵਧਾਉਣ ਲਈ ਇੱਕ ਸਫਲ ਰਣਨੀਤੀ ਵੀ ਬਣਾ ਸਕਦਾ ਹੈ, ਉਹ ਜਨਤਕ ਸਮਰਥਨ ਪ੍ਰਾਪਤ ਕਰਨ ਲਈ ਗੰਭੀਰ ਕਿਉਂ ਹੈ ? ਅਖਬਾਰਾਂ ਨੂੰ ਵਪਾਰਕ ਅਦਾਰੇ ਵਜੋਂ ਸਥਾਪਿਤ ਕੀਤਾ ਜਿਸ ਦੇ ਪਿੱਛੇ ਸਿਆਸੀ ਪਾਰਟੀ ਦਾ ਸਹਾਰਾ ਸੀ। ਜਿਵੇਂ ਹੀ ਗਿਰਾਵਟ ਰਾਜਨੀਤੀ ਵਿੱਚ ਆਈ ਤਾਂ ਗਿਰਾਵਟ ਅਖਬਾਰ ਵਿੱਚ ਵੀ ਆ ਗਈ। ਇਹੀ ਪਲੇਟਫਾਰਮ ਦਾ ਧਰਮ ਹੈ। ਕਿਧਰੇ ਪਰਦੇ ਪਿੱਛੇ। ਸਿਆਸੀ ਪਾਰਟੀਆਂ ਜਾਂ ਦੇਸੀ-ਵਿਦੇਸ਼ੀ ਸੰਗਠਨਾਂ ਦਾ ਅਜਿਹਾ ਪ੍ਰਤੱਖ ਅਤੇ ਲੁਕਵਾਂ ਏਜੰਡਾ ਹੈ, ਜਿਸ ਦਾ ਮਕਸਦ ਸਥਿਤੀ ਦੀ ਸੱਚਾਈ ਅਤੇ ਤੱਥਾਂ ਨੂੰ ਬਿਆਨ ਕਰਨਾ ਨਹੀਂ ਹੈ, ਸਗੋਂ ਅਜਿਹੇ ਹਥਿਆਰ ਨੂੰ ਆਪਣੇ ਹੱਥਾਂ



ਜ਼ਫਰ ਇਕਬਾਲ ਜ਼ਫਰ
+923004837173

’ਚ ਰੱਖਣਾ ਹੈ, ਜਿਵੇਂ ਕਿ ਇਸ ਨੂੰ ਆਪਣੇ ਮਕਸਦਾਂ ਲਈ ਵਰਤਣਾ ਹੈ, ਜਿਸ ਕਾਰਨ। ਸਥਿਤੀਆਂ ਅਤੇ ਖ਼ਬਰਾਂ ਦਾ ਵਿਰੋਧਾਭਾਸ ਖੁੱਲ੍ਹ ਕੇ ਸਾਹਮਣੇ ਆ ਰਿਹਾ ਹੈ ਅਤੇ ਲੋਕ ਪੱਤਰਕਾਰੀ ਨੂੰ ਝੂਠ ਦਾ ਇੱਕ ਹੋਰ ਰੂਪ ਮੰਨਦੇ ਹਨ, ਇਸ ਦੇ ਪਿੱਛੇ ਇਸ਼ਤਿਹਾਰ ਹਾਸਲ ਕਰਨ ਦੀਆਂ ਮਜਬੂਰੀਆਂ ਹਨ, ਜੋ ਪੱਤਰਕਾਰ ਜਾਂ ਅਖ਼ਬਾਰ ਦੀ ਨਹੀਂ ਸਗੋਂ ਸਰਕਾਰ ਦੀ ਭਾਸ਼ਾ ਹੈ। ਦੱਸਿਆ ਜਾਵੇ ਜਾਂ ਛੁਪਾਇਆ ਜਾਵੇ, ਜਿਸ ਬਾਰੇ ਗੱਲ ਕੀਤੀ ਜਾਣੀ ਚਾਹੀਦੀ ਹੈ ਅਤੇ ਜਿਸ ਬਾਰੇ ਚੁੱਪ ਰਹਿਣਾ ਚਾਹੀਦਾ ਹੈ, ਅਰਥਾਤ, ਸੱਚ ਦੀ ਬਜਾਏ ਸਰਕਾਰ ਦੇ ਹੱਕ ਵਿੱਚ ਲਿਖਣ ਕਾਰਨ, ਅਖਬਾਰਾਂ ਦੇ ਪਾਠਕਾਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਈ ਹੈ, ਜਿਸ ਦੀ ਦਿੱਖ ਦੀ ਘਾਟ ਹੈ। ਗਾਜ਼ੀ ਅਖਬਾਰ ਬੇਣੀ ਦੇ ਵਾਧੇ ਨੂੰ ਲੈ ਕੇ ਰਣਨੀਤੀ ਅਖਬਾਰ ਨੂੰ ਜੀਵਨ ਦੇਣ ਲਈ ਪੁਰਾਣੀਆਂ ਪਰੰਪਰਾਵਾਂ ਨੂੰ ਦਫਨ ਕਰਨ ਦੇ ਬਰਾਬਰ ਹੈ। ਸਮਾਜ ਦੇ ਬੌਧਿਕ ਸੁਧਾਰ ਅਤੇ ਵਿਕਾਸ ਵਿੱਚ ਜੋ ਭੂਮਿਕਾ ਅਸਲ ਪੱਤਰਕਾਰੀ ਨਿਭਾ ਸਕਦੀ ਹੈ, ਉਹ ਕਿਸੇ ਹੋਰ ਖੇਤਰ ਵਿੱਚ ਸੰਭਵ ਨਹੀਂ ਹੈ। ,ਲੋਕ ਮਨ ਕੈਦੀ ਬਣ ਜਾਂਦਾ ਹੈ। ਜਾਣਨਾ ਹੋਵੇ ਤਾਂ ਉਸ ਸਮੇਂ ਦਾ ਸਾਹਿਤ ਪੜ੍ਹੋ। ਰਾਜਨੀਤੀ ਵਿੱਚ ਉਲਝੇ ਹੋਏ ਮਨ ਸਾਹਿਤ ਵੱਲ ਆ ਸਕਦੇ ਹਨ ਪਰ ਸਾਹਿਤ ਨੂੰ ਪ੍ਰਫੁੱਲਤ ਕਰਨ ਵਾਲੇ ਮਨਸੂਬੇ ਸਮਝਦੇ ਹਨ ਕਿ ਰਾਜਨੀਤੀ ਵੱਲ ਜਾਣਾ ਕਲਮ ਦੀ ਮਰਿਆਦਾ ਦੇ ਵਿਰੁੱਧ ਹੈ, ਭਾਵੇਂ ਉਹ ਰਾਜਨੀਤੀ ਬਾਰੇ ਲਿਖ ਵੀ ਲੈਣ, ਉਹਨਾਂ ਦਾ ਸੱਚ ਹਜ਼ਮ ਨਹੀਂ ਹੁੰਦਾ। ਇਹ ਇੱਕ ਚਾਲ ਹੈ। ਪੱਤਰਕਾਰਤਾ ਵਿੱਚ ਸ਼ਕਤੀਹੀਣ ਹੁੰਦੀ ਜਾ ਰਹੀ ਹੈ। ਸਿਆਸਤ ਦੇ ਮੂਹਰੇ ਸਰਕਾਰੀ ਖਰੀਦ ਬਿੱਲਾਂ ’ਤੇ ਚੱਲਣ ਵਾਲੀਆਂ ਅਖਬਾਰਾਂ ਹੀ ਸੱਚ ਦਾ ਚੋਲਾ ਪਾ ਕੇ ਲੋਕਾਂ ਦੀ ਵਿਆਖਿਆ ਕਰ ਸਕਦੀਆਂ ਹਨ। ਬਹੁਤ ਸਾਰੇ ਮਾਲਕ ਮਾਲੀ ਘਾਟੇ ਕਾਰਨ ਅਧਿਕਾਰੀਆਂ ਦੀਆਂ ਤਨਖਾਹਾਂ ਅਤੇ ਲੋੜੀਂਦੇ ਖਰਚੇ ਕਰਨ ਲਈ ਮਜਬੂਰ ਹਨ। ਪ੍ਰਾਪਤੀਆਂ ਦੀ ਪ੍ਰਾਪਤੀ ਲਈ ਹਰ ਸ਼ੈਲੀ ਵਿੱਚ ਪ੍ਰਕਾਸ਼ਨਾ ਕੀਤੀ ਜਾਂਦੀ ਹੈ, ਕਾਰਨ। ਜਿਸ ਨੂੰ ਲੈ ਕੇ ਪੱਤਰਕਾਰੀ ਹੁਣ ਕਈ ਥਾਈਂ ਪੱਤਰਕਾਰੀ ਨਹੀਂ ਰਹੀ, ਸਗੋਂ ਕਵਿਤਾ ਦੀ ਪੁਸਤਕ ਬਣ ਗਈ ਹੈ। ਇਹ ਉਹ ਚੀਜ਼ ਹੈ ਜੋ ਪੱਤਰਕਾਰੀ ਦੀ ਸ਼ਾਨ ਨੂੰ ਢਾਹ ਲਗਾਉਂਦੀ ਹੈ, ਪਰ ਨਕਲੀ ਪੱਤਰਕਾਰ ਲਈ ਇਹ ਇੱਕ ਅਜਿਹੀ ਕਲਾ ਹੈ ਜੋ ਉਸ ਲਈ ਲਾਹੇਵੰਦ ਹੋ ਸਕਦੀ ਹੈ, ਪਰ ਇੱਕ ਦਾਗ ਜ਼ਰੂਰ ਦਿਖਾਉਂਦੀ ਹੈ। ਪੱਤਰਕਾਰੀ ਦੀ ਤਲੀ ’ਤੇ ਹੈ, ਜਿਸ ਕਾਰਨ ਆਮ ਲੋਕ ਪੱਤਰਕਾਰੀ ਨੂੰ ਉਨ੍ਹਾਂ ਨਜ਼ਰਾਂ ਤੋਂ ਨਹੀਂ ਦੇਖਦੇ ਹਨ। ਜਿਸ ਪਵਿਤਰਤਾ ਅਤੇ ਪਵਿਤਰਤਾ ਦੀ ਪੱਤਰਕਾਰੀ ਹੱਕਦਾਰ ਹੈ। ਕਈ ਵਾਰ ਅਜਿਹਾ ਹੁੰਦਾ ਹੈ ਕਿ ਕਿਸੇ ਛੋਟੇ ਵਿਅਕਤੀ ਨੂੰ ਵੱਡੇ ਅਹੁਦੇ ’ਤੇ ਬਿਠਾਉਣ ਕਾਰਨ ਪੱਤਰਕਾਰ ਮਜਬੂਰ ਹੋ ਜਾਂਦੇ ਹਨ। ਤਾਰੀਫ ਲਿਖਣਾ ਸਿੱਖਣ ਲਈ, ਇਸ ਲਈ ਲਿਖਣ ਦਾ ਮਾਸਟਰ ਕਹਿੰਦਾ ਹੈ ਕਿ ਲਿਖਣ ਵਿੱਚ ਅੱਖ ਝਪਕਣਾ ਸਿੱਖੋ, ਹੁਣ ਇਹ ਅੱਖ ਝਪਕਣਾ ਕੀ ਹੁੰਦਾ ਹੈ, ਇਹ ਸਮਝਣ ਲਈ, ਮੈਂ ਤੁਹਾਨੂੰ ਅਕਬਰ ਇਲਾਹਾਬਾਦੀ ਦੀ ਇੱਕ ਘਟਨਾ ਦੱਸਦਾ ਹਾਂ, ਜਿਸ ਵਿੱਚ ਉਸਨੇ ਕਿਸੇ ਅਜਿਹੇ ਵਿਅਕਤੀ ਬਾਰੇ ਲਿਖਿਆ ਸੀ ਜੋ ਨਾਂਹ ਕਹਿੰਦਾ ਹੈ। ਨੇ ਕਿਹਾ ਕਿ ਮੈਂ ਪਿਛਲੇ ਸਾਲ ਥੋੜਾ ਜਿਹਾ ਕਿਹਾ ਸੀ, ਯਾਨੀ ਮੈਂ ਉਸ ਨੂੰ ਥੋੜਾ ਜਿਹਾ ਗਾਲ੍ਹਾਂ ਕੱਢੀਆਂ ਸਨ। ਕਹਿੰਦੇ ਹਨ ਕਿ ਮਤਲਬ ਕਿਹੜਾ ਕਾਨੂੰਨ ਕਹਿੰਦਾ ਹੈ ਇੱਕ ਸੱਚੇ ਪੱਤਰਕਾਰ ਨੂੰ ਕਿਸੇ ਅਹੁਦੇ ’ਤੇ ਫਸਣ ਦੀ ਚਾਲ ਚੱਲਦੀ ਸੀ ਪਰ ਅੱਜ ਦੇ ਯੁੱਗ ਵਿੱਚ ਪੀਲੀ ਪੱਤਰਕਾਰੀ ਇੱਕ ਅਜਿਹੀ ਬਿਮਾਰੀ ਹੈ ਜੋ ਨਿਰਪੱਖ ਪੱਤਰਕਾਰੀ ਨਾਲ ਨਫ਼ਰਤ ਕਰਕੇ ਇੱਕ ਪਾਸੜ ਰਾਏ ਥੋਪਦੀ ਹੈ ਅਤੇ ਲੋਕ ਇਹ ਮੰਨਣ ਲੱਗ ਪੈਂਦੇ ਹਨ ਕਿ ਪੱਤਰਕਾਰ ਬਣਦੇ ਹੀ ਉਹ ਡਾ. ਸਰਕਾਰੀ ਅਦਾਰੇ ਵਿੱਚ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦਾ ਇੱਕ ਸਹਾਇਕ। ਲੋਕਾਂ ਨੂੰ ਕਿਵੇਂ ਸਮਝਾਇਆ ਜਾਵੇ ਕਿ ਇੱਕ ਅਸਲੀ ਪੱਤਰਕਾਰ ਜ਼ਮੀਰ ਅਤੇ ਦੇਸ਼ ਭਗਤੀ ਦਾ ਗੱਦਾਰ ਨਹੀਂ ਹੁੰਦਾ, ਉਹ ਅਜਿਹੇ ਕੰਮਾਂ ਲਈ ਫਕੀਰਾਂ ਨੂੰ ਤਰਜੀਹ ਦਿੰਦਾ ਹੈ, ਬਹੁਤ ਸਾਰੇ ਗੁੰਮਨਾਮ ਹੋ ਕੇ ਅਜਿਹੇ ਕਸ਼ਟ ਝੱਲ ਰਹੇ ਹਨ ਜੋ ਸੰਤਾਂ ਅਤੇ ਗਰੀਬ ਦਰਵੇਸ਼ਾਂ ਨੂੰ ਝੱਲਣੇ ਪੈ ਰਹੇ ਹਨ, ਪੱਤਰਕਾਰੀ ਹੀ ਹੈ। ਸਮਾਜ ਦਾ ਪ੍ਰਤੀਬਿੰਬ ਹੈ।ਪਰ ਬਦਕਿਸਮਤੀ ਨਾਲ ਸਾਡੇ 80% ਤੋਂ ਵੱਧ ਮੀਡੀਆ ਵਿੱਚ ਸਵਾਰਥੀ ਸਿਆਸਤ ਹੈ ਅਤੇ 10% ਕਾਲਮ ਵੀ ਰਾਜਨੀਤੀ ਬਾਰੇ ਹਨ, ਜਦੋਂ ਕਿ ਲੋਕ-ਮਨ ਦੀਆਂ ਲੋੜਾਂ ’ਤੇ ਆਧਾਰਿਤ ਸਮੱਗਰੀ ਆਟੇ ਵਿੱਚ ਲੂਣ ਵਾਂਗ ਹੈ। ਸਿੱਖਿਆ ਅਤੇ ਸਿਖਲਾਈ ਸਿਹਤ ਦੇ ਅਧਿਕਾਰਾਂ ਦੀ ਪ੍ਰਾਪਤੀ ਵਿੱਚ ਸਹਾਈ ਹੁੰਦੀ ਹੈ।ਕਾਨੂੰਨਾਂ ਪ੍ਰਤੀ ਜਾਗਰੂਕਤਾ ਵਰਗੇ ਕਈ ਲਾਭਾਂ ਬਾਰੇ ਹੋਰ ਪ੍ਰਕਾਸ਼ਨ ਦੀ ਲੋੜ ਹੈ।ਮੈਂ ਉਨ੍ਹਾਂ ਛੋਟੀਆਂ ਅਖਬਾਰਾਂ ਨੂੰ ਸਲਾਮ ਕਰਦਾ ਹਾਂ ਜੋ ਆਪਣੇ ਪੰਨੇ ਆਮ ਲੇਖਕਾਂ ਲਈ ਹਰ ਸਮੇਂ ਖੁੱਲ੍ਹੇ ਰੱਖਦੇ ਹਨ। ਜੋ ਕੁਝ ਲਾਭਦਾਇਕ ਹੈ ਉਹ ਕੀਮਤੀ ਵੀ ਹੈ ਅਤੇ ਲੋੜ ਵੀ। ਲਿਖਤਾਂ ਦੀ ਗੁਣਵੱਤਾ ਨੂੰ ਧਿਆਨ ਵਿੱਚ ਰੱਖਦਿਆਂ ਨਵੇਂ ਲੇਖਕਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਅਖਬਾਰ ਨੂੰ ਬੰਦ ਕਰਨ ਜਾਂ ਇਸ ਦੀ ਮਹੱਤਤਾ ਗੁਆਉਣ ਦੀ ਬਜਾਏ ਇਸ ਦੀ ਵਿਕਰੀ ਵਧਾਉਣ ਲਈ ਰਣਨੀਤੀ ਬਣਾਉਣੀ ਅਜੋਕੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਲੋੜ ਹੈ।

# ਫ਼ਿਲਮ 'ਸੁਖੀ' ਦੇ ਪ੍ਰਮੋਸ਼ਨ ਦੌਰਾਨ ਸ਼ਿਲਪਾ ਨੇ 'ਬੇਧੜਕ' ਕਾਲਜ ਲਾਈਫ਼ ਦੇ ਪਲਾਂ ਨੂੰ ਜੀਵਿਆ





ਅਦਾਕਾਰਾ ਸ਼ਿਲਪਾ ਸ਼ੈੱਟੀ ਨੇ ਖੁਲਾਸਾ ਕੀਤਾ ਕਿ ਉਸਨੇ ਆਪਣੀ ਆਉਣ ਵਾਲੀ ਫਿਲਮ ਸੁੱਖੀ ਨੂੰ ਸ਼ੁਰੂ ਵਿੱਚ ਠੁਕਰਾ ਦਿੱਤਾ ਸੀ ਕਿਉਂਕਿ ਉਹ ਸੁਰਖੀਆਂ ਵਿੱਚ ਆਉਣ ਲਈ ਸਹੀ ਹੈਡਸਪੇਸ ਵਿੱਚ ਨਹੀਂ ਸੀ, ਯਾਨੀ ਜਦੋਂ ਤੱਕ ਉਸਦੇ ਕਾਰੋਬਾਰੀ ਪਤੀ ਰਾਜ ਕੁੰਦਰਾ ਨੇ ਦਖਲ ਨਹੀਂ ਦਿੱਤਾ ਅਤੇ ਉਸਨੂੰ ਅਜਿਹਾ ਕਰਨ ਲਈ ਮਜ਼ਬੂਰ ਕੀਤਾ। ਡੈਬਿਊ ਕਰਨ ਵਾਲੀ ਸੋਨਲ ਜੋਸ਼ੀ ਦੁਆਰਾ ਨਿਰਦੇਸ਼ਤ ਅਤੇ ਭੂਸ਼ਣ ਕੁਮਾਰ, ਕ੍ਰਿਸ਼ਨ ਕੁਮਾਰ, ਵਿਕਰਮ ਮਲਹੋਤਰਾ ਅਤੇ ਸ਼ਿਖਾ ਸ਼ਰਮਾ ਦੁਆਰਾ ਸਮਰਥਿਤ, ਇਸ ਫਿਲਮ ਵਿੱਚ ਸ਼ਿਲਪਾ ਇੱਕ ਸਮਰਪਿਤ ਘਰੇਲੂ ਔਰਤ ਦੇ ਰੂਪ ਵਿੱਚ ਕੰਮ ਕਰਦੀ ਹੈ ਜੋ ਇੱਕ ਸਕੂਲ ਰੀਯੂਨੀਅਨ ਵਿੱਚ ਸ਼ਾਮਲ ਹੋਣ ਲਈ ਆਪਣੀ ਦੁਨਿਆਵੀ ਰੁਟੀਨ ਨੂੰ ਤੋੜਦੀ ਹੈ। ਸੁੱਖੀ ਦੇ ਟਰੇਲਰ ਲਾਂਚ ਮੌਕੇ ਸ਼ਿਲਪਾ ਸ਼ੈੱਟੀ ਨੇ ਕਿਹਾ ਕਿ ਜਦੋਂ ਵਿਕਰਮ ਅਤੇ ਸੋਨਲ ਸੁੱਖੀ ਨਾਲ ਉਸ ਦੇ ਕੋਲ ਆਏ ਤਾਂ ਉਸ ਨੇ ਇਸ ਵਿੱਚ ਅਭਿਨੈ ਕਰਨ ਤੋਂ ਇਨਕਾਰ ਕਰ ਦਿੱਤਾ।

ਕੁਝ ਅਜਿਹਾ ਹੋਇਆ ਸੀ ਜਿਸ ਕਾਰਨ ਮੈਂ ਫੈਸਲਾ ਕੀਤਾ ਸੀ ਕਿ ਮੈਂ ਫਿਲਮ ਨਹੀਂ ਕਰਾਂਗਾ। ਮੈਂ ਉਸ ਮਨ ਦੀ ਸਥਿਤੀ ਵਿੱਚ ਨਹੀਂ ਸੀ। ਇਸ ਲਈ ਮੈਂ ਉਨ੍ਹਾਂ ਨੂੰ ਕਿਹਾ ਕਿ ਸ਼ਾਇਦ ਇਸ ਸਮੇਂ ਮੈਂ ਉਸ ਦਿਮਾਗ ਵਿੱਚ ਨਹੀਂ ਹਾਂ ਇਸ ਲਈ ਉਨ੍ਹਾਂ ਨੂੰ ਕਿਸੇ ਹੋਰ ਨੂੰ ਕਾਸਟ ਕਰਨਾ ਚਾਹੀਦਾ ਹੈ। ਮੈਂ ਹੋਰ ਅਦਾਕਾਰਾਂ ਦੇ ਦੋ-ਤਿੰਨ ਨਾਵਾਂ ਦਾ ਸੁਝਾਅ ਵੀ ਦਿੱਤਾ ਜਿਨ੍ਹਾਂ ਨੂੰ ਕਾਸਟ ਕੀਤਾ ਜਾ ਸਕਦਾ ਹੈ। ਮੈਂ ਬੇਸ਼ੱਕ ਉਨ੍ਹਾਂ ਦਾ ਨਾਮ ਨਹੀਂ ਲਵਾਂਗਾ। ਪਰ ਇਹ ਉਨ੍ਹਾਂ ਦੀ ਚੰਗਿਆਈ ਅਤੇ ਆਤਮ ਵਿਸ਼ਵਾਸ ਸੀ, ਕਿ ਉਹ ਦ੍ਰਿੜ ਸਨ ਕਿ ਸਿਰਫ ਮੈਂ ਹੀ ਭੂਮਿਕਾ ਨਿਭਾਵਾਂਗਾ। ਵਿਕਰਮ ਨੇ ਮੈਨੂੰ ਬੁਲਾਇਆ ਅਤੇ ਕਿਹਾ ਕਿ ਜਦੋਂ ਵੀ ਮੈਂ ਤਿਆਰ ਹੋਵਾਂਗਾ, ਉਹ ਫਿਲਮ ਨੂੰ ਫਲੋਰ 'ਤੇ ਲੈ ਜਾਣਗੇ। ਉਸਨੇ ਸਭ ਕੁਝ ਠੀਕ ਕੀਤਾ ਅਤੇ ਅੱਠ ਮਹੀਨੇ ਉਡੀਕ ਕੀਤੀ।

# ਸ਼ਾਹਰੁਖ ਖਾਨ ਦੇ ਪ੍ਰਸ਼ੰਸਕਾਂ ਵਲੋਂ ਰਿਲੀਜ਼ ਹੋਈ ਫ਼ਿਲਮ 'ਜਵਾਨ' ਦੇ ਜਸ਼ਨ ਮਨਾਏ






ਵੀਰਵਾਰ, 7 ਸਤੰਬਰ ਨੂੰ ਸ਼ਾਹਰੁਖ ਖਾਨ ਦੀ 'ਜਵਾਨ' ਵੱਡੇ ਪਰਦੇ 'ਤੇ ਆਉਣ ਕਾਰਨ ਦੇਸ਼ ਭਰ ਦੇ ਸਿਨੇਮਾਘਰਾਂ 'ਤੇ ਜਨਤਕ ਹਿਸਟਰੀਆ ਦੇ ਦ੍ਰਿਸ਼ ਦੇਖਣ ਨੂੰ ਮਿਲੇ। ਜਦੋਂ ਕਿ ਸ਼ਾਹਰੁਖ ਖਾਨ ਦਾ ਭਾਰਤ ਦੇ ਉੱਤਰ ਵਿੱਚ ਹਮੇਸ਼ਾ ਗੜ੍ਹ ਰਿਹਾ ਹੈ, ਇਹ ਪਹਿਲੀ ਵਾਰ ਹੈ ਜਦੋਂ ਉਹ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੱਖਣੀ ਭਾਰਤੀ ਦਰਸ਼ਕਾਂ ਤੱਕ ਪਹੁੰਚੋ। ਜਵਾਨ ਦਾ ਨਿਰਦੇਸ਼ਨ ਐਟਲੀ ਦੁਆਰਾ ਕੀਤਾ ਗਿਆ ਹੈ, ਅਤੇ ਇਸ ਵਿੱਚ ਨਯੰਤਰਾ ਅਤੇ ਵਿਜੇ ਸੇਤੂਪਤੀ ਵੀ ਹਨ, ਜੋ ਸਾਰੇ ਤਾਮਿਲ ਭਾਸ਼ਾ ਦੇ ਫਿਲਮ ਉਦਯੋਗ ਵਿੱਚ ਆਪਣੇ ਕੰਮ ਲਈ ਮਸ਼ਹੂਰ ਹਨ।

ਵੀਰਵਾਰ ਸਵੇਰ ਦੇ ਤੜਕੇ ਸਿਨੇਮਾਘਰਾਂ ਦੇ ਬਾਹਰ SRK ਦੇ ਪ੍ਰਸ਼ੰਸਕਾਂ ਦੇ ਵੀਡੀਓਜ਼ ਔਨਲਾਈਨ ਚੱਕਰ ਲਗਾਉਣੇ ਸ਼ੁਰੂ ਹੋ ਗਏ, ਉਹਨਾਂ ਦੇ ਬਾਅਦ ਸਿਨੇਮਾ ਹਾਲਾਂ ਦੇ ਅੰਦਰਲੇ ਵਿਜ਼ੂਅਲ ਸਨ ਜੋ ਦਰਸ਼ਕ ਆਪਣੀਆਂ ਸੀਟਾਂ 'ਤੇ ਅਤੇ ਸਕ੍ਰੀਨ ਦੇ ਸਾਹਮਣੇ ਨੱਚਦੇ ਦਿਖਾਉਂਦੇ ਸਨ। ਦੱਖਣੀ ਸੁਪਰਸਟਾਰਾਂ ਜਿਵੇਂ ਕਿ ਰਜਨੀਕਾਂਤ ਅਤੇ ਵਿਜੇ ਦੀਆਂ ਸਕ੍ਰੀਨਿੰਗਾਂ 'ਤੇ ਇਸ ਤਰ੍ਹਾਂ ਦੇ ਦ੍ਰਿਸ਼ ਆਮ ਹਨ, ਪਰ ਹਿੰਦੀ ਬੋਲਣ ਵਾਲੇ ਨਾਇਕਾਂ ਨੂੰ ਅਭਿਨੈ ਕਰਨ ਵਾਲੀਆਂ ਫਿਲਮਾਂ ਦੀ ਸਕ੍ਰੀਨਿੰਗ 'ਤੇ ਇਹ ਘੱਟ ਅਕਸਰ ਹੁੰਦੇ ਹਨ। ਪਰ ਐਸਆਰਕੇ ਦੀ ਆਖਰੀ ਰਿਲੀਜ਼, ਪਠਾਨ ਦੇ ਪਹਿਲੇ ਦਿਨ ਦੀ ਸਕ੍ਰੀਨਿੰਗ ਵਿੱਚ ਵੀ ਇਸੇ ਤਰ੍ਹਾਂ ਦੀ ਦਿਲਚਸਪੀ ਦੇਖੀ ਗਈ ਸੀ।

ਸਿਧਾਰਥ ਆਨੰਦ ਦੁਆਰਾ ਨਿਰਦੇਸ਼ਤ, ਪਠਾਨ ਸ਼ਾਹਰੁਖ ਦੀ ਪੰਜ ਸਾਲ ਦੀ ਛੁੱਟੀ ਤੋਂ ਬਾਅਦ ਪਹਿਲੀ ਫਿਲਮ ਸੀ, ਅਤੇ ਜਵਾਨ ਨੂੰ ਉਸ ਉਤਸ਼ਾਹ ਦੀ ਦੂਜੀ ਖੁਰਾਕ ਵਜੋਂ ਦੇਖਿਆ ਜਾ ਰਿਹਾ ਹੈ ਜੋ ਉਸਨੇ ਕੁਝ ਮਹੀਨੇ ਪਹਿਲਾਂ ਪ੍ਰਦਾਨ ਕੀਤਾ ਸੀ। ਜਵਾਨ ਨੇ ਅਸਲ ਵਿੱਚ ਰਿਲੀਜ਼ ਤੋਂ ਪਹਿਲਾਂ ਪਠਾਨ ਨਾਲੋਂ ਵੀ ਵੱਧ ਟਿਕਟਾਂ ਵੇਚੀਆਂ, ਜੋ ਕਿ ਹਿੰਦੀ ਭਾਸ਼ਾ ਦੀ ਫਿਲਮ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਓਪਨਿੰਗ ਦਾ ਰਿਕਾਰਡ ਰੱਖਦਾ ਹੈ। ਜਵਾਨ ਦੇ ਪਹਿਲੇ ਦਿਨ 65 ਕਰੋੜ ਤੋਂ 70 ਕਰੋੜ ਰੁਪਏ ਦੀ ਸ਼ੁਰੂਆਤ ਦੇ ਨਾਲ ਪਠਾਨ ਦੇ ਰਿਕਾਰਡ ਨੂੰ ਪਿੱਛੇ ਛੱਡਣ ਦੀ ਉਮੀਦ ਹੈ।

ਇੱਕ ਵੀਡੀਓ ਵਿੱਚ ਭੀੜ ਨੂੰ 'ਜ਼ਿੰਦਾ ਬੰਦਾ' ਗੀਤ 'ਤੇ ਨੱਚਦੇ ਹੋਏ ਦਿਖਾਇਆ ਗਿਆ ਹੈ, ਜਦੋਂ ਕਿ ਇੱਕ ਹੋਰ ਵੀਡੀਓ ਵਿੱਚ ਉਹਨਾਂ ਨੂੰ ਸਕ੍ਰੀਨ ਦੇ ਸਾਹਮਣੇ ਨੱਚਦੇ ਹੋਏ ਦਿਖਾਇਆ ਗਿਆ ਹੈ। ਇੱਕ ਹੋਰ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਪ੍ਰਸ਼ੰਸਕ ਇੱਕ ਬੈਂਗਲੁਰੂ ਸਕ੍ਰੀਨ ਦੇ ਬਾਹਰ ਫਟ ਰਿਹਾ ਹੈ, ਅਤੇ ਉਸਦੇ ਦੋਸਤਾਂ ਦੁਆਰਾ ਦਿਲਾਸਾ ਦਿੱਤਾ ਜਾ ਰਿਹਾ ਹੈ। ਕੁਝ ਪ੍ਰਸ਼ੰਸਕਾਂ ਨੇ ਵੀ ਆਪਣੇ ਸਿਰਾਂ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ ਦਿਖਾਈ ਦਿੱਤੀਆਂ, ਫਿਲਮ ਵਿੱਚ SRK ਡਾਨ ਦੇ ਕਈ ਦਿੱਖਾਂ ਵਿੱਚੋਂ ਇੱਕ ਦੀ ਨਕਲ ਕਰਦੇ ਹੋਏ। ਮੁੰਬਈ ਵਿੱਚ, ਸ਼ਾਹਰੁਖ ਦੇ ਪ੍ਰਸ਼ੰਸਕਾਂ ਦੀ ਭੀੜ ਨੇ ਗੈਏਟੀ ਗਲੈਕਸੀ ਸਿੰਗਲ ਸਕ੍ਰੀਨ ਵੱਲ ਮਾਰਚ ਕੀਤਾ, ਜਿਸ ਵਿੱਚ ਸ਼ਾਹਰੁਖ ਦੇ ਬੈਨਰ ਸਨ। ਉਨ੍ਹਾਂ ਨੇ ਥੀਏਟਰ ਦੇ ਬਾਹਰ ਇੱਕ ਮਿੰਨੀ ਗਣੇਸ਼ ਚਤੁਰਥੀ ਦਹੀ ਹਾਂਡੀ ਦੀ ਰਸਮ ਵੀ ਨਿਭਾਈ। ਸ਼ਾਹਰੁਖ ਨੇ ਇਸ ਇਸ਼ਾਰੇ ਲਈ ਆਪਣੇ ਪ੍ਰਸ਼ੰਸਕਾਂ ਦਾ ਧੰਨਵਾਦ ਕੀਤਾ।

# ਕਰੀਨਾ ਕਪੂਰ ਦੀ ਆਪਣੀ ਆਉਣ ਵਾਲੀ ਫਿਲਮ 'ਜਾਨੇ ਜਾਨ' ਦਾ ਟਰੇਲਰ ਹੋਇਆ ਲਾਂਚ



ਬਾਲੀਵੁੱਡ ਦੀ ਏ-ਲਿਸਟਰ ਅਭਿਨੇਤਰੀ ਵਜੋਂ ਜਾਣੀ ਜਾਂਦੀ ਕਰੀਨਾ ਕਪੂਰ ਖਾਨ ਜਲਦੀ ਹੀ ਸੁਜੋਏ ਘੋਸ਼ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਰਹੱਸਮਈ ਥ੍ਰਿਲਰ ਫਿਲਮ, ਜਾਨੇ ਜਾਨ ਨਾਲ ਆਪਣੀ OTT ਸ਼ੁਰੂਆਤ ਕਰਨ ਜਾ ਰਹੀ ਹੈ। ਨੈੱਟਫਲਿਕਸ 'ਤੇ ਰਿਲੀਜ਼ ਹੋਣ ਵਾਲੀ ਇਸ ਬਹੁ-ਉਡੀਕ ਫਿਲਮ ਦੇ ਟਰੇਲਰ ਲਾਂਚ ਈਵੈਂਟ 'ਤੇ ਖੂਬਸੂਰਤ ਨਜ਼ਰ ਆਈ। ਹਾਲਾਂਕਿ, ਕਰੀਨਾ ਕਪੂਰ ਖਾਨ ਨੇ ਇੱਕ ਕਿੱਸਾ ਸਾਂਝਾ ਕੀਤਾ ਕਿ ਕਿਵੇਂ ਉਸਦੇ ਪਤੀ, ਸੈਫ ਅਲੀ ਖਾਨ ਨੇ ਵਿਜੇ ਵਰਮਾ ਨਾਲ ਕੰਮ ਕਰਨ ਤੋਂ ਪਹਿਲਾਂ ਉਸਨੂੰ ਚੇਤਾਵਨੀ ਦਿੱਤੀ ਸੀ। ਕਰੀਨਾ ਕਪੂਰ ਖਾਨ ਨੇ ਖੁਲਾਸਾ ਕੀਤਾ ਕਿ ਸੈਫ ਅਲੀ ਖਾਨ ਨੇ ਵਿਜੇ ਵਰਮਾ ਨਾਲ ਕੰਮ ਕਰਦੇ ਸਮੇਂ ਉਸ ਨੂੰ ਆਪਣਾ ਰਵੱਈਆ ਬਦਲਣ ਲਈ ਕਿਹਾ ਸੀ

# ਭਾਰਤ ਵਿਚ ਡਿਜੀਟਲ ਲੈਣ-ਦੇਣ ਸਹੂਲਤਾਂ ਤੇ ਸਮੱਸਿਆਵਾਂ

-ਡਾ. ਅਮਨਪ੍ਰੀਤ ਸਿੰਘ ਬਰਾੜ



ਸਰਕਾਰ ਨੇ 2014 ਵਿਚ ਐਲਾਨ ਕੀਤਾ ਸੀ ਕਿ ਕਾਲੇ ਧਨ 'ਤੇ ਰੋਕ ਲਗਾਈ ਜਾਵੇਗੀ। ਉਸ ਉੱਪਰ ਸ਼ਿਕੰਜਾ ਕੱਸਣ ਲਈ ਡਿਜੀਟਲ ਲੈਣ-ਦੇਣ ਨੂੰ ਵਧਾਇਆ ਗਿਆ। ਜਦੋਂ ਪੈਸੇ ਖਾਤੇ ਵਿਚ ਆਉਣਗੇ ਅਤੇ ਉਸ ਵਿੱਚੋਂ ਹੀ ਖ਼ਰਚੇ ਜਾਣਗੇ ਤਾਂ ਟੈਕਸ ਦੀ ਚੋਰੀ ਘਟੇਗੀ। ਇਸੇ ਵਾਸਤੇ ਸਰਕਾਰ ਨੇ 8 ਨਵੰਬਰ 2016 ਨੂੰ ਨੋਟਬੰਦੀ ਵੀ ਕੀਤੀ ਸੀ। ਇਸ ਨੂੰ ਅਸਲ ਹੁਲਾਰਾ ਮਿਲਿਆ ਕੋਰੋਨਾ ਦੀ ਮਹਾਮਾਰੀ ਦੌਰਾਨ। 2000 ਰੁਪਏ ਦੇ ਨੋਟ ਬੰਦ ਕਰਨ ਪਿੱਛੇ ਵੀ ਡਿਜੀਟਲ ਲੈਣ-ਦੇਣ ਨੂੰ ਹੁਲਾਰਾ ਦੇਣਾ ਇਕ ਉਦੇਸ਼ ਸੀ।

ਭਾਰਤ ਨੂੰ ਤਰੱਕੀ ਦੇ ਰਸਤੇ 'ਤੇ ਲਿਜਾਣ ਲਈ 1 ਜੁਲਾਈ 2015 ਨੂੰ ਕੇਂਦਰ ਸਰਕਾਰ ਨੇ ਇਕ ਨਵਾਂ ਉਪਰਾਲਾ ਕੀਤਾ ਸੀ। ਇਸ ਵਿਚ ਸਰਕਾਰਾਂ ਨੇ 2018 ਤੱਕ 80 ਫ਼ੀਸਦੀ ਲੋਕਾਂ ਨੂੰ ਇੰਟਰਨੈੱਟ ਧਾਰਕ ਬਣਾ ਦਿੱਤਾ ਸੀ। ਇਸ 'ਚ ਕਈ ਤਰ੍ਹਾਂ ਦੇ ਉਦੇਸ਼ ਰੱਖੇ ਗਏ ਸਨ ਮਸਲਨ ਡਿਜੀਟਲ ਇਨਫਰਾਸਟਰਕਚਰ ਦੇਸ਼ ਦੇ ਹਰ ਵਾਸੀ ਤੇ ਸਰਕਾਰ ਨੂੰ ਸਹੂਲਤ ਦੇਵੇ ਅਤੇ ਲੋਕਾਂ ਦੇ ਸਰਕਾਰੀ ਕੰਮ ਘਰ ਬੈਠੇ ਹੀ ਹੋ ਜਾਣ। ਇਸ ਨਾਲ ਕਈ ਤਰ੍ਹਾਂ ਦੇ ਸਰਕਾਰੀ ਕੰਮ ਜਿਵੇਂ ਡਰਾਈਵਿੰਗ ਲਾਇਸੈਂਸ ਲਈ ਅਰਜ਼ੀ ਦੇਣੀ, ਬਿਜਲੀ-ਪਾਣੀ ਦੇ ਬਿੱਲ ਜਮ੍ਹਾਂ ਕਰਾਉਣੇ ਸਭ ਆਨਲਾਈਨ ਹੋਣ ਲੱਗ ਪਏ ਹਨ। ਇਸ ਵਿਚ ਹੋਰ ਵੀ ਕਈ ਤਰ੍ਹਾਂ ਦੇ ਪ੍ਰੋਗਰਾਮ ਚਲਾਏ ਗਏ ਜਿਨ੍ਹਾਂ ਵਿਚ ਡਿਜੀ ਲਾਕਰ ਯਾਨੀ ਜੋ ਵੀ ਸਾਡੇ ਸਰਕਾਰੀ ਦਸਤਾਵੇਜ਼ ਹਨ ਜਿਵੇਂ ਆਧਾਰ ਕਾਰਡ, ਡਿਗਰੀਆਂ ਆਦਿ ਰੱਖ ਦਿਉ ਤਾਂ ਕਿ ਜਿੱਥੇ ਲੋੜ ਪਵੇ ਉੱਥੇ ਦਿਖਾ ਦਿਉ।

ਸਾਰਾ ਲੈਂਡ ਰਿਕਾਰਡ ਵੀ ਆਨਲਾਈਨ ਕਰ ਦਿੱਤਾ ਗਿਆ ਅਤੇ ਕਿਸਾਨਾਂ ਨੂੰ ਫ਼ਸਲਾਂ ਦੀ ਸਿੱਧੀ ਅਦਾਇਗੀ ਉਨ੍ਹਾਂ ਦੇ ਖਾਤਿਆਂ ਵਿਚ ਆਉਣੀ ਸ਼ੁਰੂ ਹੋ ਗਈ। ਈ-ਕਾਮਰਸ ਨੂੰ ਵੀ ਹੋਰ ਹੁਲਾਰਾ ਮਿਲਿਆ ਯਾਨੀ ਚੀਜ਼ ਖ਼ਰੀਦਣ ਲਈ ਮੋਬਾਈਲ ਜਾਂ ਕੰਪਿਊਟਰ 'ਤੇ ਹੀ ਦੁਕਾਨਾਂ ਖੁੱਲ੍ਹ ਗਈਆਂ। ਇਨਸਾਨ ਦੁਨੀਆ ਦੇ ਕਿਸੇ ਵੀ ਕੋਨੇ ਤੋਂ ਚੀਜ਼ ਮੰਗਵਾ ਸਕਦਾ ਹੈ ਅਤੇ ਉਸ ਦਾ ਭੁਗਤਾਨ ਵੀ ਬਟਨ ਦੱਬਦਿਆਂ ਹੋ ਜਾਂਦਾ ਹੈ। ਇੱਥੋਂ ਤੱਕ ਕਿ ਹੁਣ ਰੇਹੜੀ ਅਤੇ ਛੋਟੀ ਦੁਕਾਨ 'ਤੇ ਵੀ ਮੋਬਾਈਲ ਰਾਹੀਂ ਭੁਗਤਾਨ ਕੀਤਾ ਜਾ ਸਕਦਾ ਹੈ। ਇਸ ਨੇ ਬੈਂਕਾਂ ਦੇ ਕੰਮ ਕਰਨ ਦੇ ਤਰੀਕੇ ਹੀ ਬਦਲ ਦਿੱਤੇ ਹਨ। ਇਸ ਦੀ ਖਾਤਾ ਧਾਰਕ ਨੂੰ ਵੀ ਸੁਵਿਧਾ ਹੈ ਕਿ ਬਿਨਾਂ ਬੈਂਕ ਗਿਆਂ ਲੈਣ-ਦੇਣ ਹੋ ਜਾਂਦਾ ਹੈ। ਸਰਕਾਰ ਨੇ 2014 ਵਿਚ ਐਲਾਨ ਕੀਤਾ ਸੀ ਕਿ ਕਾਲੇ ਧਨ 'ਤੇ ਰੋਕ ਲਗਾਈ ਜਾਵੇਗੀ। ਉਸ ਉੱਪਰ ਸ਼ਿਕੰਜਾ ਕੱਸਣ ਲਈ ਡਿਜੀਟਲ ਲੈਣ-ਦੇਣ ਨੂੰ ਵਧਾਇਆ ਗਿਆ। ਜਦੋਂ ਪੈਸੇ ਖਾਤੇ ਵਿਚ ਆਉਣਗੇ ਅਤੇ ਉਸ ਵਿੱਚੋਂ ਹੀ ਖ਼ਰਚੇ ਜਾਣਗੇ ਤਾਂ ਟੈਕਸ ਦੀ ਚੋਰੀ ਘਟੇਗੀ। ਇਸੇ ਵਾਸਤੇ ਸਰਕਾਰ ਨੇ 8 ਨਵੰਬਰ 2016 ਨੂੰ ਨੋਟਬੰਦੀ ਵੀ ਕੀਤੀ ਸੀ। ਇਸ ਨੂੰ ਅਸਲ ਹੁਲਾਰਾ ਮਿਲਿਆ ਕੋਰੋਨਾ ਦੀ ਮਹਾਮਾਰੀ ਦੌਰਾਨ। 2000 ਰੁਪਏ ਦੇ ਨੋਟ ਬੰਦ ਕਰਨ ਪਿੱਛੇ ਵੀ ਡਿਜੀਟਲ ਲੈਣ-ਦੇਣ ਨੂੰ ਹੁਲਾਰਾ ਦੇਣਾ ਇਕ ਉਦੇਸ਼ ਸੀ।

ਜਦੋਂ ਕੋਈ ਵੱਡਾ ਤਕਨੀਕੀ ਬਦਲਾਅ ਆਉਂਦਾ ਹੈ ਤਾਂ ਉਸ ਨਾਲ ਕਈ ਮੁਸ਼ਕਲਾਂ ਵੀ ਸਾਹਮਣੇ ਆਉਂਦੀਆਂ ਹਨ। ਡਿਜੀਟਲ ਲੈਣ-ਦੇਣ ਨੇ ਬਜ਼ੁਰਗਾਂ, ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕਾਂ ਇੱਥੋਂ ਤੱਕ ਕਿ ਚੰਗੇ ਵਿਦਵਾਨਾਂ ਨੂੰ ਵੀ ਠੱਗੀ ਦਾ ਸ਼ਿਕਾਰ ਬਣਾਇਆ ਹੈ। ਅੱਜ ਵੀ 42 ਫ਼ੀਸਦੀ ਭਾਰਤੀ ਮੰਨਦੇ ਹਨ ਕਿ ਉਨ੍ਹਾਂ ਨਾਲ ਠੱਗੀ ਵੱਜੀ ਹੈ ਅਤੇ ਉਸ ਵਿੱਚੋਂ 74 ਫ਼ੀਸਦੀ ਨੂੰ ਪੈਸੇ ਵਾਪਸ ਨਹੀਂ ਮਿਲੇ। ਡਿਜੀਟਲ ਪੇਮੈਂਟਸ ਦੀ ਗੱਲ ਕਰਦੇ ਹਾਂ ਜਿਸ ਵਿਚ ਕ੍ਰੈਡਿਟ, ਡੈਬਿਟ ਕਾਰਡ, ਯੂਪੀਆਈ, ਆਨਲਾਈਨ ਬੈਂਕਿੰਗ ਆਉਂਦੇ ਹਨ। ਉਨ੍ਹਾਂ 'ਚ ਧੋਖਾਧੜੀ ਦੇ ਅੰਕੜੇ ਇਸ ਤਰ੍ਹਾਂ ਹਨ। ਸਾਲ 2020-2021 ਯਾਨੀ ਕੋਰੋਨਾ ਦੇ ਚੋਟੀ ਵਾਲੇ ਸਾਲ ਵੇਲੇ 4,49,684 ਮਾਮਲੇ ਸਾਹਮਣੇ ਆਏ ਜਿਸ ਨਾਲ 636.12 ਕਰੋੜ ਦਾ ਨੁਕਸਾਨ ਹੋਇਆ। ਸਾਲ 2021-22 ਵਿਚ ਮਾਮਲੇ ਤਾਂ ਹੇਠਾਂ ਆਏ ਯਾਨੀ 3,59,791 ਮਾਮਲੇ ਦਰਜ ਹੋਏ ਪਰ ਨੁਕਸਾਨ ਵਧ ਕੇ 816.40 ਕਰੋੜ 'ਤੇ ਪਹੁੰਚ ਗਿਆ। ਉੱਧਰ ਅਪ੍ਰੈਲ 2022 ਤੋਂ ਸਤੰਬਰ 2022 ਤੱਕ 1,48,887 ਮਾਮਲਿਆਂ ਵਿਚ 418.31 ਕਰੋੜ ਦਾ ਨੁਕਸਾਨ ਲੋਕਾਂ ਨੂੰ ਝੱਲਣਾ ਪਿਆ। ਇਹ ਅੰਕੜੇ ਆਰਬੀਆਈ ਦੁਆਰਾ ਦਿੱਤੇ ਗਏ ਹਨ। ਕਈ ਬੁਜ਼ੁਰਗ ਜਾਂ ਫਿਰ ਹੋਰ ਅਨਪੜ੍ਹ ਜਾਂ ਘੱਟ-ਪੜ੍ਹੇ ਲਿਖੇ ਲੋਕ ਏਟੀਐੱਮ ਵਿੱਚੋਂ ਜਦੋਂ ਪੈਸੇ ਕਢਵਾਉਂਦੇ ਹਨ, ਉਸ ਸਮੇਂ ਜੇ ਉਨ੍ਹਾਂ ਤੋਂ ਪੈਸੇ ਨਹੀਂ ਨਿਕਲਦੇ ਤਾਂ ਉਹ ਕਿਸੇ ਨਾ ਕਿਸੇ ਤੋਂ ਸਹਾਇਤਾ ਲੈਂਦੇ ਹਨ ਜੋ ਉਸ ਦਾ ਪਾਸਵਰਡ ਅਤੇ ਕਾਰਡ ਨੰਬਰ ਕਲੋਨ ਕਰ ਲੈਂਦੇ ਹਨ। ਇਸ ਤਰ੍ਹਾਂ ਕੋਰੋਨਾ ਕਾਲ ਵਿਚ ਤੇਲ ਪਵਾਉਣ ਵਾਲਿਆਂ ਨਾਲ ਠੱਗੀਆਂ ਵੱਜੀਆਂ ਸਨ। ਇਸ ਵੇਲੇ ਕਈ ਸੰਦੇਸ਼ ਆਉਂਦੇ ਹਨ ਜੋ ਲੱਗਦੇ ਹਨ ਕਿ ਬੈਂਕ ਵੱਲੋਂ ਆਏ ਹਨ। ਉਸ ਵਿਚ ਲਿੰਕ ਦਿੱਤਾ ਹੁੰਦਾ ਹੈ। ਜਦੋਂ ਵਿਅਕਤੀ ਉਸ ਲਿੰਕ 'ਤੇ ਕਲਿੱਕ ਕਰਦਾ ਹੈ ਉਸ ਦਾ ਸਾਰਾ ਫੋਨ ਕਲੋਨ ਹੋ ਜਾਂਦਾ ਹੈ ਯਾਨੀ ਸਾਰੇ ਮੈਸੇਜ ਜੋ ਕੋਈ ਫੋਨ 'ਤੇ ਚੁੱਕਦਾ ਹੈ, ਉਹ ਦੂਜੇ ਫੋਨ 'ਤੇ ਵੀ ਆਉਂਦਾ ਹੈ ਯਾਨੀ ਓਟੀਪੀ ਨੰਬਰ ਆਦਿ। ਇਸ ਨਾਲ ਉਸ ਦਾ ਸਾਰਾ ਖਾਤਾ ਖ਼ਾਲੀ ਕਰ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਕਦੇ ਕਾਲ ਆਉਂਦੀ ਕਿ ਤੁਹਾਡਾ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ ਜਾਂ ਫਿਰ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਵੇਗਾ, ਆਪਣਾ ਕੇਵਾਈਸੀ ਕਰਵਾਓ। ਜਦੋਂ ਇਨਸਾਨ ਕਿਤੇ ਡਰ ਕੇ ਕੇਵਾਈਸੀ ਕਰਵਾਉਂਦਾ ਹੈ ਤਾਂ ਉਸ ਦੀ ਡਿਟੇਲ ਸਾਰੀ ਅਗਲੇ ਕੋਲ ਚਲੀ ਜਾਂਦੀ ਹੈ। ਫਿਰ ਉਸ ਨੂੰ ਓਟੀਪੀ ਭੇਜਿਆ ਜਾਂਦਾ ਹੈ। ਉਸ ਤੋਂ ਉਹ ਓਟੀਪੀ ਮੰਗਿਆ ਜਾਂਦਾ ਹੈ। ਜਦੋਂ ਉਹ ਓਟੀਪੀ ਦਿੰਦਾ ਹੈ ਤਾਂ ਬੈਂਕ ਖਾਤੇ ਖ਼ਾਲੀ ਹੋਣ ਲੱਗਦੇ ਹਨ। ਕੋਰੋਨਾ ਕਾਲ ਵਿਚ ਮਜਬੂਰਨ ਲੋਕਾਂ ਨੂੰ ਈ-ਕਾਮਰਸ ਸਾਈਟਾਂ ਜਿਵੇਂ ਐਮਾਜ਼ੋਨ, ਫਲਿਪਕਾਰਟ, ਬਿਗ ਬਾਸਕਟ ਆਦਿ ਤੋਂ ਸਾਮਾਨ ਖ਼ਰੀਦਣਾ ਪਿਆ। ਉਸ ਵੇਲੇ ਇਨ੍ਹਾਂ ਵੈੱਬ ਸਾਈਟਾਂ ਵਾਲਿਆਂ ਨੇ ਕੈਸ਼ ਆਨ ਡਲਿਵਰੀ ਬੰਦ ਕਰ ਦਿੱਤੀ ਸੀ, ਯਾਨੀ ਸਾਮਾਨ ਦੀ ਪੇਮੈਂਟ ਪਹਿਲਾਂ ਕਰੋ। ਉਸ ਵੇਲੇ ਨਵਾਂ ਢੰਗ ਚੱਲਿਆ ਸੀ ਕਿ ਸਾਮਾਨ ਪਹੁੰਚਾਏ ਬਿਨਾਂ ਹੀ ਸਾਮਾਨ ਦੀ ਡਲਿਵਰੀ ਪਾ ਦਿੱਤੀ ਜਾਂਦੀ ਸੀ। ਵੈੱਬਸਾਈਟ ਨੂੰ ਈ-ਮੇਲ ਭੇਜੋ ਤਾਂ ਉਸ 'ਤੇ ਕੋਈ ਸੁਣਵਾਈ ਨਹੀਂ ਸੀ ਹੁੰਦੀ। ਪੁਲਿਸ ਨਾਲ ਗੱਲ ਕਰੋ ਤਾਂ ਉਹ ਕਹਿੰਦੇ ਕਿ ਤੁਸੀਂ ਸਬੂਤ ਦਿਉ ਕਿ ਸਾਮਾਨ ਨਹੀਂ ਮਿਲਿਆ। ਅੱਜ-ਕੱਲ੍ਹ ਇਸ ਵਿਚ ਨਵਾਂ ਮੋੜ ਆਇਆ ਹੈ। ਜਿਸ ਵਿਚ ਵਿਅਕਤੀ ਨੂੰ ਮੈਸੇਜ ਆਉਂਦਾ ਹੈ ਕਿ ਤੁਹਾਡਾ ਆਹ ਸਾਮਾਨ ਐਨੇ ਰੁਪਏ ਦਾ ਅੱਜ ਡਲਿਵਰ ਕਰ ਦਿੱਤਾ ਜਾਵੇਗਾ, ਨਕਦੀ ਤਿਆਰ ਰੱਖਣਾ।

ਪਹਿਲਾਂ ਵਿਅਕਤੀ ਸੋਚਦਾ ਹੈ ਕਿ ਮੈਂ ਕੋਈ ਆਰਡਰ ਹੀ ਨਹੀਂ ਕੀਤਾ ਤਾਂ ਇਹ ਕੀ ਹੈ। ਜਦੋਂ ਡਲਿਵਰੀ ਵਾਲਾ ਘਰ ਪਹੁੰਚਦਾ ਹੈ ਡੱਬਾ ਲੈ ਕੇ ਤਾਂ ਉਸ ਨੂੰ ਕਹਿ ਦਿਉ ਕਿ ਮੈਂ ਤਾਂ ਆਰਡਰ ਕੀਤਾ ਹੀ ਨਹੀਂ ਤਾਂ ਅੱਗੋਂ ਜਵਾਬ ਦਿੰਦਾ ਹੈ ਕਿ ਇਹ ਕਿੱਥੋਂ ਆ ਗਿਆ। ਬਹਿਸ ਕਰਦੇ ਹੋਏ ਡਲਿਵਰੀ ਵਾਲਾ ਕਹਿੰਦਾ ਹੈ ਕਿ ਤੁਸੀਂ ਆਰਡਰ ਕੈਂਸਲ ਕਰ ਦਿਉ। ਗੱਲ ਆਉਂਦੀ ਹੈ ਕਿ ਜੇ ਆਰਡਰ ਕੀਤਾ ਹੀ ਨਹੀਂ ਤਾਂ ਕੈਂਸਲ ਕਿਵੇਂ ਕਰੇ। ਅੱਕ ਕੇ ਜਦੋਂ ਇਨਸਾਨ ਡਲਿਵਰੀ ਵਾਲੇ ਨੂੰ ਕਹਿੰਦਾ ਕਿ ਤੂੰ ਆਪੇ ਵਾਪਸ ਭੇਜ ਤਾਂ ਉਹ ਕਹਿੰਦਾ ਹੈ ਕਿ ਮੈਂ ਕੈਂਸਲ ਕਰ ਦਿੰਦਾ ਹਾਂ, ਤੁਹਾਡੇ ਕੋਲ ਓਟੀਪੀ ਆਵੇਗਾ, ਉਹ ਮੈਨੂੰ ਦੇ ਦਿਉ। ਜਿਸ ਤਰ੍ਹਾਂ ਓਟੀਪੀ ਗਿਆ, ਤੁਹਾਡੇ ਨਾਲ ਠੱਗੀ ਵੱਜ ਗਈ। ਅੱਜ-ਕੱਲ੍ਹ ਘਰ ਬੈਠੇ ਆਨਲਾਈਨ ਕੰਮ ਦੇਣ ਦੇ ਨਾਮ 'ਤੇ ਠੱਗੀ ਵੱਜ ਰਹੀ ਹੈ। ਇਸ ਵਿਚ ਪੰਜ ਲੈਵਲ ਤੱਕ ਵਿਸ਼ਵਾਸ ਬਣਾਇਆ ਜਾਂਦਾ ਹੈ। ਇਸ ਵਿਚ ਪਹਿਲਾਂ ਥੋੜ੍ਹੇ ?ਹ ਪੈਸੇ ਲਏ ਜਾਂਦੇ ਹਨ ਜੋ ਵਧਾ ਕੇ ਵਾਪਸ ਕੀਤੇ ਜਾਂਦੇ ਹਨ। ਇਸ ਤਰ੍ਹਾਂ ਵਿਸ਼ਵਾਸ ਬਣਾ ਕੇ ਤੁਹਾਨੂੰ ਇਕ ਪ੍ਰਾਈਵੇਟ ਗਰੁੱਪ ਵਿਚ ਪਾਉਣ 'ਤੇ 1 ਲੱਖ ਰੁਪਏ ਮੰਗੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਤੁਹਾਨੂੰ ਕੰਮ ਦਿੱਤਾ ਜਾਵੇਗਾ ਤੇ ਕੰਮ ਪੂਰਾ ਹੋਣ 'ਤੇ ਡੇਢ ਲੱਖ ਮਿਲੇਗਾ। ਇਸ ਵਿਚ ਇਕ ਲੱਖ ਦਾ ਚੂਨਾ ਲੱਗਦਾ ਹੈ ਤੇ ਉਸ ਤੋਂ ਬਾਅਦ ਜੇ ਕੋਈ ਚਾਲ ਨਹੀਂ ਸਮਝਦਾ ਤਾਂ ਉਸ ਨੂੰ ਪੰਜ ਲੱਖ ਦਾ ਚੂਨਾ ਤੈਅ ਹੈ। ਹਾਲ ਹੀ 'ਚ ਕੇਰਲ 'ਚ ਦੁਕਾਨਦਾਰਾਂ ਨੂੰ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਗਾਹਕ ਦੁਕਾਨ 'ਤੇ ਆਇਆ, ਸਾਮਾਨ ਖ਼ਰੀਦਿਆ ਅਤੇ ਯੂਪੀਆਈ ਯਾਨੀ ਪੇਟੀਐੱਮ ਜਾਂ ਗੂਗਲ ਪੇਅ ਜਾਂ ਕੋਈ ਹੋਰ ਇਸ ਤਰ੍ਹਾਂ ਦੇ ਮਾਧਿਅਮ ਤੋਂ ਪੇਮੈਂਟ ਕਰ ਦਿੱਤੀ। ਉਸ ਵਿਚ ਦੁਕਾਨਦਾਰ ਦਾ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਂਦਾ ਹੈ। ਜਦੋਂ ਦੁਕਾਨਦਾਰ ਬੈਂਕ ਜਾ ਕੇ ਪਤਾ ਕਰਦਾ ਹੈ ਤਾਂ ਜਵਾਬ ਮਿਲਦਾ ਹੈ, ਸਾਈਬਰ ਸੈੱਲ ਵੱਲੋਂ ਆਦੇਸ਼ ਆਏ ਸਨ।

ਦੁਕਾਨਦਾਰ ਕੇਰਲ ਸਾਈਬਰ ਸੈੱਲ ਵਿਚ ਪਹੁੰਚਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਹ ਖਾਤਾ ਗੁਜਰਾਤ ਸਾਈਬਰ ਸੈੱਲ ਨੇ ਬੰਦ ਕਰਵਾਇਆ ਹੈ। ਗੁਜਰਾਤ ਸੈੱਲ ਤੋਂ ਪਤਾ ਲੱਗਦਾ ਹੈ ਜਿਸ ਖਾਤੇ ਵਿੱਚੋਂ ਦੁਕਾਨਦਾਰ ਨੂੰ ਪੇਮੈਂਟ ਆਈ ਹੈ, ਉਸ ਦੀਆਂ ਗਤੀਵਿਧੀਆਂ ਠੀਕ ਨਹੀਂ ਹਨ। ਇਸ ਤਰ੍ਹਾਂ ਦੇ ਇੱਕਾ-ਦੁੱਕਾ ਕੇਸ ਨਹੀਂ ਬਲਕਿ 300 ਤੋਂ ਵੱਧ ਕੇਸ ਚਰਚਾ ਵਿਚ ਹਨ। ਅਸੀਂ ਡਿਜੀਟਲ ਇੰਡੀਆ ਦਾ ਕੰਮ 8 ਸਾਲ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਾਨੂੰਨ 2000 ਵਾਲਾ ਆਈਟੀ ਐਕਟ ਹੀ ਹੈ ਜਿਸ ਵਿਚ ਵੱਡੇ ਪੱਧਰ 'ਤੇ ਬਦਲਾਅ ਦੀ ਜ਼ਰੂਰਤ ਸੀ। ਇਸ ਵਾਰ ਮੌਨਸੂਨ ਇਜਲਾਸ ਵਿਚ ਡਿਜੀਟਲ ਪਰਸਨਲ ਡਾਟਾ ਬਿੱਲ 2023 ਪਾਸ ਕੀਤਾ ਗਿਆ ਹੈ। ਹਾਲਾਂਕਿ ਛੋਟੇ-ਮੋਟੇ ਸੁਧਾਰ ਆਰਬੀਆਈ ਕਰਦੀ ਹੈ ਜਿਵੇਂ ਕਿ ਓਟੀਪੀ ਲਾਉਣੇ, ਦੋ ਫੈਕਟਰ ਪ੍ਰਮਾਣਿਕਤਾ ਲਗਉਣੀ ਆਦਿ ਹਨ ਖ਼ਾਸ ਕਰਕੇ ਈ-ਕਾਮਰਸ ਲਈ।

ਇਸ ਵੇਲੇ ਬਹੁਤੇ ਸਾਈਬਰ ਕ੍ਰਾਈਮ ਸੈੱਲ ਵਾਲਿਆਂ ਨੂੰ ਵੀ ਸਿਖਲਾਈ ਦੀ ਵੱਡੇ ਪੱਧਰ 'ਤੇ ਲੋੜ ਹੈ ਕਿਉਂਕਿ ਇਸ ਵੇਲੇ ਉਹ ਪ੍ਰਾਈਵੇਟ ਏਜੰਸੀਆਂ ਦੀ ਮਦਦ ਨਾਲ ਚੱਲਦੇ ਹਨ। ਇਕ ਖੋਜ ਸੈੱਲ ਹੋਵੇ ਜੋ ਇਨ੍ਹਾਂ ਨਵੀਆਂ ਠੱਗੀਆਂ ਦੇ ਤਰੀਕੇ ਨੂੰ ਸਟੱਡੀ ਕਰ ਕੇ ਬੰਦ ਕਰੇ ਤਾਂ ਜੋ ਲੋਕਾਂ ਨਾਲ ਠੱਗੀ ਨਾ ਹੋਵੇ। ਇਹ ਸੈੱਲ ਡਿਜੀਟਲ ਲਿਟਰੇਸੀ ਦੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਵਰਤੋਂ ਸਿਖਾਉਣ ਦੇ ਨਾਲ-ਨਾਲ ਜੋ ਨਵੇਂ ਢੰਗ-ਤਰੀਕੇ ਠੱਗੀ ਦੇ ਆਉਂਦੇ ਹਨ, ਉਨ੍ਹਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਕਾਨੂੰਨ ਬਣਾ ਕੇ ਸਖ਼ਤ ਸਜ਼ਾ ਹੋਵੇ ਅਤੇ ਜੋ ਲੋਕਾਂ ਨਾਲ ਠੱਗੀ ਵੱਜਦੀ ਹੈ, ਉਹ ਤੁਰੰਤ ਪਤਾ ਲਗਾਵੇ ਅਤੇ ਪੈਸੇ ਮੁੜਨ।



# ਕਦੋਂ ਤਕ ਔਰਤਾਂ ਦੇ ਜਿਸਮ ਜੰਗ ਦੇ ਮੈਦਾਨ ਬਣਦੇ ਰਹਿਣਗੇ?

*ਔਰਤ ਜਨਮਦਾਤੀ ਹੈ, ਸੰਸਾਰ ਨੂੰ ਚਲਦਾ ਰੱਖਣ ਲਈ ਆਪਣੀ ਜ਼ਿੰਦਗੀ ਤਕ ਦਾਅ ਉਤੇ ਲਾ ਦਿੰਦੀ ਹੈ। ਪਰ ਮਰਦ ਜਿਨ੍ਹਾਂ ਅੰਗਾਂ ਦੀ ਪੈਦਾਇਸ਼ ਹੁੰਦਾ, ਉਸਦਾ ਹੀ ਬੇਰਹਿਮੀ ਨਾਲ ਨਿਰਾਦਰ ਕਰਦਾ।*



**ਨਰਿੰਦਰ ਕੌਰ ਸੋਹਲ**

ਅਜਿਹਾ ਹੀ ਵਾਪਰਿਆ ਮਨੀਪੁਰ ਵਿੱਚ, ਜਿੱਥੇ ਹਜੂਮ ਵੱਲੋਂ ਦੋ ਔਰਤਾਂ ਨੂੰ ਨੰਗਾ ਕਰਕੇ ਸੜਕਾਂ ਉੱਤੇ ਘੁਮਾਉਣ ਦੀ ਇੱਕ ਵੀਡੀਓ ਸਾਹਮਣੇ ਆਈ ਹੈ। (ਇਹਨਾਂ ਵਿੱਚੋਂ ਇੱਕ ਕਾਰਗਿਲ ਦੀ ਜੰਗ ਲੜਨ ਵਾਲੇ ਸਾਬਕਾ ਫੌਜੀ ਦੀ ਪਤਨੀ ਸੀ) ਭੂਤਰੀ ਹਿੰਸਕ ਭੀੜ ਉਹਨਾਂ ਦੇ ਨਾਜ਼ੁਕ ਅੰਗਾਂ ਨਾਲ ਛੇੜਛਾੜ ਕਰਦੀ ਵੀ ਨਜ਼ਰ ਆਉਂਦੀ ਹੈ। ਇਹ ਵੇਖ ਕੇ ਲੂ-ਕੰਢੇ ਹੀ ਖੜ੍ਹੇ ਨਹੀਂ ਹੁੰਦੇ ਸਗੋਂ ਮਨ ਗੁੱਸੇ ਨਾਲ ਭਰ ਜਾਂਦਾ ਹੈ। ਇਸ ਘਟਨਾ ਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ। ਅਫਸੋਸ ਆਪਣੇ ਆਪ ਨੂੰ ਸੱਭਿਅਕ ਅਖਵਾਉਣ ਵਾਲਾ ਮਨੁੱਖ, ਕਿੰਨੀ ਅਣਮਨੁੱਖਤਾ ਨਾਲ ਭਰਿਆ ਪਿਆ। 4 ਮਈ ਤੋਂ ਲੈ ਕੇ ਵੀਡੀਓ ਸਾਹਮਣੇ ਆਉਣ ਤਕ ਦੋਸ਼ੀਆਂ ਖਿਲਾਫ ਕਿਸੇ ਤਰ੍ਹਾਂ ਦੀ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇਸ ਅਪਰਾਧ ਵਿਰੁੱਧ ਨਾ ਤਾਂ ਪੁਲੀਸ ਪ੍ਰਸ਼ਾਸਨ ਵੱਲੋਂ ਕੋਈ ਕਾਨੂੰਨੀ ਕਾਰਵਾਈ ਕੀਤੀ ਗਈ ਅਤੇ ਨਾ ਹੀ ਮੀਡੀਆ ਵੱਲੋਂ ਇਸ ਮਸਲੇ ਨੂੰ ਸਾਹਮਣੇ ਲਿਆਂਦਾ ਗਿਆ। ਪਰ ਜਦੋਂ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ, ਚਾਰੇ ਪਾਸੇ ਥੂਹ-ਥੂਹ ਹੋਣੀ ਸ਼ੁਰੂ ਹੋ ਗਈ। ਸਰਵਉੱਚ ਅਦਾਲਤ ਵੱਲੋਂ ਝਾੜ ਪਾਉਣ ਬਾਅਦ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੇ ਮਗਰਮੱਛ ਵਾਲੇ ਹੰਝੂ ਵਹਾਉਣੇ ਸ਼ੁਰੂ ਕਰ ਦਿੱਤੇ ਤੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਗੱਲ ਵੀ ਕਰਨੀ ਪਈ ਜਦਕਿ ਪਹਿਲਾਂ ਮੁੱਖ ਮੰਤਰੀ ਨੇ ਸ਼ਰਮਿੰਦਗੀ ਮਹਿਸੂਸ ਕਰਨ ਦੀ ਥਾਂ ਕਿਹਾ ਕਿ ਇਹੋ ਜਿਹੀਆਂ ਸੈਂਕੜੇ ਘਟਨਾਵਾਂ ਹੁੰਦੀਆਂ ਹਨ। ਪ੍ਰਧਾਨ ਮੰਤਰੀ ਨੇ ਤਾਂ ਮੋਨ ਧਾਰੀ ਰੱਖਿਆ ਸੀ ਕਿਉਂਕਿ ਸੱਤਾ ਲਈ ਇਹ ਸਭ ਰਾਸ ਆਉਂਦਾ ਸੀ। ਸੂਬਾ ਸਰਕਾਰ ਅਤੇ ਕੌਮੀ ਮਹਿਲਾ ਕਮਿਸ਼ਨ ਨੂੰ ਇਸ ਘਟਨਾ ਦੀ ਜਾਣਕਾਰੀ ਹੋਣ ਦੇ ਬਾਵਜੂਦ ਵੀ ਦੋ ਮਹੀਨੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ, ਜੋ ਮਿਲੀਭੁਗਤ ਵੱਲ ਇਸ਼ਾਰਾ ਕਰਦੀ ਹੈ। ਇਹ ਘਟਨਾ ਤਾਂ ਸੈਂਕੜੇ ਘਟਨਾਵਾਂ ਵਿੱਚੋਂ ਸਿਰਫ਼ ਇੱਕ ਹੈ ਜੋ ਤਿੰਨ ਮਈ ਤੋਂ ਬਾਅਦ ਮਨੀਪੁਰ ਵਿੱਚ ਵਾਪਰੀਆਂ। ਤਿੰਨ ਮਹੀਨਿਆਂ ਤੋਂ ਮਨੀਪੁਰ ਉਸ ਫਿਰਕੂ ਹਿੰਸਾ ਦੀ ਅੱਗ ਵਿੱਚ ਲਟ-ਲਟ ਬਲ਼ ਰਿਹਾ ਹੈ ਜੋ ਦੋ ਭਾਈਚਾਰਿਆਂ ਮੈਤੇਈ ਤੇ ਕੁਕੀਆਂ ਵਿਚਾਲੇ ਭੜਕੀ ਹੋਈ ਹੈ ਜਾਂ ਕਹਿ ਲਓ ਜਾਣਬੁੱਝ ਕੇ ਭੜਕਾਈ ਗਈ ਹੈ।

ਅਸਲ ਵਿੱਚ ਕੁੱਕੀ ਤੇ ਹੋਰਾਂ ਕਬੀਲਿਆਂ ਦੇ ਲੋਕਾਂ ਨੂੰ ਲੱਗਦਾ ਹੈ ਕਿ ਮੈਤੇਈਆਂ ਨੂੰ ਅਨੁਸੂਚਿਤ ਕਬੀਲਿਆਂ ਦਾ ਦਰਜਾ ਮਿਲਣ ਨਾਲ ਉਹਨਾਂ ਦੀ ਆਰਥਿਕ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਪਰ ਦੂਜੇ ਪਾਸੇ ਭਾਜਪਾ ਦੀ ਸੂਬਾ ਸਰਕਾਰ ਮੈਤੇਈਆਂ ਨੂੰ ਇਹ ਦਰਜਾ ਦਿਵਾਉਣ ਲਈ ਪੱਬਾਂ ਭਾਰ ਹੋਈ ਪਈ ਸੀ। ਇਸ ਲਈ ਕਬੀਲਾਈ ਲੋਕ ਜੋ ਮੁੱਖ ਤੌਰ ਉੱਤੇ ਇਸਾਈ ਤੇ ਹੋਰਾਂ ਧਰਮਾਂ ਵਿੱਚੋਂ ਆਉਂਦੇ ਹਨ, ਉਹਨਾਂ ਵਿਰੁੱਧ ਜ਼ੋਰ-ਸ਼ੋਰ ਨਾਲ ਇਹ ਨਫਰਤੀ ਪ੍ਰਚਾਰ ਕੀਤਾ ਗਿਆ ਕਿ ਮਿਆਂਮਾਰ ਤੋਂ ਆਉਣ ਵਾਲ਼ੇ ਕੁੱਕੀ ਜਲਦ ਹੀ ਮੈਤੇਈਆਂ ਦੀਆਂ ਜ਼ਮੀਨਾਂ, ਨੌਕਰੀਆਂ ਤੇ ਆਰਥਿਕ ਵਸੀਲਿਆਂ ਉੱਤੇ ਕੰਟਰੋਲ ਹਾਸਲ ਕਰ ਲੈਣਗੇ। ਇਸ ਪੂਰੇ ਮਸਲੇ ਨੂੰ ਜਾਣਬੁੱਝ ਕੇ ਫਿਰਕੂ ਰੰਗਤ ਦੇਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਗਿਆ। ਵੈਸੇ ਮਨੀਪੁਰ ਦੇ ਅਰਥਚਾਰੇ ਅਤੇ ਸਿਆਸਤ ਉੱਤੇ ਮੈਤੇਈ ਸਰਮਾਏਦਾਰਾਂ ਦਾ ਹੀ ਦਬਦਬਾ ਹੈ। ਵਧੇਰੇ ਵਿਧਾਇਕ ਮੈਤੇਈ ਭਾਈਚਾਰੇ ਨਾਲ ਹੀ ਸਬੰਧ ਰੱਖਦੇ ਹਨ। 2022 ਨੂੰ ਮੁੜ ਸੱਤਾ ਵਿੱਚ ਆਉਣ ਤੋਂ ਬਾਅਦ ਬੀਰੇਨ ਸਿੰਘ ਦੀ ਸਰਕਾਰ ਨੇ ਕਈ ਅਜਿਹੇ ਕਦਮ ਚੁੱਕੇ ਹਨ ਜਿਸ ਨਾਲ ਕੁੱਕੀਆਂ ਵਿੱਚ ਇਸ ਭਾਵਨਾ ਨੇ ਜ਼ੋਰ ਫੜਿਆ ਹੈ ਕਿ ਸਰਕਾਰ ਵੱਲੋਂ ਉਹਨਾਂ ਨਾਲ ਵਿਤਕਰੇ ਦੀ ਨੀਤੀ ਅਪਣਾਈ ਜਾ ਰਹੀ ਹੈ। ਪਿਛਲੇ ਸਮਿਆਂ ਵਿੱਚ ਇਹ ਰੋਸ ਹੋਰ ਵੀ ਵਧੇਰੇ ਤਿੱਖਾ ਹੋਇਆ ਹੈ ਜਦੋਂ ਭਾਜਪਾ ਸਰਕਾਰ ਨੇ ਆਪਣੇ ਮੈਤੇਈ ਹਾਕਮਾਂ ਲਈ ਕੁੱਕੀ ਕਬੀਲੇ ਦੀ ਜ਼ਮੀਨ ਹੜੱਪਣ ਦੇ ਯਤਨ ਤੇਜ਼ ਕੀਤੇ ਹਨ। ਮੈਤੇਈਆਂ ਨੂੰ ਪਹਾੜੀ ਇਲਾਕੇ ਵਿੱਚ ਸੰਵਿਧਾਨਕ ਤੌਰ ’ਤੇ ਜ਼ਮੀਨ ਖਰੀਦਣ ਦੀ ਮਨਾਹੀ ਹੈ ਪਰ ਭਾਜਪਾ ਸਰਕਾਰ ਰਾਖਵੇਂ ਜੰਗਲ਼ ਵਧਾਉਣ, ਨਸ਼ਾ ਤਸਕਰਾਂ ਉੱਤੇ ਕਾਬੂ ਪਾਉਣ ਦੇ ਨਾਂਅ ਉੱਤੇ ਕੁਕੀਆਂ ਦੀ ਜ਼ਮੀਨ ਹੜੱਪ ਕੇ, ਉਹਨਾਂ ਨੂੰ ਉਜਾੜ ਕੇ ਮੈਤੇਈ ਸਰਮਾਏਦਾਰਾਂ ਦਾ ਮਨੀਪੁਰ ਦੇ ਆਰਥਿਕ ਵਸੀਲਿਆਂ ਉੱਤੇ ਕੰਟਰੋਲ ਵਧਾਉਣ ਦੇ ਹੱਕ ਵਿੱਚ ਭੁਗਤ ਰਹੀ ਹੈ। ਕੁੱਕੀਆਂ ਵੱਲੋਂ ਜਦੋਂ ਅਜਿਹੇ ਕਦਮਾਂ ਦਾ ਵਿਰੋਧ ਸ਼ੁਰੂ ਕੀਤਾ ਗਿਆ ਤਾਂ ਸਰਕਾਰ ਨੇ ਉਹਨਾਂ ਉੱਤੇ ਦਹਿਸ਼ਤਗਰਦ, ਦੂਜੇ ਮੁਲਕ ਤੋਂ ਆ ਕੇ ਹਿੰਸਾ ਭੜਕਾਉਣ ਵਾਲ਼ੇ (ਕੁਕੀਆਂ ਦਾ ਇੱਕ ਹਿੱਸਾ ਮਿਆਂਮਾਰ ਵਿੱਚ ਵੀ ਵਸਦਾ ਹੈ) ਨਸ਼ਾ ਤਸਕਰ ਆਦਿ ਦੇ ਠੱਪੇ ਜੜੇ ਤੇ ਧਾਰਾ 144 ਲਗਾਉਣ ਦੇ ਨਾਲ ਨਾਲ ਇੰਟਰਨੈੱਟ ਸੇਵਾਵਾਂ ਵੀ ਬਹੁਤੀ ਥਾਵੇਂ ਮੁਕੰਮਲ ਰੂਪ ਵਿੱਚ ਬੰਦ ਕਰ ਦਿੱਤੀਆਂ।

ਲਗਾਤਾਰ ਹਿੰਸਕ ਘਟਨਾਵਾਂ ਵਾਪਰਦੀਆਂ ਰਹੀਆਂ ਪਰ ਸੂਬਾ ਸਰਕਾਰ ਅਤੇ ਪੁਲੀਸ ਹਿੰਸਾ ਉੱਤੇ ਕਾਬੂ ਪਾਉਣ ਵਿੱਚ ਅਸਫਲ ਰਹੀਆਂ। ਇਹ ਉਦੋਂ ਹੀ ਵਾਪਰਦਾ ਜਦੋਂ ਉਨ੍ਹਾਂ ਵਿਚਲੇ ਕੁਝ ਤੱਤ ਹਿੰਸਾ ਕਰਨ ਵਾਲਿਆਂ ਦੀ ਹਿਮਾਇਤ ਕਰ ਰਹੇ ਹੋਣ। ਇਸ ਦੌਰਾਨ ਪੁਲਿਸ ਦੇ ਅਸਲਾਖਾਨਿਆਂ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਥਿਆਰ ਲੁੱਟੇ ਗਏ। ਅੰਦਰੂਨੀ ਸੁਰੱਖਿਆ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਹਥਿਆਰ ਲੁੱਟੇ ਨਹੀਂ ਗਏ ਸਗੋਂ ਇੱਕ ਖ਼ਾਸ ਭਾਈਚਾਰੇ ਦੇ ਲੋਕਾਂ ਵਿੱਚ ਵੰਡੇ ਗਏ। ਅਜਿਹੇ ਸਮੇਂ ਸੱਤਾਧਾਰੀ ਧਿਰਾਂ ਚੁੱਪ ਰਹਿੰਦੀਆਂ ਹਨ, ਹਿੰਸਾ ਨੂੰ ਜਾਣਬੁੱਝ ਕੇ ਵਧਣ ਦਿੱਤਾ ਜਾਂਦਾ ਹੈ ਤਾਂ ਕਿ ਨਿਸ਼ਾਨੇ ’ਤੇ ਲਏ ਭਾਈਚਾਰੇ ਦੇ ਲੋਕਾਂ ਨੂੰ ਸਬਕ ਸਿਖਾਇਆ ਜਾ ਸਕੇ। ਘੱਟਗਿਣਤੀਆਂ, ਆਦਿਵਾਸੀ ਕਬੀਲਿਆਂ ਤੇ ਭਾਈਚਾਰਿਆਂ ਦੀ ਹੱਕ ਸੱਚ ਦੀ ਆਵਾਜ਼ ਨੂੰ ਦਰੜਨ ਲਈ ਵਿਰੋਧੀ ਭਾਈਚਾਰੇ ਨਾਲ ਸਬੰਧਿਤ ਔਰਤਾਂ ਉੱਤੇ ਜਿਣਸੀ ਹਿੰਸਾ ਨੂੰ ਹਵਾ ਦਿੱਤੀ ਜਾਂਦੀ। ਮਨੀਪੁਰ ਦੀ ਘਟਨਾ ਵਿੱਚ ਦੋਵੇਂ ਔਰਤਾਂ ਕੁੱਕੀ ਭਾਈਚਾਰੇ ਨਾਲ ਸਬੰਧਿਤ ਹਨ। ਭੀੜ ਨੂੰ ਸ਼ਹਿ ਦੇ ਕੇ ਹੀ ਇਹਨਾਂ ਔਰਤਾਂ ਨਾਲ ਇਸ ਜ਼ਾਲਮਾਨਾ ਹਰਕਤ ਨੂੰ ਅੰਜਾਮ ਦਿੱਤਾ ਗਿਆ। ਔਰਤ ਦੀ ਬੇਪੱਤੀ ਇੱਕ ਔਰਤ ਹੋਣ ਵਜੋਂ ਵੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕਰਕੇ ਦੋਸ਼ੀ ਜਿਤਾਉਂਦੇ ਹਨ ਕਿ ਉਨ੍ਹਾਂ ਨੇ ਵਿਰੋਧੀ ਭਾਈਚਾਰੇ ਦੇ ਲੋਕਾਂ ਦੀ ਸਮੂਹਿਕ ਬੇਪੱਤੀ ਕੀਤੀ ਹੈ। ਉਸ ਬੇਪੱਤੀ ਨੂੰ ਔਰਤਾਂ ਦੇ ਜਿਸਮਾਂ ਉੱਤੇ ਉੱਕਰ ਦਿੱਤਾ ਜਾਂਦਾ ਹੈ। ਅਜਿਹਾ ਕਰਨ ਵਾਲੇ ਨਾਮਰਦਾਂ ਲਈ ਔਰਤ ਦਾ ਸਰੀਰ ਹੀ ਜੰਗ ਦਾ ਮੈਦਾਨ ਬਣ ਜਾਂਦਾ ਹੈ।

ਫਿਰਕੂ, ਫਾਸ਼ੀ, ਨਫਰਤੀ ਸਿਆਸਤ ਦਾ ਸੌਖਾ ਨਿਸ਼ਾਨਾ ਔਰਤਾਂ ਹੀ ਬਣਦੀਆਂ ਆਈਆਂ ਹਨ। ਇਹ ਘਟਨਾ ਪਹਿਲੀ ਨਹੀਂ, 1947 ਦੇਸ਼ ਦੀ ਵੰਡ, 1984 ਦਿੱਲੀ ਅਤੇ 2002 ਗੁਜਰਾਤ ਦੰਗਿਆਂ ਸਮੇਂ ਵੀ ਅਜਿਹਾ ਹੀ ਵਾਪਰਿਆ ਸੀ। ਪਰ ਹਮੇਸ਼ਾ ਹਕੂਮਤ ਵੱਲੋਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਤੋਂ ਪਾਸਾ ਵੱਟੀ ਰੱਖਿਆ ਜਾਂਦਾ ਰਿਹਾ ਹੈ। ਆਮ ਲੋਕਾਂ ਅਤੇ ਪੀੜਤਾਂ ਦੇ ਲੰਮਾ ਸਮਾਂ ਸੰਘਰਸ਼ ਕਰਨ ਤੋਂ ਬਾਅਦ ਹੀ ਕੁਝ ਦੋਸ਼ੀਆਂ ਨੂੰ ਸਜ਼ਾ ਮਿਲਦੀ ਹੈ। ਗੁਜਰਾਤ ਦੀ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਨੂੰ ਪਿਛਲੇ ਸਾਲ ਅਜ਼ਾਦੀ ਦੇ ਜਸ਼ਨਾਂ ਸਮੇਂ ‘ਚੰਗੇ ਚਰਿੱਤਰ’ ਦਾ ਸਰਟੀਫਿਕੇਟ ਦੇ ਕੇ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਅਜ਼ਾਦ ਕਰ ਦਿੱਤਾ ਗਿਆ। ਜੇਲ੍ਹ ਤੋਂ ਬਾਹਰ ਆਉਣ ਸਮੇਂ ਦੋਸ਼ੀਆਂ ਦਾ ਹਾਰ ਪਾ ਕੇ ਜਿਵੇਂ ਸਵਾਗਤ ਕੀਤਾ ਗਿਆ, ਇਹ ਦੋਸ਼ੀਆਂ ਨੂੰ ਹੱਲਾਸ਼ੇਰੀ ਦੇਣ ਬਰਾਬਰ ਹੀ ਸੀ ਕਿ ਜੋ ਮਰਜ਼ੀ ਕਰੋ, ਸਾਡਾ ਹੱਥ ਤੁਹਾਡੀ ਪਿੱਠ ’ਤੇ ਹੈ। ਕੀ ਇਨਸਾਫ਼ ਲੈਣ ਲਈ ਹਰ ਪੀੜਤ ਔਰਤ ਨੂੰ ਫੂਲਨ ਦੇਵੀ ਬਣਨਾ ਪਵੇਗਾ? ਹਾਂ ਉਹੀ ਫੂਲਨ ਦੇਵੀ ਜਿਸਦੀ ਪਿੰਡ ਦੇ ਵੀਹ ਇੱਜ਼ਤਦਾਰ ਚੌਧਰੀਆਂ ਵੱਲੋਂ ਸ਼ਰੇਆਮ ਇੱਜ਼ਤ ਲੁੱਟੀ ਗਈ ਤੇ ਸਾਰੇ ਪਿੰਡ ਵਿੱਚ ਨੰਗੀ ਕਰਕੇ ਘੁਮਾਇਆ ਗਿਆ। ਉਸਦੇ ਪਿਤਾ ਤੇ ਭਰਾ ਨੂੰ ਕਤਲ ਕਰ ਦਿੱਤਾ ਗਿਆ। ਫੂਲਨ ਦੇਵੀ ਦੇ ਅੰਦਰ ਬਦਲੇ ਦੀ ਅੱਗ ਭੜਕ ਉੱਠੀ ਤੇ ਉਹ ਡਾਕੂਆਂ ਨਾਲ ਜਾ ਰਲੀ। ਅਖੀਰ ਉਸਨੇ ਬਲਾਤਕਾਰੀ ਚੌਧਰੀਆਂ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ ਸੀ, ਜਿਸ ਕਾਰਨ ਉਸ ਨੂੰ ਜੇਲ੍ਹ ਵੀ ਕੱਟਣੀ ਪਈ ਪਰ ਉਸਨੇ ਆਪਣੇ ਅੰਦਰਲੀ ਬਦਲੇ ਦੀ ਅੱਗ ਨੂੰ ਸ਼ਾਂਤ ਜ਼ਰੂਰ ਕਰ ਲਿਆ ਸੀ।

ਹੁਣ ਮਨੀਪੁਰ ਵਿੱਚ ਵਾਪਰੇ ਕਹਿਰ ਸੰਬੰਧੀ 42 ਸਾਲਾਂ ਪੀੜਤ ਔਰਤ ਨੇ ਜੋ ਬਿਆਨ ਦਿੱਤਾ, ਉਹ ਗਹਿਰਾ ਦਰਦ ਦੇਣ ਅਤੇ ਸ਼ਰਮਸਾਰ ਕਰਨ ਵਾਲਾ ਹੈ। ਉਸ ਅਨੁਸਾਰ ਪਿੰਡ ਦੇ ਕੁਝ ਲੋਕ ਦਹਿਸ਼ਤੀ ਟੋਲੇ ਹੱਥੋਂ ਆਪਣੀ ਇੱਜ਼ਤ ਆਬਰੂ ਤੇ ਜਾਨ ਬਚਾਉਣ ਲਈ ਲੁਕੇ ਹੋਏ ਸਨ। ਪਰ ਦਹਿਸ਼ਤਗਰਦੀ ਟੋਲੇ ਲਲਕਾਰੇ ਮਾਰਦੇ ਆ ਗਏ। ਇਸ ਦੌਰਾਨ ਪੀੜਤਾਂ ਨੇ ਪੁਲਿਸ ਕੋਲੋਂ ਮਦਦ ਦੀ ਆਸ ਕੀਤੀ ਪਰ ਪੁਲਿਸ ਨੇ ਉਹਨਾਂ ਨੂੰ ਬਚਾਉਣ ਦੀ ਥਾਂ ਦਰਿੰਦਿਆਂ ਦੇ ਹਵਾਲੇ ਕਰ ਦਿੱਤਾ। ਦੋਸ਼ੀਆਂ ਨੇ ਔਰਤਾਂ ਨੂੰ ਨਿਰਵਸਤਰ ਕਰਕੇ ਆਪਣੇ ਅੱਗੇ ਲਾ ਲਿਆ। ਇਹਨਾਂ ਵਿੱਚ ਇੱਕ 21 ਸਾਲਾਂ ਦੀ ਮੁਟਿਆਰ ਵੀ ਸੀ। ਜਦੋਂ ਉਸਦੇ ਭਰਾ ਤੇ ਬਾਪ ਉਸ ਨੂੰ ਬਚਾਉਣ ਲਈ ਨਫ਼ਰਤ ਦੀ ਅੱਗ ਵਿੱਚ ਕੁੱਦ ਪਏ ਤਾਂ ਭੀੜ ਨੇ ਉਹਨਾਂ ਨੂੰ ਕੁਟ ਕੁਟ ਕੇ ਮਾਰ ਦਿੱਤਾ। ਫਿਰ ਔਰਤਾਂ ਦੇ ਅੰਗਾਂ ਨਾਲ ਜੋ ਹੋਇਆ, ਕਿਸੇ ਦੁਸ਼ਮਣ ਦੀ ਧੀ ਨਾਲ ਵੀ ਕਦੇ ਨਾ ਹੋਵੇ। ਅਫਸੋਸ, ਬੇਹੱਦ ਅਫਸੋਸ ਕਿ ਨੌਜਵਾਨ ਬੇਟੀ ਨੂੰ ਨੋਚਣ ਲਈ ਉਸ ਦੇ ਦਾਦਿਆਂ ਪੜਦਾਦਿਆਂ ਵਰਗੇ ਕਤਾਰ ਵਿੱਚ ਖੜ੍ਹੇ, ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਓ ਹੋ ਬੇਹੱਦ ਸ਼ਰਮਨਾਕ ਬੇਸ਼ਰਮੋਂ ਉਸ ਧੀ ਵਿੱਚੋਂ ਤੁਹਾਨੂੰ ਆਪਣੇ ਪਰਿਵਾਰ ਦੀਆਂ ਧੀਆਂ ਭੈਣਾਂ ਨਜ਼ਰ ਕਿਉਂ ਨਹੀਂ ਆਈਆਂ? ਜੇ ਸਾਡਾ ਇਹ ਪੜ੍ਹ ਸੁਣ ਕੇ ਦਿਲ ਰੋ ਉੱਠਿਆ ਹੈ ਤੇ ਜਿਨ੍ਹਾਂ ਨੇ ਸਭ ਕੁਝ ਆਪਣੇ ਪਿੰਡੇ ਹੰਢਾਇਆ ਹੈ, ਉਨ੍ਹਾਂ ਉੱਤੇ ਕੀ ਬੀਤੀ ਹੋਵੇਗੀ? ਔਰਤ ਨੂੰ ਦੇਵੀ ਕਹਿਣ ਵਾਲਿਓ, ਦੱਸੋ ਔਰਤ ਸਿਰਫ ਔਰਤ ਹੋਣ ਦੀ ਸਜ਼ਾ ਕਦੋਂ ਤਕ ਭੁਗਤਦੀ ਰਹੇਗੀ? ਕਦੋਂ ਤਕ ਔਰਤਾਂ ਦੇ ਜਿਸਮ ਜੰਗ ਦੇ ਮੈਦਾਨ ਬਣਦੇ ਰਹਿਣਗੇ?

Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX
IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਸਿੱਖ ਕੌਮ ਕਦੋਂ ਜਾਗੇਗੀ? ਜਦੋਂ ਸਭ ਕੁਝ ਬਰਬਾਦ ਹੋ ਜਾਵੇਗਾ !!

ਜਦੋਂ ਯੂ.ਕੇ. ਵਿੱਚ ਨੌਜੁਆਨ ਆਗੂ ਭਾਈ ਅਵਤਾਰ ਸਿੰਘ ਖੰਡਾ, ਕਨੇਡਾ ਵਿੱਚ ਭਾਈ ਸ੍ਰ ਹਰਦੀਪ ਸਿੰਘ ਨਿੱਝਰ ਅਤੇ ਪਾਕਿਸਤਾਨ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ ਦੀਆਂ ਉਤੋਉੜਤੀ ਮਾਰੇ ਜਾਣ ਦੀਆਂ ਖਬਰਾਂ ਆਈਆਂ ਤਾਂ ਸਿੱਖ ਜਗਤ ਵਿੱਚ ਇਕ ਤਰਾਂ ਦੀ ਖਲਬਲੀ ਮੱਚ ਗਈ ਤੇ ਉਨਾਂ ਨੇ ਮੂੰਹੋਂ ਮੂੰਹੀ ਇੰਝ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਇਨਾਂ ਮੰਦਭਾਗੀ ਘਟਨਾਵਾਂ ਪਿਛੇ ਭਾਰਤੀ ਏਜੰਸੀਆ ਦਾ ਕੰਮ ਹੈ। ਜਿਸ ਦੀ ਪੁਸ਼ਟੀ ਹੁਣ ਕਨੇਡਾ ਦੇ ਪ੍ਰਧਾਨ ਮੰਤਰੀ ਮਿਸਟਰ ਜਸਟਿਨ ਟਰੂਡੋ ਨੇ ਪਾਰਲੀਮੈਂਟ ਵਿੱਚ ਇਹ ਬਿਆਨ ਦੇ ਕੇ ਕਰ ਦਿੱਤੀ ਹੈ ਜਿਸ ਵਿੱਚ ਉਨਾਂ ਨੇ ਸਪਸ਼ਟ ਜਿਕਰ ਕਰ ਦਿੱਤਾ ਹੈ ਕਿ ਭਾਈ ਹਰਦੀਪ ਸਿੰਘ ਨਿੱਝਰ ਦਾ ਕੱਤਲ ਭਾਰਤੀ ਏਜੰਸੀਆਂ ਨੇ ਕੀਤਾ ਹੈ ।ਇਸ ਦਾ ਗੱਲ ਦਾ ਪ੍ਰਗਟਾਵਾ ਉਨਾਂ ਨੇ "ਜੀ 20" ਦੀ ਦਿੱਲੀ ਵਿਖੇ 20 ਮੁੱਲਕਾਂ ਦੀ ਹੋਈ ਮੀਟਿੰਗ ਵਿੱਚ ਕਰਕੇ ਭਾਰਤ ਦੀ ਭਾਜਪਾ ਸਰਕਾਰ ਦਾ ਘਿਣਾਉਣਾ ਕਿਰਦਾਰ ਵੀ ਜਨਤਕ ਤੌਰਤੇ ਕਰ ਦਿੱਤਾ ਹੈ ।ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਦੇ ਸਫੀਰ ਪਵਨ ਕੁਮਾਰ ਰਾਏ ਨੂੰ ਪੰਜ ਦਿਨਾਂ ਵਿੱਚ ਕਨੇਡਾ ਛੱਡਣ ਦੇ ਹੁਕਮ ਦੇ ਦਿੱਤੇ ਹਨ। ਉਧਰ ਭਾਰਤ ਨੇ ਵੀ ਬਦਲਾ ਲਊ ਕਾਰਵਾਈ ਕਰਦਿਆਂ ਕਨੇਡਾ ਦੇ ਸਫੀਰ ਨੂੰ ਪੰਜ ਦਿਨਾਂ ਵਿੱਚ ਭਾਰਤ ਛੱਡਣ ਦੇ ਆਦੇਸ਼ ਸੁਣਾ ਦਿੱਤੇ ਹਨ ।ਗੱਲ ਇਥੇ ਹੀ ਨਹੀਂ ਰੁੱਕੀ ਬਲਕਿ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਇਸ ਕਤਲ ਸਬੰਧੀ ਚਰਚਾ ਯੂ.ਐਨ.ਓ. ਦੇ ਮੈਂਬਰ ਦੇਸ਼ਾਂ ਵਿੱਚ ਚੱਲ ਪਈ ਹੈ। ਪਿਛਲੇ ਸਮੇਂ ਤੋਂ ਇਹੋ ਜਿਹਾ ਹੋ ਰਿਹਾ ਸਾਰਾ ਵਰਤਾਰਾ ਪੰਜਾਬੀਆਂ ਤੇ ਖਾਸ ਤੌਰਤੇ ਸਿੱਖ ਕੌਮ ਲਈ ਵੱਡੀ ਸੋਚ ਪੈਦਾ ਕਰਦਾ ਹੈ ।ਇਸ ਸਭ ਕੁਝ ਦਾ ਕਾਰਨ ਹੈ ਕਿ ਪਿਛਲੇ ਸਮੇਂ ਤੋਂ ਪੰਜਾਬ ਵਿੱਚ ਨਾ ਤਾਂ ਕੋਈ ਖੇਤਰੀ ਪਾਰਟੀ ਰਹੀ ਹੈ ਤੇ ਨਾ ਹੀ ਸਿੱਖ ਕੌਮ ਦਾ ਕੋਈ ਸੂਝਵਾਨ ਆਗੂ ਜੋ ਕੌਮ ਨੂੰ ਕੋਈ ਨੱਵੀਂ ਦਿਸ਼ਾ ਦੇਣ ਦੇ ਨਾਲ ਉਨਾਂ ਦਰਪੇਸ਼ ਔਕੜਾਂ ਦਾ ਮੁਕਾਬਲਾ ਕਰ ਸਕੇ। ਸਿੱਖ ਕੌਮ ਨੇ ਪਿਛਲੇ ਕੁਝ ਦਹਾਕਿਆਂ ਤੋਂ ਜਿਹੜਾ ਆਗੂ ਚੁਣਿਆ ਸੀ ਤੇ ਜਿਸ ਨੇ ਪੰਜਾਬ ਵਿੱਚ ਤਿੰਨ ਦਹਾਕਿਆਂ ਤਕ ਰਾਜ ਕੀਤਾ। ਉਸੇ ਆਗੂ ਦੇ ਅਧੀਨ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਸ਼੍ਰੋਮਣੀ ਕਮੇਟੀ ਮੈਂਬਰ, ਸ੍ਰੀ ਅਕਾਲ ਤੱਖਤ ਦੇ ਜਥੇਦਾਰ ਸਾਹਿਬ ਤੇ ਬਾਕੀ ਸਾਰੇ ਤੱਖਤਾਂ ਦੇ ਜਥੇਦਾਰ ਸਾਹਿਬਾਨ ਹਨ। ਜਿਨ੍ਹਾਂ ਨੂੰ ਉਹ ਆਪਣੀ ਮਰਜੀ ਦੇ ਬਣਾ ਕੇ ਆਪਣੇ ਹਿੱਤਾਂ ਵਿਸ਼ੇਸ਼ ਕਰਕੇ ਆਪਣੀ ਰਾਜ ਗੱਦੀ ਤੇ ਪੈਸੇ ਕਮਾਉਣ ਹਿੱਤ ਹੀ ਵਰਤਦੇ ਰਹੇ ਹਨ ਜਿਸ ਦਾ ਨਤੀਜਾ ਅੱਜ ਸਿੱਖ ਕੌਮ ਤੇ ਪੰਜਾਬ ਇਸ ਨਾਜੁਕ ਮੁਹਾਣੇ ਤੇ ਆਣ ਖੜ੍ਹਾ ਹੋਇਆ ਹੈ।

ਇਸ ਲੀਡਰਸ਼ਿਪ ਨੇ ਆਪਣੇ ਰਾਜ ਕਾਲ ਵਿੱਚ ਪੰਜਾਬ ਦਾ ਇਕ ਵੀ ਮਸਲਾ ਹੱਲ ਨਹੀਂ ਕਰਾਇਆ ਬਲਕਿ ਆਪਣੇ ਘਰੇਲੂ ਮੱਸਲੇ ਹੀ ਹੱਲ ਕੀਤੇ ਹਨ ਉਨਾਂ ਨੇ ਪੰਜਾਬ ਨੂੰ ਲੁੱਟਣ ਦੇ ਨਾਲ ਆਪਣੀਆਂ ਜਾਇਦਾਦਾਂ ਹੀ ਬਣਾਈਆਂ ਹਨ। ਜਿਸ ਦੀ ਪੁਸ਼ਟੀ ਭਾਰਤ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਵੀ ਕਰ ਚੁੱਕੇ ਹਨ ਕਿ ਜਦੋਂ ਵੀ ਸ੍ਰ ਬਾਦਲ ਮੈਨੂੰ ਮਿਲਣ ਦਿੱਲੀ ਆਉਂਦੇ ਸਨ ਆਪਣੇ ਨਿੱਜੀ ਮਸਲੇ ਦਸ ਕੇ ਉਨਾਂ ਦਾ ਹੱਲ ਕਰਵਾ ਕੇ ਜਾਂਦੇ ਰਹੇ ਹਨ। ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਮਸੱਲੇ ਬਾਰੇ ਉਨਾਂ ਨਾਲ ਗੱਲ ਨਹੀਂ ਕੀਤੀ। ਇਸ ਲੀਡਰਸ਼ਿਪ ਨੇ ਭਾਜਪਾ ਨਾਲ ਭਿਆਲੀ ਪਾ ਕੇ ਪੰਜਾਬ ਵਿੱਚ ਰਾਜ ਕੀਤਾ ਉਸ ਨੇ ਬੜੀ ਜਦੋਜਹਿਦ ਨਾਲ ਪ੍ਰਾਪਤ ਕੀਤੇ ਪੰਜਾਬੀ ਸੂਬੇ ਵਿੱਚ ਪੰਜਾਬ ਦੇ ਨਾਲ ਪੰਜਾਬੀ ਬੋਲੀ ਤੇ ਪੰਜਾਬੀਅਤ ਦਾ ਰੱਜ ਕੇ ਘਾਣ ਹੀ ਕੀਤਾ ਹੈ। ਹਾਲਾਂਕਿ ਸਿੱਖ ਕੌਮ ਦੇ ਬਣੇ ਇਸ ਲੀਡਰ ਦੀਆਂ ਕਈ ਵਾਰੀ ਫੋਟੋਆਂ ਵੀ ਪ੍ਰਕਾਸ਼ਿਤ ਹੁੰਦੀਆ ਰਹੀਆਂ ਹਨ ਜਿਸ ਵਿੱਚ ਉਨਾਂ ਨੂੰ ਨਿਕਰ ਪਾਈ ਹੋਈ ਰ.ਸ.ਸ. ਦੀ ਸ਼ਾਖਾ ਵਿੱਚ ਪਰੇਡ ਕਰਦੇ ਹੋਏ ਵਿਖਾਇਆ ਗਿਆ ਸੀ ਪਰ ਸਿੱਖ ਕੌਮ ਇਸ ਸਭ ਕੁਝ ਨੂੰ ਸਮਝ ਨਾ ਸਕੀ। ਉਸ ਨੂੰ ਉਦੋਂ ਸਮਝ ਲਗੀ ਜਦੋਂ ਉਸ ਨੇ ਪੰਜਾਬ ਵਿੱਚ ਆਪਣੀ ਅਕਾਲੀਆਂ ਦੀ ਸਰਕਾਰ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੋਈਆਂ ਬੇਅਦਬੀਆਂ ਕਰਨ ਦੇ ਦੋਸ਼ੀਆਂ ਨੂੰ ਨਾ ਫੜਿਆ ਤੇ ਨਾ ਹੀ ਜਿਨ੍ਹਾਂ ਦੋਸ਼ੀਆਂ ਨੇ ਗੋਲੀਆਂ ਚਲਾ ਕੇ ਸ਼ਾਂਤਮਈ ਪਾਠ ਕਰ ਰਹੇ ਨਿਹੱਥੇ ਦੋ ਸਿੱਖਾਂ ਨੂੰ ਸ਼ਹੀਦ ਕੀਤਾ ਹੋਰ ਤਾਂ ਹੋਰ ਬਿਨਾ ਮੰਗੇ ਸਿਰਸੇ ਵਾਲੇ ਸੌਦੇ ਸਾਧ ਨੂੰ ਤੱਖਤਾਂ ਦੇ ਜਥੇਦਾਰਾਂ ਕੋਲੋਂ ਜਬਰੀ ਮੁਆਫੀ ਦੁਆ ਦਿੱਤੀ। ਇਸ ਸਭ ਕੁਝ ਨੂੰ ਸਿੱਖ ਕੌਮ ਨੇ ਲੀਡਰਸ਼ਿਪ ਵਲੋਂ ਹਰ ਹੀਲੇ ਵਰਤਣ ਦੇ ਬਾਵਜੂਦ ਪ੍ਰਵਾਨ ਨਾ ਕੀਤਾ। ਸਿੱਖ ਪੰਥ ਨੇ ਇਸ ਲੀਡਰਸ਼ਪ ਨੂੰ ਅਹਿਸਾਸ ਕਰਾਉਣ ਲਈ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਰਾਜ ਗੱਦੀ ਦੇਣ ਦੀ ਬਜਾਏ ਪੰਜਾਬ ਦੀ ਵਿਰੋਧੀ ਪਾਰਟੀ ਤਕ ਨਾ ਬਣਨ ਦਿੱਤਾ। ਇਹ ਲੀਡਰਸ਼ਿਪ ਸਮਝਣ ਦੀ ਬਜਾਏ ਭਾਜਪਾ ਦਾ ਹੀ ਦੂਮਛੱਲਾ ਬਣੀ ਰਹੀ। ਪੰਜਾਬ ਵਿੱਚ 2022 ਦੀਆਂ ਹੋਈਆਂ ਚੋਣਾਂ ਵਿੱਚ ਸਿੱਖ ਕੌਮ ਨੇ ਇਸ ਲੀਡਰਸ਼ਿਪ ਨੂੰ ਬੁਰੀ ਤਰਾਂ ਹਰਾ ਕੇ ਵਿਧਾਨ ਸਭਾ ਵਿੱਚ ਸਿਰਫ ਤਿੰਨ ਸੀਟਾਂ ਦੇ ਕੇ ਸਿਖਰੋਂ ਨਕਾਰ ਦਿੱਤਾ। ਇਸ ਲੀਡਰਸ਼ਿਪ ਦੀ ਇਕ ਲੋਕ ਸਭਾ ਮੈਂਬਰ ਪੰਜਾਬੀਆਂ ਵਿਸ਼ੇਸ਼ ਕਰਕੇ ਸਿੱਖਾਂ ਵਿੱਚ ਆਪਣੀ ਸ਼ਾਖ ਨੂੰ ਮੁੜ ਤੋਂ ਬਹਾਲ ਕਰਾਉਣ ਲਈ ਅੱਜ ਕਲ ਪੰਜਾਬ ਮਸਲਿਆਂ ਨੂੰ ਬੜੇ ਜੋਰ ਨਾਲ ਲੋਕ ਸਭਾ ਵਿੱਚ ਉਭਾਰ ਕੇ ਆਪਣੀ ਗੁਆਚੀ ਸ਼ਾਖ ਬਹਾਲ ਕਰਨ ਵਿੱਚ ਲਗੀ ਹੋਈ ਹੈ ਜੋ ਕਿ ਮਗਰਮੱਛ ਦੇ ਹੰਝੂ ਸੁਟੱਣ ਤੋਂ ਵੱਧ ਕੁਝ ਨਹੀਂ ਹਨ ਕਿਉਂਕਿ ਦੂਸਰੇ ਪਾਸੇ ਇਹ ਹੀ ਲੀਡਰਸ਼ਿਪ ਭਾਜਪਾ ਅੱਗੇ ਹਾੜ੍ਹੇ ਕੱਢ ਰਹੀ ਹੈ ਕਿ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਨਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਮਝੌਤਾ ਕਰ ਲਵੇ। ਸਿੱਖ ਕੌਮ ਦੀ ਸਾਰੀ ਲੀਡਰਸ਼ਿਪ ਚਾਹੇ ਨਵਾਂ ਬਣਿਆ ਅਕਾਲੀ ਦੱਲ ਸੰਯੁਕਤ ਢੀਂਡਸੇ ਦਾ ਹੈ ਇਹ ਸਾਰੇ ਹੀ ਇਕੋ ਥੈਲੀ ਦੇ ਵੱਟੇ ਚੱਟੇ ਹਨ। ਇਧਰ ਢੀਂਡਸਾ ਵੀ ਆਪਣੇ ਪੁੱਤਰ ਨੂੰ ਰਾਜਸੀ ਅਹੁੱਦਾ ਦਿਵਾਉਣ ਲਈ ਭਾਜਪਾ ਅੱਗੇ ਸਮਝੌਤਾ ਕਰਨ ਲਈ ਹਾੜ੍ਹੇ ਕੱਢਦਾ ਦਿਖਾਈ ਦੇ ਰਿਹਾ ਹੈ। ਅੱਜ ਪੰਜਾਬ ਸਮੇਤ ਸਾਰੇ ਭਾਰਤ ਵਿੱਚ ਥਾਂ ਥਾਂ ਤੇ ਸਿੱਖ ਕੌਮ ਨੂੰ ਮਿਲੇ ਅਧਿਕਾਰਾਂ ਬੱਚਿਆਂ ਨੂੰ ਸਕੂਲਾਂ, ਪ੍ਰੀਖਿਆਵਾਂ, ਜਨਤਕ ਅਸਥਾਨਾਂ ਵਿੱਚ ਕੜ੍ਹੇ ਪਹਿਣਨ, ਸ੍ਰੀ ਸਾਹਿਬ ਪਹਿਣਨ, ਦਸਤਾਰਾਂ ਬੰਨਣ ਤੋਂ ਵਰਜਿਆ ਜਾ ਰਿਹਾ ਹੈ ਉਨਾਂ ਦੀਆ ਦਸਤਾਰਾਂ ਖੁਲਵਾ ਕੇ ਤਲਾਸ਼ੀਆਂ ਲੈਣ ਦੀਆਂ ਖਬਰਾਂ ਅਖਬਾਰਾਂ ਦਾ ਸ਼ਿੰਗਾਰ ਬਣਦੀਆਂ ਆ ਰਹੀਆ ਹਨ। ਇਹ ਗੰਭੀਰ ਸਾਜਿਸ਼ ਦਾ ਹੀ ਇਕ ਹਿੱਸਾ ਹੈ ਤਾਂ ਕਿ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਵਿਰੁੱਧ ਡੱਟ ਕੇ ਖੜਣ ਵਾਲੀ ਸਿੱਖ ਕੌਮ ਨੂੰ ਜਲੀਲ ਕਰਨ ਦੇ ਨਾਲ ਨਾਲ ਖਤਮ ਕੀਤਾ ਜਾ ਸਕੇ। ਸਿੱਖ ਕੌਮ ਦੀ ਉਕਤ ਲਾਲਚੀ ਲੀਡਰਸ਼ਿਪ ਨੇ ਸ਼੍ਰੋਮਣੀ ਕਮੇਟੀ, ਸਿੱਖ ਗੁਰਦੁਆਰਿਆ, ਵਿਦਿਅਕ ਅਦਾਰਿਆਂ ਵਿੱਚ ਭਾਜਪਾ ਤੇ ਰ.ਸ.ਸ. ਨੂੰ ਬੁਰੀ ਤਰਾਂ ਸਿੱਖੀ ਭੇਸ ਵਿੱਚ ਵਾੜ ਦਿੱਤਾ ਦਸਿਆ ਜਾ ਰਿਹਾ ਹੈ ਜੋ ਸਿੱਖ ਕੌਮ ਦਾ ਬੜੀ ਤੇਜੀ ਨਾਲ ਭਗਵਾਂਕਰਨ ਕਰਦੀ ਆ ਰਹੀ ਹੈ ਇਸੇ ਸਾਜਿਸ਼ ਤਹਿਤ ਸ਼੍ਰੋਮਣੀ ਕਮੇਟੀ ਕੋਲੋਂ ਬੜੀ ਹੁਸ਼ਿਆਰੀ ਨਾਲ ਖਾਲਸੇ ਦੀ ਤੀਜੀ ਸ਼ਤਾਬਦੀ 1999 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹਿੰਦੀ ਵਿੱਚ ਪੰਜਾਬ ਦੇ ਇਤਿਹਾਸ ਦੀ ਪੁਸਤਕ ਛੱਪਵਾ ਕੇ ਪ੍ਰਕਾਸ਼ਿਤ ਕਰਵਾਈ ਗਈ ਜਿਸ ਵਿੱਚ ਆਪਣੇ ਗੁਰੂ ਸਾਹਿਬਾਨਾਂ ਬਾਰੇ ਬੜੇ ਭੱਦੇ ਤੇ ਸ਼ਰਮਨਾਕ ਸ਼ਬਦ ਲਿਖੇ ਹੋਏ ਹਨ, ਪੰਜਾਬ ਦੇ ਨਾਲ ਸਮੁਚੇ ਭਾਰਤ ਵਿੱਚ ਜਿਹੜਾ ਪੰਜਾਬ ਦਾ ਇਤਿਹਾਸ ਪੜਾਇਆ ਜਾ ਰਿਹਾ ਹੈ ਉਹ ਸਰਾਸਰ ਗਲਤ ਹੋਣ ਦੇ ਨਾਲ ਸਿੱਖ ਕੌਮ ਨੂੰ ਅਪਮਾਣਿਤ ਕਰਨ ਵਾਲਾ ਹੈ। ਇਥੇ ਇਹ ਦਸਣਾ ਹੋਰ ਵੀ ਹੈਰਾਨੀਜਨਕ ਹੈ ਕਿ ਸ਼੍ਰੋਮਣੀ ਕਮੇਟੀ ਨੇ ਖਾਲਸੇ ਦੀ ਤੀਜੀ ਸ਼ਤਾਬਦੀ ਸਮੇਂ ਹਿੰਦੀ ਵਿੱਚ ਜਿਹੜੀ ਕਿਤਾਬ ਪ੍ਰਕਾਸ਼ਿਤ ਕੀਤੀ ਸੀ ਉਸ ਕਿਤਾਬ ਨੂੰ ਛਪਵਾਉਣ ਦੇ ਕਿਸ ਅਧਿਕਾਰੀ ਨੇ ਹੁਕਮ ਦਿੱਤੇ, ਛਾਪਣ ਵਾਲਾ ਕੌਣ ਹੈ? ਉਸ ਦੀ ਸਾਰੀ ਦੀ ਸਾਰੀ ਫਾਈਲ ਹੀ ਗੁੰਮ ਕਰ ਦਿੱਤੀ ਗਈ ਹੈ ਤਾਂ ਕਿ ਇਸ ਪੁਸਤਕ ਦੇ ਦੋਸ਼ੀਆਂ ਦਾ ਪਤਾ ਨਾ ਲਗ ਸਕੇ ਕਿ ਕੋਣ ਹਨ? ਇਹ ਸਾਜਿਸ਼ ਸਾਬਤ ਕਰਦੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਕਿਸ ਵੱਡੇ ਪੱਧਰ ਤੇ ਰ.ਸ.ਸ. ਦੀ ਲਾਬੀ ਕੰਮ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵਿੱਚੋਂ ਗੁਆਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਬਾਰੇ ਇਹ ਚਰਚਾ ਵੀ ਸਿੱਖ ਹਲਕਿਆਂ ਵਿੱਚ ਜੋਰਾਂ ਤੇ ਰਹੀ ਹੈ ਕਿ ਸਾਜਿਸ਼ ਤਹਿਤ ਇਹ ਸਰੂਪ ਵੀ ਨਾਗਪੁਰ ਵਿਖੇ ਭੇਜੇ ਗਏ ਹਨ ਤਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰ.ਸ.ਸ. ਦੀ ਸੋਚ ਮੁਤਾਬਿਕ ਤਬਦੀਲੀ ਕਰਕੇ ਨਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਪਵਾਏ ਜਾ ਸਕਣ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਣੇ ਤੇ ਬਿਰਧ ਸਰੂਪ ਵੀ ਇਸੇ ਲਾਬੀ ਨੇ ਸਾਜਿਸ਼ ਤਹਿਤ ਇਕੱਠੇ ਕੀਤੇ ਤੇ ਉਨਾਂ ਦਾ ਸਸਕਾਰ ਦੇ ਨਾਂ ਹੇਠ ਸਿੱਖਾਂ ਦੇ ਪੁਰਾਣੇ ਇਤਿਹਾਸ ਨੂੰ ਨਸ਼ਟ ਕੀਤਾ ਜਾ ਸਕੇ। ਸਿੱਖ ਜਗਤ ਵਿੱਚ ਇਹ ਵੀ ਚਰਚਾ ਰਹੀ ਹੈ ਕਿ ਜਿਹੜੇ ਬਾਬਿਆਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਕਾਰ ਸੇਵਾ ਕੀਤੀ ਹੈ ਉਹ ਬਾਬੇ ਵੀ ਬੜੀ ਚਾਲ ਨਾਲ ਹਿੰਦੂ ਜਥੇਬੰਦੀ ਰ.ਸ.ਸ. ਨੇ ਹੀ ਵਾੜੇ ਸਨ ਤਾਂ ਕਿ ਸਿੱਖ ਧਰਮ ਦੇ ਪੁਰਾਤਨ ਵਿਰਸੇ ਨੂੰ ਤਬਾਹ ਕੀਤਾ ਜਾ ਸਕੇ। ਅੱਜ ਸਿੱਖ ਜਗਤ ਦੇ ਸਾਹਮਣੇ ਹੈ ਕਿ ਸਾਡੀਆਂ ਸਾਰੀਆਂ ਪੁਰਾਤਨ ਵਿਰਾਸਤਾਂ ਜਿਹੜੀਆਂ ਆਉਣ ਵਾਲੀ ਪਨੀਰੀ ਲਈ ਚਾਣਨ ਮੁਨਾਰਾ ਹੋਣੀਆਂ ਸਨ। ਸਾਡਾ ਪੰਜ ਸੌ ਸਾਲਾਂ ਦਾ ਸਾਰਾ ਸਿੱਖ ਵਿਰਸਾ ਸੰਗ ਮਰ ਮਰ ਲਗਾ ਕੇ ਖਤਮ ਕਰ ਦਿੱਤਾ ਗਿਆ ਹੈ ਇਥੋਂ ਤਕ ਕਿ ਸਿੱਖ ਕੌਮ ਦੇ ਪਵਿੱਤਰ ਅਸਥਾਨਾਂ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਫਤਿਹਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ ਆਦਿ ਧਾਰਮਿਕ ਅਸਥਾਨਾਂ ਵਿਚਲੀਆਂ ਬਹੁਤ ਸਾਰੀਆਂ ਪੁਰਾਣੀਆਂ ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਇਮਾਰਤਾਂ, ਯਾਦਾਂ, ਪੁਰਾਤਨ ਕਿਲ੍ਹੇ, ਜਿਹੜੀ ਦੀਵਾਰ ਵਿੱਚ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਵਿੱਚ ਚਿਣਵਾਇਆ ਗਿਆ ਸੀ, ਠੰਡਾ ਬੁਰਜ, ਕੱਚੀ ਗੜ੍ਹੀ ਆਦਿ ਤੇ ਸੰਗ ਮਰ ਮਰ ਲਗਾ ਕੇ ਮਿਟਾ ਦਿੱਤਾ ਗਿਆ ਹੈ ਤਾਂ ਕਿ ਅਸੀ ਆਉਣ ਵਾਲੀ ਪਨੀਰੀ ਨੂੰ ਆਪਣਾ ਪੁਰਾਤਨ ਵਿਰਸਾ ਨਾ ਦਿਖਾ ਸਕੀਏ ਤੇ ਨਾ ਹੀ ਉਸ ਬਾਰੇ ਦਸ ਸਕੀਏ। ਇਥੇ ਮੈਂ ਇਸ ਗੱਲ ਦਾ ਉਚੇਚੇ ਤੌਰਤੇ ਵਰਨਣ ਕਰਨਾ ਜਰੂਰੀ ਸਮਝਦਾ ਹਾਂ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਜਦੋਂ ਡਾ. ਦਲਜੀਤ ਸਿੰਘ ਚੀਮਾ ਪੰਜਾਬ ਦੇ ਸਿਖਿਆ ਮੰਤਰੀ ਸਨ ਮੈਂ ਬਤੌਰ ਪੱਤਰਕਾਰ ਅਨੰਦਪੁਰਸਾਹਿਬ ਵਿਖੇ ਡਾ ਚੀਮਾ ਦਾ ਧਿਆਨ ਦੁਆਉਂਦਿਆ ਕਿਹਾ ਸੀ ਕਿ ਪਿਛਲੇ ਕਾਫੀ ਸਮੇਂ ਤੋਂ ਪੰਜਾਬ ਸਕੂਲ ਸਿਖਿਆ ਬੋਰਡ ਦੀਆਂ ਪੰਜਾਬ ਦੇ ਇਤਿਹਾਸ ਵਿਸ਼ੇ ਦੀਆਂ ਕਿਤਾਬਾਂ ਨਾ ਛਾਪੇ ਜਾਣ ਕਾਰਨ +2 ਦੇ ਵਿਦਿਆਰਥੀਆਂ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਕਿ ਉਹ ਇਤਿਹਾਸ ਦੇ ਵਿਸ਼ੇ ਦੀ ਥਾਂ ਤੇ ਹੋਰ ਵਿਸ਼ਾ ਲੈ ਲੈਣ। ਪਰ ਡਾ. ਚੀਮਾ ਨੇ ਵਿਸ਼ਵਾਸ਼ ਦੁਆਉਣ ਦੇ ਬਾਵਜੂਦ ਕੋਈ ਕੰਮ ਨਾ ਕੀਤਾ ।ਅਸਲ ਵਿੱਚ ਪੰਜਾਬ ਦੇ ਇਤਿਹਾਸ ਨੂੰ ਰ.ਸ.ਸ. ਦੀ ਲਾਬੀ ਪੰਜਾਬ ਦੇ ਇਤਿਹਾਸ ਦੀ ਪਹਿਲੀ ਪੁਸਤਕ ਜਿਸ ਵਿੱਚ ਇਤਿਹਾਸ ਠੀਕ ਲਿਖਿਆ ਹੋਇਆ ਸੀ ਉਸ ਦੀ ਥਾਂ ਤੇ ਆਪਣੀ ਨੀਤੀ ਨਾਲ ਗਲਤ ਮਲਤ ਪੁਸਤਕ ਲਿਖਵਾ ਰਹੀ ਸੀ ਜਿਸ ਵਿੱਚ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਬਾਰੇ ਬੜਾ ਕੁਝ ਗਲਤ ਲਿਖਿਆ ਹੋਇਆ ਇਸ ਕਿਤਾਬ ਨੂੰ ਲਗਵਾ ਕੇ ਪੰਜਾਬ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਚਾਹੁੰਦੇ ਸਨ ਕੁਝ ਸਮੇਂ ਬਾਅਦ ਉਹ ਕਿਤਾਬ ਫਿਰ +2 ਦੇ ਵਿਦਿਆਰਥੀਆਂ ਨੂੰ ਜਦੋਂ ਪੜ੍ਹਾਉਣੀ ਸ਼ੁਰੂ ਕੀਤੀ ਤਾਂ ਸਭ ਨੂੰ ਯਾਦ ਹੋਵੇਗਾ ਕਿ ਕਿਸਾਨ ਆਗੂ ਸ੍ਰ. ਬਲਦੇਵ ਸਿੰਘ ਸਿਰਸਾ ਨੂੰ ਕਈ ਮਹੀਨੇ ਇਸ ਗਲਤ ਲਿਖੀ ਇਤਿਹਾਸ ਦੀ ਕਿਤਾਬ ਨੂੰ ਹਟਾਉਣ ਲਈ ਪੰਜਾਬ ਸਕੂਲ ਸਿਖਿਆ ਬੋਰਡ ਦੇ ਦਫਤਰ ਅਗੇ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ ਸੀ। ਜੋ ਵਕਤੀ ਤੌਰਤੇ ਬੰਦ ਵੀ ਕਰ ਦਿੱਤੀ ਗਈ ਸੀ। ਪਰ ਹੁਣ ਵੀ ਪੰਜਾਬ ਦੇ ਇਤਿਹਾਸ ਦੀ ਕਿਤਾਬ ਜਿਹੜੀ ਪੜਾਈ ਜਾ ਰਹੀ ਹੈ ਉਸ ਵਿੱਚ ਵੀ ਪੰਜਾਬ ਦਾ ਇਤਿਹਾਸ ਗਲਤ ਮਲਤ ਲਿਖਿਆ ਹੋਇਆ ਹੈ। ਇਸੇ ਕਰਕੇ ਕਿਸੇ ਨੇ ਸੱਚ ਹੀ ਆਖਿਆ ਹੈ ਕਿ ਜੇ ਕਰ ਕਿਸੇ ਕੌਮ ਜਾਂ ਧਰਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦਾ ਇਤਿਹਾਸ, ਉਸ ਦਾ ਵਿਰਸਾ, ਉਸ ਦੀ ਬੋਲੀ ਖਤਮ ਕਰ ਦਿਓ। ਉਹ ਕੌਮ ਆਪਣੀ ਮੌਤੇ ਆਪ ਮਰ ਜਾਵੇਗੀ। ਬਸ, ਉਹੀ ਕੁਝ ਸ਼੍ਰੋਮਣੀ ਅਕਾਲੀ ਦੱਲ ਬਾਦਲ ਨੇ ਆਪੇ ਤਿੰਨ ਦਹਾਕੇ ਦੇ ਰਾਜ ਕਾਲ ਵਿੱਚ ਭਾਜਪਾ ਨਾਲ ਭਿਆਲੀ ਪਾ ਕੇ ਕੀਤਾ ਹੈ। ਬਾਦਲਾਂ ਨੇ ਪੰਜਾਬ ਵਿਚੱ ਕੋਈ ਸਿੱਖ ਲੀਡਰ ਉਭਰਣ ਹੀ ਨਹੀਂ ਦਿੱਤਾ ਜਿਸ ਕਾਰਨ ਸਿੱਖ ਕੌਮ ਦੀ ਹਾਲਤ ਅਜਿਹੀ ਤਰਸਯੋਗ ਬਣੀ ਹੋਈ ਹੈ। ਸੰਸਾਰ ਭਰ ਦੇ ਸਿੱਖਾਂ ਨੇ ਜੇ ਪੰਜਾਬ ਤੇ ਸਿੱਖ ਕੌਮ ਦੀ ਹੋਂਦ ਨੂੰ ਬਚਾਉਣਾ ਹੈ ਤਾਂ ਫਿਰ ਪੰਜਾਬ ਦੇ ਸਾਰੇ ਈਮਾਨਦਾਰ ਆਗੂਆਂ ਨੂੰ ਆਪਣੇ ਗਿੱਲੇ ਸ਼ਿਕਵੇ ਭੁੱਲਾ ਕੇ ਸਿਰ ਜੋੜ੍ਹ ਕੇ ਇਕ ਮੰਚ ਤੇ ਇਕੱਠਾ ਹੋ ਕੇ ਬਿਨਾ ਕਿਸੇ ਹੋਰ ਦੇਰੀ ਦੇ ਸਰਬ ਪ੍ਰਵਾਨਿਤ, ਧਾਰਮਿਕ ਬਿਰਤੀ ਵਾਲਾ, ਈਮਾਨਦਾਰ ਪੰਜਾਬ ਤੇ ਸਿੱਖ ਕੌਮ ਪ੍ਰਤੀ ਦਰਦ ਰੱਖਣ ਵਾਲਾ ਆਗੂ ਚੁਣ ਕੇ, ਇਕ ਜ਼ੋਰਦਾਰ ਲਹਿਰ ਚਲਾਉਣੀ ਪਵੇਗੀ ਤਾਂ ਹੀ ਪੰਜਾਬ ਤੇ ਸਿੱਖ ਕੌਮ ਦੀ ਹੋ ਰਹੀ ਇਸ ਬਰਬਾਦੀ ਨੂੰ ਰੋਕਿਆ ਜਾ ਸਕਦਾ ਹੈ।



ਸ:ਜੰਗ ਸਿੰਘ
ਵਟੱਸ ਅੱਪ ਨੰ
+1 415 603 7380

# ਹੁਣ ਅਕਾਲੀ ਦਲ ਦੇ ਵਾਰਿਸ ਘੋਨ ਮੋਨ ਬਿਨਾਂ ਪੱਗਾਂ ਵਾਲੇ ਹੋਣਗੇ

ਬਲਬੀਰ ਸਿੰਘ ਬੱਬੀ
700 910 7300



ਲੱਗਭਗ ਸੌ ਸਾਲ ਪਹਿਲਾਂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਸਾਡੇ ਵੱਡੇ ਵਡੇਰੇ ਬਜ਼ੁਰਗਾਂ ਨੇ ਧਰਮੀਂ ਹੋਣ ਦਾ ਸਬੂਤ ਉਸ ਵੇਲੇ ਦਿੱਤਾ ਸੀ ਜਦੋਂ ਗੁਰੂ ਘਰਾਂ ਵਿੱਚ ਅੰਗਰੇਜ਼ਾਂ ਦੀ ਸ਼ਹਿ ਉੱਤੇ ਮਹੰਤ ਕਾਬਜ਼ ਹੋਏ ਤੇ ਉਨਾਂ ਨੇ ਸਿੱਖੀ ਉੱਪਰ ਹੋਏ ਹਮਲਿਆਂ ਨੂੰ ਜਾਨਾਂ ਵਾਰ ਕੇ ਰੋਕਿਆ ਤੇ ਮਹੰਤਾਂ ਮਸੰਦਾਂ ਵਿਰੁੱਧ ਡੱਟ ਕੇ ਪਹਿਰਾ ਦਿੱਤਾ। ਫਿਰ ਸ਼੍ਰੋਮਣੀ ਕਮੇਟੀ ਦੀ ਨੀਹ ਰੱਖੀ ਤੇ ਇਸੇ ਕਮੇਟੀ ਵਿੱਚੋਂ ਸਿੱਖਾਂ ਦੀ ਰਾਜਨੀਤਿਕ ਪਾਰਟੀ ਅਕਾਲੀ ਦਲ ਨੇ ਜਨਮ ਲਿਆ ਤੇ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਲਈ ਜਾਨਾਂ ਨਿਛਾਵਰ ਕੀਤੀਆਂ। ਅਕਾਲੀ ਦਲ ਨੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਮੋਰਚੇ ਲਾਏ ਤੇ ਵੱਡੇ ਸ਼ੰਘਰਸ਼ ਕੀਤੇ। ਹੌਲੀ ਹੌਲੀ ਪੰਜਾਬੀਆਂ ਦੇ ਅਕਾਲੀ ਦਲ ਉੱਤੇ ਕਬਜ਼ਾ ਕਰਨ ਲਈ ਪੰਜਾਬ ਦੇ ਕਈ ਅਕਾਲੀ ਆਗੂਆਂ ਦੀ ਸਿਆਸੀ ਬਲੀ ਵੀ ਲਈ ਤੇ ਦਿੱਤੀ। ਅਖੀਰ ਨੂੰ ਪਿਛਲੇ ਦੋ ਕੁ ਦਹਾਕਿਆਂ ਤੋਂ ਅਜਿਹਾ ਕੁਝ ਵਾਪਰਿਆ ਕੀ ਪੰਜਾਬੀਆਂ ਦਾ ਅਕਾਲੀ ਦਲ ਹੁਣ ਬਾਦਲ ਪਰਿਵਾਰ ਦਾ ਅਕਾਲੀ ਦਲ ਬਣ ਗਿਆ। ਆਪ ਹੁਦਰੀਆਂ ਗਲਤ ਪਰਿਵਾਰਬਾਦ ਨੇ ਇਸ ਵੇਲੇ ਪੰਜਾਬ ਵਿਚਲੀ ਸਿਆਸਤ ਨੇ ਉਥੇ ਪਹੁੰਚਾ ਦਿੱਤਾ ਕਿ ਅਕਾਲੀ ਦਲ ਸਿਰਫ ਤਿੰਨ ਸੀਟਾਂ ਉੱਤੇ ਸਿਮਟ ਕੇ ਰਹਿ ਗਿਆ। ਇਸਦੇ ਜੋ ਕਾਰਨ ਹਨ ਉਹ ਵੀ ਸਭ ਨੂੰ ਹੀ ਪਤਾ ਹੈ।

ਅਨੇਕਾਂ ਗਲਤੀਆਂ ਕਰਕੇ ਵੀ ਮੌਜੂਦਾ ਅਕਾਲੀ ਦਲ ਬਾਦਲ ਦੀ ਲੀਡਰਸਿੱਪ ਕੋਈ ਸਬਕ ਸਿੱਖਣ ਦੀ ਥਾਂ ਨਵੀਆਂ ਤੋਂ ਨਵੀਆਂ ਗਲਤੀਆਂ ਕਰ ਰਹੀ ਹੈ। ਉਝ ਤਾਂ ਮੋਗਾ ਵਿਚਲੀ 1996 ਵਾਲੀ ਰੈਲੀ ਵਿੱਚ ਅਕਾਲੀ ਦਲ ਜਿਹੀ ਧਾਰਮਿਕ ਪਾਰਟੀ ਨੂੰ ਪੰਜਾਬੀ ਪਾਰਟੀ ਬਣਾ ਕੇ ਤੇ ਭਾਜਪਾ ਵਰਗੀ ਪਾਰਟੀ ਨਾਲ ਗੱਠਜੋੜ ਕਰ ਬਾਦਲ ਪਰਿਵਾਰ ਨੇ ਪਹਿਲਾਂ ਹੀ ਸਿੱਖ ਸਿਧਾਂਤਾਂ ਨੂੰ ਤਿਲਾਜਲੀ ਦੇ ਦਿੱਤੀ ਤੇ ਹੁਣ ਤੱਕ ਇਹੀ ਕੁਝ ਹੋ ਰਿਹਾ ਹੈ। ਪੁਰਾਤਨ ਅਕਾਲੀਆਂ ਦੀਆਂ ਗੱਲਾਂ ਇਤਿਹਾਸ ਬਣੀਆਂ ਹਨ ਜਿਵੇਂ ਇੱਕ ਵਾਰ ਵਿਧਾਨ ਸਭਾ ਹਲਕਾ ਸਮਰਾਲਾ ਤੋਂ ਸਰਦਾਰ ਨਵਾਬ ਸਿੰਘ ਕਪੂਰ ਚੋਣ ਲੜੇ ਤਾਂ ਉਨ੍ਹਾਂ ਠੋਕ ਵਜਾ ਕੇ ਕਿਹਾ ਸੀ ਕਿ ਕੋਈ ਵੀ ਨਸ਼ਾ ਕਰਨ ਵਾਲਾ ਮੂੰਹ ਸਿਰ ਮਨਾਉਣ ਵਾਲਾ ਕੋਈ ਕੁਰਹਿਤੀਆ ਮੈਨੂੰ ਵੋਟ ਨਾ ਪਾਵੇ ਚਾਹੇ ਮੈਂ ਹਾਰਾਂ ਜਾਂ ਜਿੱਤਾ। ਇਹ ਸੀ ਸਿੱਖੀ ਦੀ ਕਸਵੱਟੀ ਦੀ ਗੱਲ ਪਰ ਅੱਜ ਹੈਰਾਨੀ ਕਿ ਹੁਣ ਅਕਾਲੀ ਦਲ ਵਾਲਿਆਂ ਨੇ ਵੀ ਧਾਰਮਿਕ ਪੱਖ ਨੂੰ ਬੇਦਾਵਾ ਦੇ ਕੇ ਘੋਨ ਮੋਨ ਤੇ ਹੇਅਰ ਸਟਾਇਲ ਵਾਲੇ ਯੂਥ ਆਗੂ, ਜਿਨ੍ਹਾਂ ਦੇ ਸਿਰ ਉੱਤੇ ਪੱਗ ਦਾ ਕੋਈ ਵਾਹ ਵਾਸਤਾ ਹੀ ਨਹੀਂ ਹੈ ਉਹ ਅਕਾਲੀ ਦਲ ਦੇ ਸਿਆਸੀ ਵਾਰਿਸ ਬਣਾਏ ਜਾ ਰਹੇ ਹਨ ਤੇ ਅੱਗੋਂ ਕਬੂਲ ਵੀ ਕੀਤੇ ਜਾ ਰਹੇ ਹਨ। ਇਹ ਸਭ ਕੁਝ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੇ ਜੱਥੇਦਾਰਾਂ ਦੇ ਸਾਹਮਣੇ ਹੀ ਹੋ ਰਿਹਾ ਹੈ ਕਿਸੇ ਨੂੰ ਕਿਉ ਨਹੀਂ ਦਿੱਸਦਾ। ਜੇ ਹੋਰ ਨਹੀਂ ਤਾਂ ਯੂਥ ਆਗੂਆਂ ਲਈ ਪੱਗ ਹੀ ਜਰੂਰੀ ਕਰ ਦੇਵੋ। ਮਾੜੀ ਮੋਟੀ ਸਿੱਖੀ ਤੇ ਪੰਜਾਬੀ ਦੀ ਤਾਂ ਝਲਕ ਪਵੇ।

ਇਸ ਮਸਲੇ ਉੱਤੇ ਗੱਲਬਾਤ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤੇ ਸਿੱਖ ਵਿਦਵਾਨ ਜੋ ਅਮਰੀਕਾ ਵਿੱਚ ਰਹਿੰਦੇ ਹਨ ਸ. ਤਰਲੋਚਨ ਸਿੰਘ ਦੁਪਾਲਪੁਰ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਸ਼ਾਬਾਸ਼! ਬੱਬੀ ਤੁਹਾਡੇ ਵਰਗੇ ਨੌਜਵਾਨ ਲੇਖਕ ਇਹੋ ਜਿਹੇ ਧਾਰਮਿਕ ਮੁੱਦਿਆਂ ਉੱਤੇ ਕਲਮ ਚਲਾ ਰਹੇ ਹੋ ਪਰ ਵੱਡੇ ਬਾਦਲ ਸਾਬ ਨੇ ਤਾਂ ਆਪ ਹੀ ਇਜਹਾਰ ਆਲਮ ਦੀਪਕ ਮਲਹੋਤਰਾ ਸਰਾਬ ਵਾਲਿਆਂ ਸਰੂਪ ਚੰਦ ਸਿਗਲੇ ਸ਼ਰਮੇ ਵਰਮੇ ਤੇ ਹੋਰ ਕਈਆਂ ਨੂੰ 'ਜੱਥੇਦਾਰ' ਬਣਾਤਾ ਸੀ। ਕੁਰਸੀ ਦੇ ਲਾਲਚ ਵਿੱਚ ਕੁਰਸੀ ਉੱਤੇ ਬੈਠ ਹੀ ਸਿੱਖੀ ਸਿਧਾਂਤਾਂ ਨੂੰ ਵਗਾਹ ਮਾਰਿਆ ਤੇ ਸਾਡੇ ਵਰਗੇ ਦੇਖਦੇ ਹੀ ਰਹਿ ਗਏ। ਹੈ ਕਿਸੇ ਬਾਦਲ ਦਲੀਆਂ ਕੋਲ ਇਨ੍ਹਾਂ ਗੱਲਾਂ ਦਾ ਜਵਾਬ ....।

# “ਘੱਟ ਉਮਰ ’ਚ ਭੁੱਲ ਜਾਣ ਦਾ” ਵੱਧਿਆ ਅੰਕੜਾ

*''ਅਲਜ਼ਾਈਮਰ ਅਤੇ ਡਿਮੈਂਸ਼ੀਆ ਬਾਰੇ ਜਾਗਰੁਕ ਹੋਵੋਂ'' ਯਾਦਾਸ਼ਤ ਨਾਲ ਜੁੜੀ ਆਮ ਸਮੱਸਿਆ ਅਲਜ਼ਾਈਮਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਅੱਜ ਚੈਲੇਂਜ ਬਣਦਾ ਜਾ ਰਿਹਾ ਹੈ। ਵਿਸ਼ਵ ਅਲਜ਼ਾਈਮਰ ਮਹੀਨੇ ਦਾ ਮਕਸਦ ਹੈ ਹਰ ਪੱਧਰ 'ਤੇ ਜਾਗਰੂਕਤਾ''- ਅਨਿਲ ਧੀਰ ਕਾਲਮਨਿਸਟ ਥੈਰਾਪਿਸਟ ਹੈਲਥ ਐਜੂਕੇਟਰ ਅਵਾਰਡ ਵਿਜੇਤਾ*



ਵਿਸ਼ਵ ਭਰ ਵਿਚ ਸਤੰਬਰ 2023 ਨੂੰ ਵਿਸ਼ਵ ਅਲਜ਼ਾਈਮਰ ਮਹੀਨੇ ਦੇ ਤੌਰ ’ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਉਦੇਸ਼ ਅਲਜ਼ਾਈਮਰ ਬਾਰੇ ਜਾਗਰੂਕਤਾ ਨੂੰ ਵਧਾਉਣਾ ਅਤੇ ਇਸ ਕਲੰਕ ਨੂੰ ਲਗਾਤਾਰ ਚੁਣੌਤੀ ਦੇਣਾ ਹੈ। ਅਲਜ਼ਾਈਮਰ ਰੋਗ ਦਿਮਾਗੀ ਕਮਜ਼ੋਰੀ ਦੀ ਇੱਕ ਕਿਸਮ ਹੈ ਜੋ ਯਾਦਾਸ਼ਤ, ਸੋਚ ਅਤੇ ਵਿਵਹਾਰ ਵਿੱਚ ਅੱਜ ਬੇਸ਼ੁਮਾਰ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ। ਇਨਸਾਨ ਦੀ ਕੋਈ ਬਿਮਾਰੀ ਅਤੇ ਵੱਧ ਰਹੀ ਉਮਰ ਦੇ ਨਾਲ-ਨਾਲ ਡੇਲੀ ਰੂਟੀਨ ਵਿਚ ਇਸਦੇ ਦਖਲ ਨਾਲ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਸ਼ਵ ਭਰ ਵਿੱਚ ਇਹ ਦਿਮਾਗੀ ਕਮਜ਼ੋਰੀ ਦਾ ਅੰਕੜਾ ਅੰਦਾਜਨ 72-86% ਪਹੁੰਚ ਗਿਆ ਹੈ।

ਅਲਜ਼ਾਈਮਰ ਦੇ ਰੋਗੀ, ਜੋ 2030 ਤੱਕ 66 ਮਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਜ ਮੌਤ ਦਾ ਛੇਵਾਂ ਕਾਰਨ ਅਤੇ ਪਛਿਲੇ 18 ਸਾਲ ਵਿਚ ਅਲਜ਼ਾਈਮਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਲਗਭਗ 146% ਵਾਧਾ ਹੋਇਆ ਹੈ। ਜ਼ਰੂਰੀ ਨਹੀਂ ਬਜ਼ੁਰਗ ਪੀੜਿਤ ਹਨ, ਲਗਭਗ 200,000 ਅਮਰੀਕੀ 65 ਸਾਲ ਤੋਂ ਘੱਟ ਉਮਰ ਵਿਅਕਤੀ ਸ਼ਿਕਾਰ ਹਨ। ਸ਼ੁਰੂਆਤੀ ਅਲਜ਼ਾਈਮਰ ਰੋਗ 30 ਤੋਂ 60 ਸਾਲ ਦੀ ਉਮਰ ਵਿਚ ਦੇਖਿਆ ਜਾ ਰਿਹਾ ਹੈ। ਅਲਜ਼ਾਈਮਰ ਦੀ ਆਮ ਹਾਲਤ ਵਿਚ ਵਿਅਕਤੀ ਰੋਜ਼ ਦੇ ਕੰਮ ਯਾਨਿ ਸਵਾਲ ਵਾਰ-ਵਾਰ ਕਰਨ ਤੋਂ ਲੈ ਕੇ ਗੱਲਾਂ ਨੂੰ ਛੇਤੀ ਭੁੱਲਣ ਲੱਗ ਪੈਂਦਾ ਹੈ। ਦੂਸਰੀ ਹਾਲਤ ਵਿਚ ਬਿਮਾਰੀ ਨਾਲ ਪੀੜਿਤਾਂ ਨੂੰ ਪਰਿਵਾਰ ਦੇ ਮੈਂਬਰ ਅਤੇ ਦੋਸਤਾਂ ਦੀ ਪਛਾਣ ਕਰਨ ਵਿਚ ਮੁਸ਼ਕਲ ਆਉਣੀ ਸ਼ੁਰੂ ਹੋ ਜਾਂਦੀ ਹੈ। ਯਾਦਾਸ਼ਤ ਘਟਣ ਨਾਲ ਰੋਗੀ ਕਨਫਿਊਜ਼ ਰਹਿੰਦਾ ਹੈ। ਇਸ ਹਾਲਤ ਵਿਚ ਪਰਸਨਲ ਕੰਮ ਜਿਵੇਂ ਮੂੰਹ ਧੋਣਾ, ਟੂਥ-ਬ੍ਰਸ਼ ਕਰਨਾ, ਖਾਣਾ-ਪੀਣਾ, ਅਤੇ ਕਪੜੇ ਬਦਲਣ ਵਗੈਰਾ ਵਿਚ ਵੀ ਮੁਸ਼ਕਲ ਆ ਸਕਦੀ ਹੈ। ਗੰਭੀਰ ਅਲਜ਼ਾਈਮਰ ਰੋਗ ਦੀ ਅਗਲੀ ਹਾਲਤ ਵਿਚ ਦਿਮਾਗੀ-ਸਿਸਟਮ ਜ਼ਿਆਦਾ ਕਮਜੋਰ ਹੋ ਜਾਣ ਕਰਕੇ ਦਿਮਾਗ ਦੇ ਟਿਸ਼ੂ, ਸੈਲਜ਼ ਸੁੰਗੜ ਜਾਂਦੇ ਹਨ। ਬ੍ਰੇਨ-ਸਰਕੁਲੇਸ਼ਨ ਘੱਟ ਜਾਂ ਖਤਮ ਦੀ ਹਾਲਤ ਰੋਗੀ ਬੈਡ ਰਿਡਨ ਹੋ ਜਾਂਦਾ ਹੈ। ਆਪਣੇ-ਆਪ ਕੁੱਝ ਕਰਕੇ ਰੋਗੀ ਦੀ ਨਿਰਭਰਤਾ ਵੱਧ ਜਾਂਦੀ ਹੈ।

ਅਲਜ਼ਾਈਮਰ ਬਿਮਾਰੀ ਦਾ ਅਸਲ ਕਾਰਨ ਵਿਗਿਆਨੀ ਅਜੇ ਤੱਕ ਸਮਝ ਨਹੀਂ ਪਾ ਰਹੇ ਹਨ। ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜੈਨੇਟਿਕ ਬਦਲਾਅ ਵੀ ਕਾਰਨ ਹੋ ਸਕਦਾ ਹੈ। ਅਲਜ਼ਾਈਮਰ ਦੀ ਅਗਲੀ ਸਟੇਜ਼ ਵਿਚ ਦਿਮਾਗ



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਅੰਦਰ ਹੋਣ ਵਾਲੇ ਗੁੰਝਲਦਾਰ ਪਰਿਵਰਤਨ ਅਤੇ ਲਗਾਤਾਰ ਬਦਲ ਰਿਹਾ ਲਾਈਫਸਟਾਈਲ ਮਨਿਆ ਜਾ ਰਿਹਾ ਹੈ। ਅਲਜ਼ਾਈਮਰ ਦੇ ਵਿਕਾਸ ਦੇ ਖਤਰੇ ਨੂੰ ਵਧਾਉਣ ਵਿਚ ਬ੍ਰੇਨ ਸੈਲਜ਼, ਟਿਸ਼ੂ ਦੀ ਵੱਖ-ਵੱਖ ਤਰੀਕੇ ਨਾਲ ਬਦਲਦੀ ਹੋਈ ਕ੍ਰਿਆ ਹੋ ਸਕਦੀ ਹੈ। ਵਿਗਿਆਨੀ ਦਿਮਾਗ ਅਤੇ ਸਰੀਰ ਦੇ ਤਰਲ ਪਦਾਰਥਾਂ ਵਿਚ ਤਬਦੀਲੀਆਂ ਬਾਰੇ ਸਟਡੀ ਦੁਆਰਾ ਅਲਜ਼ਾਈਮਰ ਦੇ ਪੈਦਾ ਹੋਣ ਵਾਲੇ ਲਛਣਾਂ ਨੂੰ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ। ਔਪਲੀਪੋਪ੍ਰੋਟੀਨ ਈ ਜੀਨ ਦਾ ਇੱਕ ਰੂਪ ਹੋਣਾ ਸਰੀਰ ਅੰਦਰ ਖਤਰੇ ਨੂੰ ਵਧਾ ਰਹੀ ਹੈ। ਉਮਰ ਨਾਲ ਜੁੜੀਆਂ ਤਬਦੀਲੀਆਂ ਵਿਚ ਦਿਮਾਗ ਦੇ ਕੁੱਝ ਹਿੱਸੇ ਸਿੰਗੁੜ (ਐਟਰੋਫੀ) ਜਾਣ ਨਾਲ, ਨਾੜੀਆਂ ਦੀ ਕ੍ਰਿਆ ਬਿਗੜ ਜਾਂਦੀ ਹੈ। ਪੂਰਾ ਡੀਐਏ ਗਰੁੱਪ ਜੋ ਕਿਸੇ ਵਿਅਕਤੀ ਦੇ ਦੇਰ ਨਾਲ ਹੋਣ ਵਾਲੇ ਅਲਜ਼ਾਈਮਰ ਦੇ ਖਤਰੇ ਨੂੰ ਵੱਖ-ਵੱਖ ਡਿਗਰੀਆਂ ਵਿਚ ਵਧਾ ਜਾਂ ਘਟਾ ਸਕਦਾ ਹੈ। ਵੱਧ ਰਹੀ ਅਲਜ਼ਾਈਮਰ ਦੀ ਸਮੱਸਿਆ ਅੱਜ ਬੋਧਿਕ ਗਿਰਾਵਟ ਨਾਲ ਜੁੜੇ ਰੋਗ-ਸਟ੍ਰੋਕ, ਹਾਈ-ਬਲੱਡ ਪ੍ਰੈਸ਼ਰ, ਮੋਟਾਪਾ ਅਤੇ ਡਾਇਬੀਟੀਜ਼ ਵੀ ਜਿਮੇਵਾਰ ਹੋ ਸਕਦੇ ਹਨ। ਦਿਮਾਗ ਦੀ ਵੱਧ ਰਹੀ ਉਮਰ ਅਤੇ ਬਿਮਾਰੀ ਦੇ ਅਸਲ ਕਾਰਨ ਲਈ ਰਿਸਰਚ ਜ਼ਾਰੀ ਹੈ।


- ਘੱਟ ਉਮਰ ’ਚ ਛੇਤੀ ਭੁੱਲ ਜਾਣ ਦੀ ਸਮੱਸਿਆ ਲਈ ਸਰੀਰਕ-ਮਾਨਸਿਕ ਅਕੇਸਰਸਾਈਜ਼, ਪੌਸ਼ਟਿਕ ਖੁਰਾਕ, ਸੋਸ਼ਲ ਗਤੀਵਿਧੀਆਂ, ਆਤਮ ਵਿਸ਼ਵਾਸ, ਸਮੇਂ-ਸਮੇਂ ਤੇ ਮੈਡੀਕਲ ਚੈਕਅਪ ਅਤੇ ਬਿਮਾਰੀਆਂ ਦੇ ਪ੍ਰੋਪਰ ਇਲਾਜ਼ ਨਾਲ ਅਲਜ਼ਾਈਮਰ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਅਲਜ਼ਾਈਮਰ ਤੋਂ ਬਚਾਅ ਲਈ ਗਲੋਬਲ ਐਕਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਹੈਲਦੀ ਲਾਈਫਸਟਾਈਲ, ਵਾਤਾਵਰਣ ਅਤੇ ਬਿਮਾਰੀਆਂ ਤੋਂ ਬਚਾਅ ਦੇ ਤਰੀਕੇ ਅਲਜ਼ਾਈਮਰ ਦਾ ਵਿਕਾਸ ਘਟਾਉਣ ਵਿਚ ਭੂਮਿਕਾ ਨਿਭਾ ਸਕਦੇ ਹਨ।
- ਅਲਜ਼ਾਈਮਰ ਦੀ ਜਾਂਚ ਲਈ ਕਲੀਨਿਕ ਟਰਾਇਲ ਦੁਆਰਾ “ਸੰਭਾਵਤ ਅਲਜ਼ਾਈਮਰ ਡਿਮੇਨਸ਼ੀਆ,” ਰੋਗੀ ਅਤੇ ਪੂਰੇ ਪਰਿਵਾਰ ਦੀ ਸਮੁੱਚੀ ਸਿਹਤ, ਵਧੇਰੇ ਦਵਾਈਆਂ ਦੀ ਵਰਤੋਂ, ਖੁਰਾਕ, ਪਿਛਲੇ ਮੈਡੀਕਲ ਸਮੱਸਿਆਵਾਂ, ਡੇਲੀ ਗਤੀਵਿਧੀਆਂ ਕਰਨ ਦੀ ਯੋਗਤਾ, ਪੋਜ਼ੀਟਿਵ ਸੋਚ, ਮਾਨਸਿਕ ਵਿਵਹਾਰ ਵਿਚ ਤਬਦੀਲੀ ਬਾਰੇ ਜਾਂਚ, ਮੈਡੀਕਲ ਟੈਸਟ-ਐਮਆਰਆਈ, ਸੀਟੀਸੀ, ਪੀਈਟੀ, ਵਗੈਰਾ ਨਾਲ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।
- ਅੰਤਰਰਾਸ਼ਟਰੀ ਪੱਧਰ ਤੰਦਰੁਸਤੀ ਲਈ ’ਤੇ ਅਲਜ਼ਾਈਮਰ ਦੀ ਕਲੀਨਿਕਲ ਖੋਜ, ਇਲਾਜ਼, ਰੋਕਥਾਮ, ਅਤੇ ਸਮਝਣ ਲਈ ਵਲੰਟੀਅਰਾਂ ਦੇ ਸਹਿਯੋਗ ਦੀ ਲੋੜ ਹੈ।
- ਸਿਗਰੇਟ ਜਾਂ ਤਮਾਕੂਨੋਸ਼ੀ ਅਤੇ ਜ਼ਿਆਦਾ ਅਲਕੋਹਲ ਇਸਤੇਮਾਲ ਕਰਨ ਵਾਲੇ ਦਿਮਾਗੀ ਕਮਜੋਰੀ, ਸ਼ੂਗਰ, ਸਟ੍ਰੋਕ ਅਤੇ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦੇ ਨਾਲ ਅਲਜ਼ਾਈਮਰ ਦਾ ਵੀ ਖਤਰਾ ਵਧਾ ਰਹੇ ਹਨ। ਤੰਦਰੁਸਤੀ ਲਈ ਜੰਕ ਫੂਡ, ਜ਼ਿਆਦਾ ਸ਼ੂਗਰ, ਅਲਕੋਹਲ, ਅਤੇ ਨਸ਼ਿਆਂ ਦੀ ਆਦਤ ਕੰਟ੍ਰੋਲ ਕਰਨ ਦੀ ਲੋੜ ਹੈ।
- ਰੂਟੀਨ ਦੀ ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਓਮੇਗਾ ਸਪਲੀਮੈਂਟਸ, ਬਦਾਮ ਗਿਰੀ, ਦੁੱਧ, ਪਨੀਰ, ਦਹੀਂ, ਘਰੇਲੂ ਮਿਕਸ ਵੇਜ਼ੀਟੇਬਲ ਸੂਪ, ਤਾਜ਼ੇ ਫਲਾਂ ਦਾ ਰੱਸ, ਦਾਲਾਂ, ਬੀਨਜ਼, ਓਲਿਵ ਆਇਲ ਵਗੈਰਾ ਨੂੰ ਸ਼ਾਮਿਲ ਕਰੋ।

**ਨੋਟ:** ਆਮ ਲੱਛਣ ਜਿਵੇਂ- ਆਪਣੇ ਗਲੇ ਵਿਚ ਲਟਕੀ ਹੋਈ ਐਨਕ ਲੱਭਣਾ, ਕਾਰ ਪਾਰਕ ਕਰਕੇ ਅਤੇ ਕਾਰ ਦੀ ਅਤੇ ਬਾਹਰੋਂ ਆਕੇ ਘਰ ਦੀ ਚਾਬੀ ਰੱਖ ਕੇ ਭੁੱਲ ਜਾਣਾ, ਦੋਸਤ-ਰਿਸ਼ਤੇਦਾਰਾਂ ਦੇ ਨਾਂ, ਰੋਜ ਦੇ ਜਰੂਰੀ ਕੰਮ, ਬਿੱਲਾਂ ਦਾ ਸਮੇਂ ’ਤੇ ਭੁਗਤਾਨ, ਕੰਮ ਕਰਨ ਦੀ ਯੋਗਤਾ ਘੱਟ ਜਾਣਾ ਅਤੇ ਛੇਤੀ ਮੂਡ ਬਦਲ ਜਾਣ ਦੀ ਹਾਲਤ ਨੂੰ ਗੰਭੀਰਤਾ ਨਾਲ ਲੈ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈ ਬਲੱਡ-ਪ੍ਰੈਸ਼ਰ, ਡਿਪ੍ਰੈਸ਼ਨ ਅਤੇ ਸ਼ੂਗਰ ਦੇ ਰੋਗੀਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ।



# ਦੇਸ਼ ਵਿਚ ਮਿਲਿਆ ਚਿਕਨਪੌਕਸ ਦਾ ਨਵਾਂ ਵੇਰੀਐਂਟ

ਦੇਸ਼ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਲਗਾਤਾਰ ਫੈਲ ਰਹੀਆਂ ਹਨ। ਕੋਰੋਨਾ ਮਹਾਮਾਰੀ ਤੋਂ ਬਾਅਦ ਜਿੱਥੇ ਕੇਰਲ ’ਚ ਨਿਪਾਹ ਵਾਇਰਸ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ ਉੱਥੇ ਹੀ ਦੂਜੇ ਪਾਸੇ ਡੇਂਗੂ ਦੇ ਲਗਾਤਾਰ ਆਉਣ ਵਾਲੇ ਮਾਮਲੇ ਵੀ ਲੋਕਾਂ ਲਈ ਮੁਸੀਬਤ ਦਾ ਕਾਰਨ ਬਣੇ ਹੋਏ ਹਨ। ਇਸ ਦੌਰਾਨ ਹੁਣ ਇਕ ਹੋਰ ਬਿਮਾਰੀ ਚਿੰਤਾ ਦਾ ਵਿਸ਼ਾ ਬਣ ਗਈ ਹੈ। ਦਰਅਸਲ, ਹਾਲ ਹੀ ’ਚ ਦੇਸ਼ ਵਿਚ ਚਿਕਨਪੌਕਸ ਦੀ ਇਕ ਨਵੀਂ ਕਿਸਮ ਕਲੈਡ 9 ਪਾਈ ਗਈ ਹੈ। ਆਓ ਜਾਣਦੇ ਹਾਂ ਚਿਕਨਪੌਕਸ ਦੇ ਇਸ ਨਵੇਂ ਰੂਪ ਦੇ ਲੱਛਣਾਂ ਤੋਂ ਲੈ ਕੇ ਰੋਕਥਾਮ ਤਕ ਸਭ ਕੁਝ-



ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੋਜੀ (NIV) ਨੇ ਪਹਿਲੀ ਵਾਰ ਵੈਰੀਸੈਲਾ-ਜ਼ੋਸਟਰ ਵਾਇਰਸ (VZV) ਦੇ ਕਲੇਡ 9 ਰੂਪ ਦੀ ਮੌਜੂਦਗੀ ਦੀ ਰਿਪੋਰਟ ਕੀਤੀ ਹੈ ਜੋ ਭਾਰਤ ਵਿਚ ਚਿਕਨਪੌਕਸ ਦਾ ਕਾਰਨ ਬਣਦਾ ਹੈ। ਹੁਣ ਤਕ ਇਹ ਵੇਰੀਐਂਟ ਜਰਮਨੀ, ਯੂਕੇ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਪਾਇਆ ਗਿਆ ਹੈ। ਵੈਰੀਸੇਲਾ-ਜ਼ੋਸਟਰ ਵਾਇਰਸ ਨੌਂ ਹਰਪੀਜ਼ ਵਾਇਰਸ ’ਚੋਂ ਇਕ ਹੈ ਜੋ ਬੱਚਿਆਂ, ਅੱਲ੍ਹੜਾਂ ’ਚ ਚਿਕਨਪੌਕਸ ਤੇ ਬਾਲਗਾਂ ’ਚ ਸ਼ਿੰਗਲਜ਼ ਦਾ ਕਾਰਨ ਬਣਦਾ ਹੈ। ਹੁਣ ਤਕ ਇਸ ਦੇ Clade 1 ਅਤੇ Clade 5 ਵੇਰੀਐਂਟ ਭਾਰਤ ’ਚ ਪਾਏ ਗਏ ਹਨ ਪਰ ਕਲੈਡ 9 ਪਹਿਲੀ ਵਾਰ ਪਾਇਆ ਗਿਆ ਹੈ।

**ਕੀ ਹੈ ਕਲੈਡ 9?** : ਕਲੈਡ 9 ਵੈਰੀਸੇਲਾ ਜ਼ੋਸਟਰ ਵਾਇਰਸ (VZV) ਦਾ ਇੱਕ ਰੂਪ ਹੈ, ਜੋ ਚਿਕਨਪੌਕਸ ਦਾ ਕਾਰਨ ਬਣਦਾ ਹੈ। ਇਹ ਬਿਮਾਰੀ ਆਮ ਤੌਰ ’ਤੇ ਬਚਪਨ ਦੀ ਇਕ ਆਮ ਬਿਮਾਰੀ ਹੈ। ਦੀ ਗੱਲ ਕਰੀਏ ਇਸ ਵੇਰੀਐਂਟ ਦੇ ਪ੍ਰਭਾਵ ਤਾਂ ਦੇਸ਼ ’ਚ ਮੌਜੂਦ ਇਸ ਦੇ ਪਿਛਲੇ ਵੇਰੀਐਂਟਸ ਦੀ ਤੁਲਨਾ ’ਚ Clade 9 ਕਾਰਨ ਹੋਣ ਵਾਲੇ ਇਨਫੈਕਸ਼ਨ ਦੀ ਗੰਭੀਰਤਾ ’ਚ ਕੋਈ ਫਰਕ ਨਹੀਂ ਹੈ।

**ਕਲੈਡ 9 ਦੇ ਲੱਛਣ ਕੀ ਹਨ?** : ਚਿਕਨਪੌਕਸ ਦੇ ਲੱਛਣ ਵਾਇਰਸ ਦੇ ਸੰਪਰਕ ’ਚ ਆਉਣ ਤੋਂ 2-3 ਹਫ਼ਤਿਆਂ ਬਾਅਦ ਦਿਖਾਈ ਦਿੰਦੇ ਹਨ। ਧੱਫੜ ਨਿਕਲਣ ਤੋਂ ਪਹਿਲਾਂ, ਪੀੜਤ ਨੂੰ ਬੁਖਾਰ, ਸਰੀਰ ’ਚ ਦਰਦ ਤੇ ਸਿਰਦਰਦ ਹੁੰਦਾ ਹੈ। ਇਸ ਤੋਂ ਬਾਅਦ, ਮਰੀਜ਼ ਦੇ ਸਰੀਰ ’ਚ ਧੱਫੜ ਦਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਪਪਲਸ ਕਿਹਾ ਜਾਂਦਾ ਹੈ। ਬਾਅਦ ਵਿੱਚ ਤਰਲ ਨਾਲ ਭਰੇ ਛੋਟੇ ਛਾਲੇ ਬਣਦੇ ਹਨ, ਜਿਸਨੂੰ ਵੇਸਿਕਲਸ ਕਿਹਾ ਜਾਂਦਾ ਹਨ। ਇਸ ਦੇ ਮੁੱਖ ਲੱਛਣਾਂ ’ਚ ਧੱਫੜ, ਬੁਖ਼ਾਰ, ਭੁੱਖ ਨਾ ਲੱਗਣਾ, ਸਿਰਦਰਦ, ਥਕਾਵਟ, ਮਾੜੀ ਸਿਹਤ ਦੀ ਭਾਵਨਾ

**ਕਿਵੇਂ ਕਰੀਏ ਬਚਾਅ** : ਚਿਕਨਪੌਕਸ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਇਸਦੀ ਵੈਕਸੀਨ ਹੈ। ਹਾਲਾਂਕਿ, ਕੋਈ ਵਿਅਕਤੀ ਕੁਝ ਹੋਰ ਚੀਜ਼ਾਂ ਦਾ ਧਿਆਨ ਰੱਖ ਕੇ ਆਪਣੇ ਆਪ ਨੂੰ ਇਸ ਤੋਂ ਬਚਿਆ ਜਾ ਸਕਦਾ ਹੈ।

**ਖੰਘ ਤੇ ਛਿੱਕਦੇ ਸਮੇਂ ਸਾਵਧਾਨ ਰਹੋ** : ਵਾਇਰਸ ਆਮ ਤੌਰ ’ਤੇ ਖੰਘਣ ਤੇ ਛਿੱਕਣ ਨਾਲ ਫੈਲਦੇ ਹਨ। ਅਜਿਹੀ ਸਥਿਤੀ ਵਿੱਚ ਧਿਆਨ ਵਿੱਚ ਰੱਖੋ ਕਿ ਖੰਘਣ ਜਾਂ ਛਿੱਕਣ ਵੇਲੇ ਆਪਣੇ ਮੂੰਹ ਅਤੇ ਨੱਕ ਨੂੰ ਢੱਕਣ ਲਈ ਰੁਮਾਲ, ਟਿਸ਼ੂ ਜਾਂ ਆਪਣੀ ਕੂਹਣੀ ਦੀ ਵਰਤੋਂ ਕਰੋ।

**ਸਿਹਤਮੰਦ ਜੀਵਨ ਸ਼ੈਲੀ ਅਪਣਾਓ** : ਇੱਕ ਮਜ਼ਬੂਤ ਇਮਿਊਨ ਸਿਸਟਮ ਬਹੁਤ ਸਾਰੀਆਂ ਬਿਮਾਰੀਆਂ ਤੇ ਲਾਗਾਂ ਤੋਂ ਬਚਾਉਣ ’ਚ ਮਦਦ ਕਰਦਾ ਹੈ। ਅਜਿਹੀ ਸਥਿਤੀ ’ਚ ਚਿਕਨਪੌਕਸ ਤੋਂ ਸੁਰੱਖਿਅਤ ਰਹਿਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਇਕ ਸਿਹਤਮੰਦ ਜੀਵਨ ਸ਼ੈਲੀ ਅਪਣਾਓ। ਇਸ ਲਈ ਤੁਸੀਂ ਸੰਤੁਲਿਤ ਖੁਰਾਕ, ਨਿਯਮਤ ਕਸਰਤ ਤੇ ਲੋੜੀਂਦੀ ਨੀਂਦ ਨੂੰ ਆਪਣੀ ਰੁਟੀਨ ਦਾ ਹਿੱਸਾ ਬਣਾ ਸਕਦੇ ਹੋ।

**ਪਰਸਨਲ ਚੀਜ਼ਾਂ ਸ਼ੇਅਰ ਨਾ ਕਰੋ** : ਜੇਕਰ ਤੁਹਾਡੇ ਆਸ-ਪਾਸ ਕੋਈ ਵਿਅਕਤੀ ਚਿਕਨਪੌਕਸ ਤੋਂ ਪੀੜਤ ਹੈ ਤਾਂ ਉਸ ਦੇ ਪੂਰੀ ਤਰ੍ਹਾਂ ਠੀਕ ਹੋਣ ਤਕ ਪਰਸਨਲ ਚੀਜ਼ਾਂ ਜਿਵੇਂ ਕਿ ਤੌਲੀਏ, ਕੱਪੜੇ ਤੇ ਬਰਤਨ ਸਾਂਝੇ ਕਰਨ ਤੋਂ ਬਚੋ।

**ਆਈਸੋਲੇਸ਼ਨ** : ਜੇਕਰ ਤੁਹਾਡੇ ਘਰ ਵਿਚ ਕਿਸੇ ਨੂੰ ਚਿਕਨਪੌਕਸ ਹੈ ਤਾਂ ਉਸ ਨੂੰ ਦੂਜਿਆਂ ਨਾਲੋਂ ਅਲੱਗ ਰੱਖੋ। ਪੀੜਤ ਨੂੰ ਖਾਸ ਤੌਰ ’ਤੇ ਹਾਈ ਰਿਸਕ ਵਾਲੇ ਲੋਕਾਂ ਤੋਂ ਵੀ ਦੂਰ ਰੱਖੋ ਜਿਵੇਂ ਕਿ ਗਰਭਵਤੀ ਔਰਤਾਂ, ਨਵਜੰਮੇ ਬੱਚੇ ਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕ।

**ਮਾਹਰ ਤੋਂ ਲਓ ਸਲਾਹ** : ਜੇਕਰ ਕੋਈ ਵਿਅਕਤੀ ਚਿਕਨਪੌਕਸ ਤੋਂ ਪੀੜਤ ਹੈ ਜਾਂ ਉਸ ਵਿਚ ਕੋਈ ਲੱਛਣ ਵਿਕਸਤ ਹੋ ਰਹੇ ਹਨ ਤਾਂ ਤੁਰੰਤ ਡਾਕਟਰ ਦੀ ਸਲਾਹ ਲਓ। ਸਮਾਂ ਰਹਿੰਦੇ ਸਹੀ ਇਲਾਜ ਲਈ ਮਾਹਿਰ ਦੀ ਸਲਾਹ ਤੁਹਾਨੂੰ ਗੰਭੀਰ ਜੋਖ਼ਮ ਤੋਂ ਬਚਾਅ ਸਕਦੀ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਗ਼ਜ਼ਲ

ਸੱਜਣ ਜੀ ਅੱਜ ਵਿਹੜੇ ਢੁੱਕੇ, ਜੀ ਆਇਆਂ ਜੀ ਆਇਆਂ ਨੂੰ।
ਦਿਲ 'ਚੋਂ ਲਫ਼ਜ਼ ਕਹਾਂ ਦੋ ਟੁੱਕੇ, ਜੀ ਆਇਆਂ ਜੀ ਆਇਆਂ ਨੂੰ।

ਉਸਦੀ ਖਾਤਰਦਾਰੀ ਦੇ ਵਿੱਚ, ਲੱਪ ਕੁ ਹੰਝੂ ਭੇਟ ਕਰਾਂ ,
ਚਾਹੇ ਰੋ-ਰੋ ਹੰਝੂ ਮੁੱਕੇ, ਜੀ ਆਇਆਂ ਜੀ ਆਇਆਂ ਨੂੰ।

ਉਸਦੇ ਅੱਜ ਅਚਾਨਕ ਆਉਣੇ, ਕਰਿਆ ਦਿਲ ਬੇਹਾਲ਼ ਜਿਹਾ,
ਭੇਜੇ ਵੀ ਮੈਂ ਲਿਖ ਲਿਖ ਰੁੱਕੇ, ਜੀ ਆਇਆਂ ਜੀ ਆਇਆਂ ਨੂੰ ।

ਦਿਲ ਵਿੱਚ ਉਦਹੇ ਖਿੱਚ ਪਈ ਹੈ, ਲਗਦੈ ਮੋੜ ਮੁਹਾਰ ਲਈ,
ਜਾਂ ਫਿਰ ਆਇਆ ਭੁੱਲੇ ਚੁੱਕੇ, ਜੀ ਆਇਆਂ ਜੀ ਆਇਆਂ ਨੂੰ।

ਪੈਂਡਾ ਤੇਰਾ ਤਕਦੇ ਤਕਦੇ, ਰੁੱਖ ਜਿਹਾ ਮੈਂ ਬਣਿਆ ਸੀ,
ਖੜ੍ਹ ਤੇਰੇ ਰਾਹਾਂ ਵਿੱਚ ਸੁੱਕੇ, ਜੀ ਆਇਆਂ ਜੀ ਆਇਆਂ ਨੂੰ।

ਜਿਸਨੂੰ ਮੰਨ ਲਵਾਂ ਮੈਂ ਅਪਣਾ, ਦਿਲ ਦੀ ਹੀ ਗਹਿਰਾਈ 'ਚੋਂ ,
ਫਿਰ ਨਾ ਯਾਰ ਚਲਾਵਾਂ ਤੁੱਕੇ, ਜੀ ਆਇਆਂ ਜੀ ਆਇਆਂ ਨੂੰ ।



ਆਪਾਂ ਮਿਲਦੇ-ਗਿਲਦੇ ਰਹਿਣਾ, ਦੁੱਖ-ਸੁੱਖ 'ਸ਼ਾਇਰ'ਵੰਡਾਉਦੇ ਹੀ,
ਲੈ ਦੇਵਾਂ ਸਨਮਾਨ 'ਚ ਬੁੱਕੇ, ਜੀ ਆਇਆਂ ਜੀ ਆਇਆਂ ਨੂੰ।

- ਮਾਲਵਿੰਦਰ ਸ਼ਾਇਰ

## ਉੱਚਾ ਸਿਰ

ਕਿਤਾਬਾਂ ਬਹੁਤ ਪੜ੍ਹੀਆਂ,
ਗ੍ਰੰਥਾਂ ਨੂੰ ਵੀ ਪੜ੍ਹਾਗਾਂ।
ਰੱਟੇ ਤਾਂ ਮੈਥੋਂ ਨਹੀਂ ਲੱਗਣੇ,
ਅਰਥਾਂ ਨੂੰ ਮਨ 'ਚ ਵਸਾਵਾਂਗਾ।
ਪੜ੍ਹ ਪੜ੍ਹ ਗੱਡੇ ਨਾ ਲੱਦੂੰ,
ਸਮਝ ਕੇ ਹੋਰਾਂ ਤਾਈਂ ਪਹੁੰਚਾਵਾਂਗਾ।
ਮਨੁੱਖਤਾ ਦੀ ਜਾਤ ਸਾਰੀ ਇੱਕ ਲੱਗੂ,
ਸਾਂਝੀਵਾਲਤਾ ਨੂੰ ਦਿਲੋਂ ਅਪਣਾਵਾਂਗਾ।
ਦੂਜਿਆਂ ਨੂੰ ਉੱਚਾ ਨੀਵਾਂ ਕਹਿ,
ਨਾ ਨਫਰਤ ਫੈਲਾਵਾਂਗਾ।
ਇੱਕੋ ਪੰਗਤ'ਚ ਲੰਗਰ ਛਕਾ,
ਛੋਟੇ ਵੱਡੇ ਵਾਲਾ ਭੇਦ ਮਿਟਾਵਾਂਗਾ।
ਔਰਤ ਜੱਗ ਦੀ ਹੈ ਜਨਣੀ,
ਨੀਵਾਂ ਨਾ ਉਸ ਤਾਈਂ ਦਿਖਾਵਾਂਗਾ।
ਵੰਡ ਕੇ ਖਾ ਲੈਣੀ ਆ ਜਾਊ,
ਹੋਰਾਂ ਕੋਲੋਂ ਖੋ ਕੇ ਨਾ ਖਾਵਾਂਗਾ।
ਕਿਰਤ ਕਰਨ ਦੀ ਅਹਿਮੀਅਤ,
ਦੇ ਗੀਤ ਦਿਲੋਂ ਗਾਵਾਂਗਾ।
ਵਿਹਲੇ ਪੁਜਾਰੀਆਂ ਨੂੰ ਨਾ,
ਕਮਾਈ ਆਪਣੀ ਖਵਾਵਾਂਗਾ।
ਬਲਿਹਾਰੀ ਕੁਦਰਤ ਨੂੰ ਸਮਝ ਕੇ,
ਦਰੱਖਤ, ਪੌਣ, ਪਾਣੀ ਨੂੰ ਬਚਾਵਾਂਗਾ।
ਗੁੱਸਾ ਆਉਣੋਂ ਆਪੇ ਹਟ ਜਾਊ,
ਵਿਚਾਰ ਦਾ ਰਾਹ ਜਦ ਅਪਣਾਵਾਂਗਾ।
ਮੌਤੋਂ ਬਾਦ ਨਰਕ ਦਾ ਡਰ ਨਾ ਰਹੂ,
ਧਰਤੀ ਤੇ ਸਵਰਗ ਬਣਾਵਾਂਗਾ।
ਕਹਿਣੀ ਤੇ ਕਰਨੀ ਇੱਕ ਹੋ ਜਾਊ,
ਜਦ ਕਰਨੇ ਦਿਖਾਵੇ ਛੱਡ ਆਵਾਂਗਾ।
ਗਿਰਜੇ, ਮੰਦਰ, ਮਸਜਿਦ ਭਾਵੇਂ ਢਹਿਣ,
ਦਿਲ ਨਾ ਇਨਸਾਨੀ ਢਾਵਾਂਗਾ।
ਦੁਖੀ ਨਾ ਕੋਈ ਦੁਨੀਆਂ ਤੇ ਹੋਵੇ,
ਹਰ ਵੇਲੇ ਦਿਲੋਂ ਇਹੀ ਚਾਹਾਂਗਾ।
ਅਵਤਾਰ ਤਰਕਸ਼ੀਲਾ ਸੋਚ ਉੱਚੀ ਕਰ,
ਡੇਰਿਆਂ ਤੇ ਪੈਰ ਨਾ ਪਾਵਾਂਗਾ।
ਖੁਰਦਪੁਰੀਆ ਸਿਰ ਮਾਣ ਨਾਲ,
ਉੱਚਾ ਕਰ ਦੁਨੀਆਂ'ਚੋਂ ਜਾਵਾਂਗਾ।

-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ
00642139 2147

## ਮਹੁੱਬਤ

ਕੌਣ ਭਲਾ, ਕੌਣ ਬੁਰਾ ਇਥੇ
ਸਭਨਾਂ ਨਾਲ ਮਹੁੱਬਤ ਕਰੀਏ,
ਹਨੇਰਿਆਂ ਵਿਚ ਕੀ ਜੀਣਾ ਸੱਜਣਾ
ਚਾਨਣ ਨਾਲ ਮਹੁੱਬਤ ਕਰੀਏ,
ਅੱਖਾਂ ਮੀਟ ਕੇ ਨਫਰਤ ਉਤੇ
ਪਾ ਕੇ ਜਾਲ, ਮਹੁੱਬਤ ਕਰੀਏ,
ਵੇਖ ਲਵਾਂਗੇ ਜੋ ਹੋਵੇਗਾ
ਹੁਣ ਤੇ ਆਓ ਮਹੁੱਬਤ ਕਰੀਏ,
ਰੋਸੇ, ਗਿਲੇ ਜੋ ਵੀ ਹੋਵਣ
ਮਗਰੋਂ ਟਾਲ, ਮਹੁੱਬਤ ਕਰੀਏ,
ਜ਼ਾਤ, ਧਰਮ ਦੀ ਛੱਡਦੇ ਨਫ਼ਰਤ
ਆਜਾ ਪਾਕਿ ਮਹੁੱਬਤ ਕਰੀਏ,
ਪੱਥਰਾ ਵਿਚੋਂ ਕੁਝ ਨੀ ਲੱਭਣਾ
ਇਨਸਾਨਾਂ ਨਾਲ ਮਹੁੱਬਤ ਕਰੀਏ,
ਨਿਕਲ ਜਾਣੀ ਹੱਥੋਂ ਇੱਕ ਦਿਨ
ਇਸ ਜ਼ਿੰਦ ਨਾਲ ਮਹੁੱਬਤ ਕਰੀਏ,
ਸਾਹਾਂ ਦਾ ਇਤਬਾਰ ਨਾ 'ਸਾਹਿਲ'
ਛੇਤੀ ਨਾਲ ਮਹੁੱਬਤ ਕਰੀਏ।



ਕੁਲਦੀਪ ਸਿੰਘ ਸਾਹਿਲ
9417990040

## ਸ਼ਰਾਬੀ ਮਾਹੀ

ਕੱਟੀ ਨਾ ਤੂੰ ਫੋਨ ਬਾਪੂ ਦਿਲ ਦੀ ਸੁਣਾਵਾਂਗੀ
ਛੇਤੀ ਗੇੜਾ ਮਾਰੀਂ ਨਹੀਂ ਤਾਂ ਵੀਰ ਨੂੰ ਬੁਲਾਵਾਂਗੀ
ਬੂਥਾ ਭਨਵਾਵੇ ਕੰਧਾਂ ਨਾਲ ਵੱਜ ਵੱਜਕੇ
ਆਉਂਦਾ ਮਾਹੀ ਠੇਕੇ ਉੱਤੋਂ ਨਿੱਤ ਰੱਜ ਰੱਜਕੇ

ਸੱਸ ਮਾਰੇ ਤਾਹਨੇ ਕਲਮੂਹੀ ਕਿੱਥੋਂ ਆਈ ਏ
ਸਾਡੇ ਲੜ ਲਾਤੀ ਜਮਾਂ ਦਾਜ ਨਾ ਲਿਆਈ ਏ
ਖੋਲ੍ਹਦੀ ਆਂ ਬੂਹਾ ਡਰਦੀ ਹੋਈ ਭੱਜ ਭੱਜ ਕੇ
ਆਉਂਦਾ ਮਾਹੀ ਠੇਕੇ ਉੱਤੋਂ ਨਿੱਤ ਰੱਜ ਰੱਜਕੇ

ਰੰਗ ਦੀ ਆਂ ਪੱਕੀ ਲੱਗਾ ਫੋਨ ਤੇ ਹੀ ਰਹਿੰਦਾ ਏ
ਟੁੱਟ ਪੈਣਾ ਦੂਜਾ ਕਰਵਾਊਂ ਵਿਆਹ ਕਹਿੰਦਾ ਏ
ਪੈ ਗਿਆ ਸ਼ਿੰਗਾਰ ਫਿੱਕਾ ਤਾਹੀਓਂ ਸੱਜ ਸੱਜਕੇ
ਆਉਂਦਾ ਮਾਹੀ ਠੇਕੇ ਉੱਤੋਂ ਨਿੱਤ ਰੱਜ ਰੱਜ ਰੱਜਕੇ

ਕਰ ਲੈਣ ਪਤਾ ਮਾਪੇ ਪਿੱਛੋਂ ਪਛਤਾਉਣ ਨਾ
ਏਹੋ ਜਿਹੇ ਘਰ ਧੀਆਂ ਕਦੇ ਵੀ ਵਿਆਉਣ ਨਾ
ਰੱਖਦੈ ਵਿਚੋਲਾ ਓਹਲਾ ਜਿੱਥੇ ਕੱਜ ਕੱਜਕੇ
ਆਉਂਦਾ ਮਾਹੀ ਠੇਕੇ ਉੱਤੋਂ ਨਿੱਤ ਰੱਜ ਰੱਜਕੇ

ਧੰਨਾ ਧਾਲੀਵਾਲ

## ਫ਼ਰਕ

ਮੈਂ ਉਹਨੂੰ
ਨੌਕਰਾਣੀ ਨਹੀਂ
ਬੀਬੀ ਕਹਿੰਦੀ

ਹੈ ਨਾ ਉਹ
ਬੀਬੀ ਦੀ ਉਮਰ ਦੀ
ਉਸਦੀ ਧੀ ਮੈਨੂੰ
ਦੀਦੀ ਕਹਿੰਦੀ

ਦੋਵੇਂ ਮੇਰੀ
ਉਤਰਨ ਖੁਸ਼ ਹੋ
ਪਾ ਲੈਂਦੀਆਂ

ਮੇਰੀ ਪੁਰਾਣੀ
ਲਿਪਸਟਿਕ
ਉਸਦੀ ਧੀ ਖੁਸ਼ ਹੋ
ਲਾਉਂਦੀ

ਮੈਂ ਵੀ ਤਾਂ
ਫ਼ਰਕ ਨਹੀਂ ਕਰਦੀ
ਉਸਦੀ ਬਣਾਈ ਰੋਟੀ
ਖਾਂਦੀ

ਫਿਰ ਕਿ ਹੋਇਆ ਜੇ
ਉਹਦੇ ਘਰ ਦੀ ਰੋਟੀ
ਨਹੀਂ ਖਾਂਦੀ

ਭਲਾ ਮੈਂ ਕੋਈ ਫ਼ਰਕ ਕਰਦੀ ?

ਨਹੀਂ ਨਾ!
ਤੁਸੀ ਤੇ ਜਾਣਦੇ ਹੋ
ਮੈਂ ਜਾਤ ਪਾਤ ਤੇ ਵਰਗ ਦਾ
ਫ਼ਰਕ
ਨਹੀਂ ਮੰਨਦੀ!!



ਹਰਪ੍ਰੀਤ ਕੌਰ ਸੰਧੂ

## ਸੱਜਣਾਂ

ਫੁੱਲਾਂ ਨਾਲ ਕੰਢੇ ਵੀ ਸੋਹਣੇ ਲੱਗਣ ਲੱਗ ਪੈਂਦੇ,
ਜਦੋਂ ਖਿੜਿਆ ਹੋਵੇ ਦਿਲ ਦਾ ਗੁਲਜਾਰ ਸੱਜਣਾਂ।

ਪੱਤਝੜ ਦੇ ਵਿਚ ਵੀ, ਖ਼ੂਬ ਬਹਾਰਾਂ ਜਾਪਦੀਆਂ,
ਹੋਇਆ ਹੋਵੇ ਦਿਲ ਦੇ ਤੀਰ ਆਰ-ਪਾਰ ਸੱਜਣਾਂ।

ਸਕੇ ਭਰਾਵਾਂ ਵਰਗਾ ਨਹੀਂ ਪਿਆਰ ਦੁਨੀਆਂ ਤੇ,
ਐਪਰ ਦਿਲ 'ਚ ਨਾ ਹੋਵੇ ਜੇ ਕੋਈ ਖਾਰ ਸੱਜਣਾਂ।

ਨਾਨਕ ਆਇਆ ਸੀ ਸਰਵ ਸਾਂਝੇ ਕਰਨ ਲਈ,
ਪਰ ਕਿੱਥੋਂ ਸਮਝਿਆ ਇਹ ਗੱਲ ਸੰਸਾਰ ਸੱਜਣਾਂ ?

ਕਾਦਰ ਦੀ ਕੁਦਰਤ ਨਾਲ ਇਕ-ਮਿਕ ਹੋ ਜਾਣਾ,
ਇਹ ਵੀ ਹੁੰਦਾ 'ਏ ਬਹੁਤ ਵੱਡਾ ਉਪਕਾਰ ਸੱਜਣਾਂ।

ਸਦਾ ਮਨ ਨੂੰ ਪਾਕ ਪਵਿੱਤਰ ਸੀਸੇ ਵਾਂਙੂ ਰੱਖੀਏ,
ਮੰਦਾ ਮੂਲ ਨਾ ਬੋਲੀਏ ਕਦੇ ਐ ਦਿਲਦਾਰ ਸੱਜਣਾਂ।

ਇਹ ਦੁਨੀਆਂ ਖੇਡ ਤਮਾਸ਼ਾ 'ਏ ਚਾਰ ਦਿਨਾਂ ਦਾ,
'ਅਟਵਾਲ' ਐਵੇਂ ਬਹੁਤੀ ਸ਼ੇਖ਼ੀ ਨਾ ਤੂੰ ਮਾਰ ਸੱਜਣਾਂ।



ਕਰਨੈਲ ਅਟਵਾਲ
75082-75052

## ਕਲਯੁੱਗੀ-ਪੁੱਤ !

ਪੁੱਤ ਦੇ ਜੰਮੇਂ ਤੇਂ ਮਾਂ-ਬਾਪ ਨੇ ਬੜਾ ਚਾਅ ਮਨਾਇਆਂ ਸੀ
ਸਾਰੇ ਪਿੰਡ ਦਾ ਮੂੰਹ ਲੱਡੂਆਂ ਨਾਲ ਮਿੱਠਾਂ ਕਰਾਇਆ ਸੀ
ਬਾਪ ਨੇ ਪੈਰਾਂ ਥੱਲੇ ਤਲੀਆਂ ਧਰ, ਚੱਲਣਾ ਸਿਖਾਇਆ
ਤੇਂ ਮਾਂ ਨੇ ਵੀ ਲਾਡਲੇ ਨੂੰ ਸੀ ਆਪਣਾ ਦੁੱਧ ਪਿਲਾਇਆ
ਪੈਰਾਂ ਉੱਤੇ ਖੜ੍ਹਾ ਕਰਨ ਵਾਲਿਆਂ ਨੂੰ, ਪੈਰਾਂ ਉੱਤੇਂ ਖੜ ਦਿਆਂ ਹੀ
ਪੁੱਤ ਨੇ ਬਾਹਰ ਦਾ ਰਸਤਾ ਦਿਖਾਇਆ!

ਸੋਚਦੇ ਸੀ ਮਾਪੇ, ਸਰਵਣ ਪੁੱਤ ਨਿਕਲੇਗਾ ਸਾਡਾ ਦੁਲਾਰਾ
ਬੁਢਾਪੇ ਦੇ ਵਿੱਚ ਪੁੱਤ ਸਾਡਾ ਬਣੇਗਾ ਸਹਾਰਾ
ਕਦੇ ਸੋਚਿਆਂ ਨਹੀਂ ਸੀ ਮਾਪਿਆਂ ਨੇ
ਪੁੱਤ ਸਾਡੇ ਨਾਲ ਸਲੂਕ ਕਰੇਗਾ ਵਾਂਗ ਪਰਾਇਆ
ਪੈਰਾਂ ਉੱਤੇ ਖੜ੍ਹਾ ਕਰਨ ਵਾਲਿਆਂ ਨੂੰ, ਪੈਰਾਂ ਉੱਤੇਂ ਖੜ ਦਿਆਂ ਹੀ
ਪੁੱਤ ਨੇ ਬਾਹਰ ਦਾ ਰਸਤਾ ਦਿਖਾਇਆ!

ਜਿਵੇਂ ਕਰਵਟ ਲੈਂ ਲੈਂਦੀ ਰੁੱਤ
ਉਵੇਂ ਅੱਜ ਬਦਲ ਜਾਂਦੇ ਕਲਯੁੱਗੀ ਪੁੱਤ
ਤੈਨੂੰ ਤੱਤੀਆਂ-ਠੰਡੀਆਂ ਛਾਂਵਾਂ ਤੋਂ ਬਚਾਉਂਦੇ ਰਹੇ
ਪੁੱਤ ਨੇ ਅੱਜ ਸਾਰੇ ਅਹਿਸਾਨਾਂ ਨੂੰ ਭੁਲਾਇਆ
ਪੈਰਾਂ ਉੱਤੇ ਖੜ੍ਹਾ ਕਰਨ ਵਾਲਿਆਂ ਨੂੰ, ਪੈਰਾਂ ਉੱਤੇ ਖੜ੍ਹਦਿਆਂ ਹੀ
ਪੁੱਤ ਨੇ ਬਾਹਰ ਦਾ ਰਸਤਾ ਦਿਖਾਇਆ !

ਬੜੀਆਂ ਰੀਝਾਂ ਨਾਲ ਪੁੱਤ ਨੂੰ ਕੀਤਾ ਸੀ ਜਵਾਨ
ਵੱਡਾ ਹੋ ਕੇ ਪੁੱਤ ਨਿਕਲਿਆਂ ਸ਼ੈਤਾਨ
ਬਚਪਨ ਵਿੱਚ ਤੇਰਾ ਹਰ ਸ਼ੌਂਕ ਪੂਰਾ ਕੀਤਾ ਸੀ ਮਾਪਿਆਂ
ਆਪਣੀ ਵਾਰੀ ਪੁੱਤ ਨੇ ਆਪਣਾ ਹੱਥ ਪਿੱਛੇ ਹਟਾਇਆ
ਪੈਰਾਂ ਉੱਤੇ ਖੜ੍ਹਾ ਕਰਨ ਵਾਲਿਆਂ ਨੂੰ, ਪੈਰਾਂ ਉੱਤੇਂ ਖੜ ਦਿਆਂ ਹੀ
ਪੁੱਤ ਨੇ ਬਾਹਰ ਦਾ ਰਸਤਾ ਦਿਖਾਇਆ!

ਜੀਂਦੇ-ਜੀ ਆਸ਼ਰਮਾਂ ਵਿੱਚ ਸੁੱਟ ਆਉਂਦੇ
ਮਰਨ ਤੋਂ ਬਾਅਦ ਮਿਸ-ਯੂ ਦੇ ਸਟੇਟਸ ਲਾਉਂਦੇ
ਜੀਂਦੇ-ਜੀ ਮਾਪਿਆਂ ਨੂੰ ਸਾਂਭ ਲੋ ਯਾਰੋ
ਜਿਹਨਾਂ ਤੋਂ ਖੁੰਝ ਗਏ,ਉਹਨਾਂ ਨੂੰ ਪੁੱਛੋ,ਉਹਨਾਂ ਕੀ ਗਵਾਇਆ
ਪੈਰਾਂ ਉੱਤੇ ਖੜ੍ਹਾ ਕਰਨ ਵਾਲਿਆਂ ਨੂੰ, ਪੈਰਾਂ ਉੱਤੇ ਖੜ੍ਹਦਿਆਂ ਹੀ
ਪੁੱਤ ਨੇ ਬਾਹਰ ਦਾ ਰਸਤਾ ਦਿਖਾਇਆ!



ਰਾਹੁਲ ਲੋਹੀਆਂ, ਅਸਟਰੀਆ

## ਤੱਥ

ਭੁੱਲ ਜਾ ਚੇਤਾ ਜਿਉਣੇ ਦਾ ਇਸ ਜੀਵਨ ਅੱਧੇ ਪੌਣੇ ਦਾ।
ਸਾਂਭ ਜੋ ਘੜੀਆਂ ਬਚੀਆਂ ਨੇ ਤੇ ਪਾਪਾਂ ਦੀ ਮਲ ਧੋਂਣੇ ਦਾ।
ਖੁਦ ਦੀ ਕਦੇ ਤੂੰ ਸੋਚ ਭਲਾਈ ਗੁਰੂ ਦਾ ਬਾਣਾ ਪਾਉਣੇ ਦਾ।
ਅੰਮ੍ਰਿਤ ਵੇਲੇ ਉੱਠ ਕੇ ਮਿੱਤਰਾਂ ਬੋਲ ਬਾਣੀ ਦੇ ਗਾਉਣੇ ਦਾ।
ਆਇਆਂ ਦਾ ਜੀ ਆਦਰ ਕਰਿਓ ਚੱਲ ਕੇ ਆਏ ਪ੍ਰਾਹੁਣੇ ਦਾ।
ਥੋੜਾ ਖਾ ਵੀ ਦੱਬ ਕੇ ਵਾਹੀ ਲਾਲਚ ਕਰੀਂ ਨਾ ਸੌਣੇ ਦਾ।
ਤੋਲ ਤੋਲ ਕੇ ਬੋਲੀ ਮਿੱਤਰਾ ਕਰੀ ਨਾ ਕੰਮ ਅਕਾਉਣੇ ਦਾ।
ਕਿਰਤ ਕਰੀਂ ਤੂੰ ਬੰਦਗੀ ਕਰਦਾ ਸਬਕ ਨਾ ਛੱਡੀਂ ਛਕੌਣੇ ਦਾ।
ਜੋ ਕੁਝ ਆਇਆ ਜਾਣੈ ਹੀ ਐ ਰੋਸ ਨਾ ਕਰੀਂ ਗਵੌਣੇ ਦਾ।
ਪਾਸਾ ਵੱਟ ਲਈ ਜਿਸਨੂੰ ਢੰਗ ਹੈ ਝੂਠਾ ਪਿਆਰ ਜਤੌਣੇ ਦਾ।
ਸਾਵਧਾਨ ਰਹੋ ਰਾਜਨੇਤਾ ਤੋਂ ਜਿਸਨੂੰ ਵੱਲ ਡਰਾਉਣੇ।
ਟਾਈਮ ਉੱਤੇ ਜੇ ਸੱਟ ਨਾ ਮਾਰੀ ਫਾਇਦਾ ਕੀ ਕੜਾ ਤਪੌਣੇ ਦਾ।
ਬੱਚਿਆਂ ਦੀ ਪ੍ਰਸੰਸਾ ਕਰਿਓ, ਢੰਗ ਜਿੱਖ ਲਿਓ ਪਿੱਠ ਥਪੌਣੇ ਦਾ।
ਤਕੜੇ ਦੇ ਨਾਲ ਯਾਰੀ ਗੰਢਿਓ, ਫਾਇਦਾ ਕੀ ਦਬੌਣੇ ਦਾ।
ਸ਼ਬਦ ਗੁਰੂ ਜਦ ਹਾਜ਼ਰ ਨਾਜ਼ਰ, ਫਾਇਦਾ ਕੀ ਪੈਰ ਧਵੌਣੇ ਦਾ।
'ਬਾਬਾ' ਇਹ ਢੰਗ ਐ ਨੋਟ ਕਮਾਉਣੇ ਦਾ।
ਬੇੜੀ ਵਿੱਚ ਵੱਟੇ ਪਾਉਣੇ ਦਾ।



ਮੰਗਤ ਸਿੰਘ ਲੌਂਗੋਵਾਲ
9878809036

## ਪੈਲਸ ਵਿੱਚ ਵਿਆਹ

ਪੈਲਸ ਵਿੱਚ ਪਹੁੰਚ ਕੇ, ਮੱਲਿਆ ਮੇਜ਼ ਗੋਲ।
ਕਰ ਕੇ ਸੈਨਤ ਸੱਦਿਆ, ਬਹਿਰਾ ਆਪਣੇ ਕੋਲ।
ਗਿਟਮਿਟ ਕਰ ਸਮਝਾ 'ਤੀ, ਆਪਣੇ ਦਿਲ ਦੀ ਗੱਲ।
ਪਲ ਦੇ ਵਿੱਚ ਹੀ ਉਸ ਨੇ, ਕੀਤਾ ਮਸਲਾ ਹੱਲ।
ਡੌਂਗੇ ਭਰੇ ਸਮਾਨ ਦੇ, ਬਿਟ ਬਿਟ ਤੱਕਣ ਲੋਕ।
ਸਜ ਗਈਆਂ ਸਨ ਬੋਤਲਾਂ, ਠੰਡੇ ਲਿਮਕਾ ਕੋਕ।
ਜਿਉਂ ਪਕੌੜੇ ਪਨੀਰ ਦੇ, ਵੇਖੇ ਪਹਿਲੀ ਵੇਰ।
ਚਿਣ ਕੇ ਧਰੇ ਪਲੇਟ ਵਿੱਚ, ਉੱਚਾ ਹੋਇਆ ਢੇਰ।
ਮਠਿਆਈ ਪਾ ਪਲੇਟ ਵਿਚ, ਭਰੀ ਕੰਢਿਆਂ ਤੀਕ।
ਦੱਸੋ ਲੱਗ ਕਤਾਰ ਵਿਚ, ਕਿਹੜਾ ਕਰੂ ਉਡੀਕ।
ਮਾਰ ਪਚਾਕੇ ਖਾ ਰਹੇ, ਪੂਰੀ ਹੋਈ ਆਸ।
ਡੀਕਾਂ ਲਾ ਕੇ ਪੀ ਗਏ, ਠੰਢੇ ਭਰ ਗਲਾਸ।
ਖਾਣ ਲਈ ਫਿਰ ਜੁੱਟ ਗਏ, ਹੋ ਕੇ ਪੱਬਾਂ ਭਾਰ।
ਪਕੌੜੇ ਬੜੇ ਸਵਾਦ ਨੇ, ਆਖਣ ਹੁੱਝਾਂ ਮਾਰ।
ਲੋੜੋਂ ਵੱਧ ਖਾ ਸਭ ਨੇ, ਲਈਆਂ ਕੁੱਖਾਂ ਕੱਢ।
ਵਾਹ ਨ ਚੱਲੀ ਜਦ ਕੋਈ, ਬਾਕੀ ਦਿੱਤਾ ਛੱਡ।
ਜੂਠਾ ਵਿੱਚ ਪਲੇਟਾਂ ਦੇ, ਅੱਧੋਂ ਵੱਧ ਸਮਾਨ।
ਅੰਨ ਬਰਬਾਦ ਕਿਉਂ ਕਰੇ, ਸੋਚੇ ਨਾ ਇਨਸਾਨ।
ਭੁੱਖ ਨਾਲ ਕਈ ਮਰਦੇ, ਮੂਲ ਨਾ ਸੋਚਣ ਲੋਕ।
ਕਾਹਤੋਂ ਅਸੀਂ ਸਮਾਜ ਨੂੰ, ਚਿਪਕੇ ਵਾਂਗੂੰ ਜੋਕ।
ਸੋਲਾਂ ਆਨੇ ਸੱਚ ਹੈ, ਆਖਾਂ ਨਾ ਮੈਂ ਝੂਠ।
ਪੈਲਸ ਦੇ ਵਿੱਚ ਹੋ ਗਿਆ, 'ਫ਼ੈਸ਼ਨ ਛੱਡੋ ਜੂਠ'।
ਲੋੜੋਂ ਵੱਧ ਖਾ ਕੇ ਅਸੀਂ, ਹੋ ਜਾਂਦੇ ਬੀਮਾਰ।
ਘਰ ਭਰਦੇ ਡਾਕਟਰ ਦਾ, ਰੁਕ ਜਾਏ ਕੰਮਕਾਰ।
ਅੰਨ ਦੇਵਤਾ ਦਾ ਅਸੀਂ, ਕਰਦੇ ਹਾਂ ਅਪਮਾਨ।
ਕਤਲ ਮੇਜ਼ਬਾਨ ਦੇ ਵੀ, ਕਰਦੇ ਹਾਂ ਅਰਮਾਨ।
ਖ਼ੁਦਗ਼ਰਜ਼ੀ ਹੈ ਵੱਧ ਗਈ, ਖੁੰਢੀ ਹੋਈ ਸੋਚ।
ਕੱਢੋ ਅਕਲਾਂ ਵਾਲਿਓ, ਪਈ ਸੋਚ ਨੂੰ ਮੋਚ।



ਅਮਰਜੀਤ ਕੌਰ ਮੋਰਿੰਡਾ
7888835400

## ਸਕੂਨ

ਤੇਰੇ ਸਾਹਮਣੇ ਬੈਠ ਕੇ ਲਿਖਣਾ ਹਾਲ ਏ ਦਿਲ ਦਾ।
ਤੈਨੂੰ ਵੇਖਿਆ ਬਗੈਰ ਸਕੂਨ ਕਿਧਰੇ ਨਈ ਮਿਲ ?ਦਾ।
ਤੇਰੇ ਸਾਹਮਣੇ....

ਜੇ ਕਿਤੇ ਹੋ ਗਈ ਗੁਸਤਾਖ਼ੀ ਤੇ ਮੂੰਹੋਂ ਬੋਲ ਸਹੀ,
ਏ ਮੁਰਝਾਇਆ ਮੁਰਝਾਇਆ ਗੁਲਦਸਤਾ ਕਿਉਂ ਨੀ ਖਿਲਦਾ।
ਤੈਨੂੰ ਵੇਖਿਆ ਬਗੈਰ ਸਕੂਨ ਕਿਧਰੇ ਨਈ ਮਿਲਦਾ।
ਤੇਰੇ ਸਾਹਮਣੇ....

ਕੀ ਕਹਾਂ ਕਿੱਦਾਂ ਕਹਾਂ ਤੂੰ ਹੀ ਦੱਸ ਦੇ ਮੈਨੂੰ,
ਏਹ ਵਕਤ ਬੀਤਦਾ ਨਹੀਂ ਸੱਜਣਾ ਮੁਸ਼ਕਿਲ ਦਾ।
ਤੈਨੂੰ ਵੇਖਿਆ ਬਗੈਰ ਸਕੂਨ ਕਿਧਰੇ ਨਈ ਮਿਲਦਾ।
ਤੇਰੇ ਸਾਹਮਣੇ....

ਉਹ ਚੰਗਾ ਸੀ ਜਾਂ ਮਾੜਾ ਏ ਤਾਂ ਰੱਬ ਜਾਣੇ,
ਪਰ ਮਾਣ ਸੀ ਤੂੰ ਸਾਡੀ ਹਰ ਇਕ ਮਹਿਫ਼ਲ ਦਾ।
ਤੈਨੂੰ ਵੇਖਿਆ ਬਗੈਰ ਸਕੂਨ ਕਿਧਰੇ ਨਈ ਮਿਲਦਾ।
ਤੇਰੇ ਸਾਹਮਣੇ....

ਹਾਂ ਸਮਝਾਂ ਜਾਂ ਨਾ ਕੀ ਸਮਝਾਂ ਨਰਿੰਦਰ ਲੜੋਈ,
ਤੇਰਾ ਜਦ ਵੀ ਸਿਰ ਵੇਖਕੇ ਮੇਰੇ ਵੱਲ ਹਿਲਦਾ।
ਤੈਨੂੰ ਵੇਖਿਆ ਬਗੈਰ ਸਕੂਨ ਕਿਧਰੇ ਨਈ ਮਿਲਦਾ।
ਤੇਰੇ ਸਾਹਮਣੇ....



ਨਰਿੰਦਰ ਲੜੋਈ ਵਾਲਾ

## ਘਰਵਾਲੇ ਦੇ ਫ਼ਰਜ਼

ਪੀਂਦਾ ਤਾਂ ਤੂੰ ਨਿੱਤ ਹੈ ਸ਼ਰਾਬੀਆ ਯਾਰਾ ਓਏ,
ਇਸਦਾ ਨਸ਼ਾ ਮੈਨੂੰ ਵੀ ਕਦੀ ਚੜਾਇਆ ਕਰ ਵੇ।

ਯਾਦਾਂ 'ਚ ਤੂੰ ਨਿੱਤ ਆਉਂਦਾ ਹੀ ਰਹਿੰਦਾ,
ਕਦੀ ਖਾਬਾਂ ਵਿੱਚ ਵੀ ਆਇਆ ਕਰ ਵੇ।

ਪੀਣ ਤੋਂ ਬਾਅਦ ਤੂੰ ਹਰ ਰੋਜ਼ ਹੈ ਲੜਦਾ,
ਲੜਨ ਤੋਂ ਬਾਦ ਮੰਨ ਜਾਇਆ ਕਰ ਵੇ।

ਅੰਦਰ ਵੜ ਕੇ ਮੈਨੂੰ ਚਾਹੇ ਕੁੱਟਲੇ-ਮਾਰਲੇ,
ਆਪਣਾ ਸ਼ਰੀਕੇ 'ਚ ਜਲੂਸ ਨਾ ਕਢਾਇਆ ਕਰ ਵੇ।

ਘਰੇ ਬੱਚੇ ਸ਼ਾਮੀ ਤੇਰਾ ਇੰਤਜ਼ਾਰ ਪਏ ਨੇ ਕਰਦੇ,
ਬਜ਼ਾਰੋਂ ਖਾਣ ਲਈ ਕੁਝ ਲਿਆਇਆ ਕਰ ਵੇ।

ਇਹਸਾਸ ਵੀ ਸਰਦਾਰਾ ਸੋਹਣਾ ਲਗਦਾ ਤੇਰਾ,
ਤੂੰ ਇੱਕ ਗਲਵਕੜੀ ਵੀ ਪਾਇਆ ਕਰ ਵੇ।

ਜ਼ਿੰਦਗੀ ਚ ਜੋ ਫਰਜ਼ ਨੇ ਹਿੱਸੇ ਤੇਰੇ ਦੇ,
ਓਹ ਵੀ ਪੂਰੇ ਕਰ ਜਾਇਆ ਕਰ ਵੇ।

ਪਰਿਵਾਰ ਲਈ ਜੋ ਫਰਜ਼ ਨੇ ਤੇਰੇ,
ਓਹ ਵੀ ਪੂਰੇ ਕਰ ਜਾਇਆ ਕਰ ਵੇ।



ਜਸਪਾਲ ਸਿੰਘ ਮਹਿਰੋਕ
ਸਨੌਰ (ਪਟਿਆਲਾ)

## ਹਾਏ ! ਕਿੱਥੇ ਮੇਰਾ ਪੰਜਾਬ ?

ਪਹੁ ਫੁਟਾਲਾ ਦਿਨ ਚੜ੍ਹ ਆਇਆ,
ਸੂਰਜ ਨੇ ਆ ਕੁੰਡਾ ਖੜਕਾਇਆ।
ਚਿੜੀਆਂ ਦੀ ਚੂੰ ਚੂੰ ਨਹੀਂ ਸੁਣਦੀ,
ਘੁੱਗੀਆਂ ਦੀ ਘੂੰ ਘੂੰ ਨਹੀਂ ਸੁਣਦੀ।
ਤੋਤੇ ਦੀ ਟੈਂਅ ਟੈਂਅ ਨਾ ਸੁਣਦੀ,
ਕਬੂਤਰ ਦੀ ਗੁਟਰਗੂੰ ਨਾ ਸੁਣਦੀ।

ਚਾਟੀ ਵਿੱਚ ਮਧਾਣੀ ਨਾ ਲੱਭਦੀ,
ਸੁਖਮਨੀ ਦੀ ਬਾਣੀ ਨਾ ਲੱਭਦੀ।
ਕੁੱਕੜ ਬਾਂਗੇ ਨਾ ਤੁਰਦੇ ਹਾਲ਼ੀ,
ਬੈਲਾਂ ਗਲ਼ ਨਹੀਂ ਹੈ ਹਲ਼ ਪੰਜਾਲ਼ੀ।
ਗੁੰਮ ਹੋਈ ਟੱਲੀਆਂ ਦੀ ਟਣ ਟਣ,
ਗੋਰੀ ਦੀ ਝਾਂਜਰ ਦੀ ਛਣ ਛਣ।

ਨ ਹਲਟ ਦੇ ਕੁੱਤੇ ਦੀ ਟਿੱਕ ਟਿੱਕ,
ਮੁੱਕੀ ਰੇਲ ਗੱਡੀ ਦੀ ਛਿੱਕ ਛਿੱਕ।
ਖੂਹ 'ਤੇ ਨਹੀ ਸੁਣਦੇ ਢੋਲੇ ਮਾਹੀਏ,
ਨ ਛੰਦ ਪਰਾਗੇ ਆਈਏ ਜਾਈਏ।
ਨਾ ਗੱਭਰੂ ਕੱਢਦੇ ਡੰਡ-ਬੈਠਕਾਂ,
ਨਸ਼ਿਆਂ ਵਾਲੇ ਨੇ ਮਾਰਦੇ ਸੈਨਤਾਂ।

ਸੁਣਦਾ ਹੈ ਹੁਣ ਸਭ ਪਾਸੇ ਸ਼ੋਰ,
ਲਾਉਡ ਸਪੀਕਰਾਂ ਦਾ ਪੂਰਾ ਜ਼ੋਰ।
ਸੀ. ਡੀ.ਐੱਪ ਲਗਾਈ ਨੇ ਰੱਖਦੇ,
ਬੱਸ ਕਾਂਵਾਂ ਰੌਲੀ ਪਾਈ ਨੇ ਰੱਖਦੇ।
ਰਸਨਾ ਨਾਲ ਨ ਹੁਣ ਗਾਵੇ ਬਾਣੀ,
ਜਾਣੋ ਮਸ਼ੀਨੀ ਹੋ ਗਏ ਨੇ ਪਰਾਣੀ।

ਕਿੱਥੇ ਗੁਆਚਿਆ ਹੈ ਉਹ ਸਵੇਰਾ ?
ਜਿੱਥੇ ਬੀਤਿਆ ਸੀ ਬਚਪਨ ਮੇਰਾ।
ਮੈਨੂੰ ਹੁਣ ਉਹ ਪੰਜਾਬ ਨ ਜਾਪੇ,
ਆਉਂਦਾ ਵਿੱਚ ਖ਼ੁਆਬ ਨ ਜਾਪੇ।
ਸੁੱਤਾ ਉੱਠ ਕੇ ਮੈਂ ਭਾਲਣ ਤੁਰਿਆ,
ਮੂੰਹ ਲਟਕਾ ਕੇ ਘਰ ਨੂੰ ਮੁੜਿਆ।



**ਸੇਵਾ ਸਿੰਘ ਨੂਰਪੁਰੀ**

## ਪਲਾਂ ਦੀ ਜਿੱਦ !

ਪਲਾਂ ਦੀ ਜਿੱਦ ਸੀ,
ਪੈਂਡੇ, ਸਦੀਆਂ ਦੇ ਤੁਰ ਪਏ।
ਸਮੁੰਦਰ, ਚੜ੍ਹਿਆ ਹੋਇਆ ਸੀ,
ਕਿਸਤੀ ਫ਼ੇਰ ਵੀ ਠੱਲ੍ਹੀ।
ਸ਼ੂਕਦੇ, ਦਰਿਆ ਨੇ ਬੜਾ ਕਿਹਾ,
ਰੁਕ ਜਾ, ਦੋ ਘੜੀਆਂ।
ਜਵਾਰਭਾਟਿਆਂ ਦੇ ਨਾਲ,
ਕਿਨਾਰਾ, ਲੱਭਣ ਲਈ ਮੁੜ ਗਏ।
ਤੈਥੋਂ ਪੁੱਟਿਆ ਨਾ ਗਿਆ,
ਇੱਕ ਵੀ ਕਦਮ।
ਮੇਰੀ ਤੋਰ, ਨਿਰੰਤਰ ਸੀ।
ਗੀਤਾਂ ਨੂੰ ਛੱਡ ਆਏ ਸਾਂ, ਪਿੱਛੇ।
ਆਖ਼ਰ ਮਰਸੀਏ ਦੇ ਬੋਲ,
ਬੁੱਲ੍ਹਾ ਉੱਤੇ ਰੁੜ੍ਹ ਪਏ।



**ਜਸਪਾਲ ਜੱਸੀ**

## ਮਾਂ-ਬੋਲੀ ਨੂੰ ਅੰਗਰੇਜ਼ੀ ਦੀ ਪੁੱਠ !

ਕਈ ਲੋਕ ਹੁਣ ਭਾਅ ਜੀ ਨੂੰ ਲਿਖਣ 'ਪਾਜੀ'
ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ
ਸਾਡੀ ਭੈਣ ਵੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ
ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸ਼ਰੀ ਦੀ ਡਲੀ ਜੇਹੀ
ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
ਨਿਗਲ ਲਿਆ 'ਗੁੱਡ ਲੱਕ' ਨੇ ਭਲਾ ਹੋਵੇ
ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
'ਐਚ.ਏ-ਐੱਚ.ਏ' ਨੇ ਹਾਸੇ ਦੀ ਥਾਂਹ ਮੱਲੀ
ਹੁਣ 'ਅਫਸੋਸ' ਵੀ ਹੋ ਗਿਆ 'ਰਿੱਪ' ਯਾਰੋ!

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਯਾਦਾਂ ਦੀ ਖੁਸ਼ਬੋਈ

ਉਹ ਕਿਨਾਂ ਸੋਹਣਾ ਸਮਾਂ ਸੀ
ਜਦੋ ਪੰਜਾਬਣ ਕੱਢਦੀ ਸੀ ਫੁੱਲਕਾਰੀ ਨੂੰ
ਪਾ ਵੇਲਾਂ ਬੂਟੀਆਂ ਤੋਪੇ ਮੱਖੀਆਂ ਦੇ
ਵੇਖੇ ਵਾਰ ਵਾਰ ਰੀਝਾਂ ਨਾਲ ਸ਼ਿਗਾਰੀ ਨੂੰ

ਉਹ ਕਿੰਨਾ ਸੋਹਣਾ ਸਮਾਂ ਸੀ
ਜਦੋ ਤਰਿੰਝਣਾ ਚ ਚਰਖਾ ਕੱਤਦੀ ਸੀ
ਜਦੋ ਮਾਲ ਚੰਦਰੀ ਟੁੱਟ ਜਾਵੇ
ਓਹਦੋਂ ਉਂਗਲਾ ਦੇ ਨਾਲ ਕੱਸਦੀ ਸੀ
ਰੀਝਾ ਨਾਲ ਬਾਬਲ ਤੋਰਿਆ ਸੀ
ਆਪਣੀ ਧੀ ਕੁਵਾਰੀ ਨੂੰ
ਉਹ ਕਿੰਨਾਂ ਸੋਹਣਾ ਸਮਾਂ ਸੀ
ਜਦੋਂ ਪੰਜਾਬਣ ਕੱਢਦੀ ਸੀ ਫੁੱਲਕਾਰੀ ਨੂੰ
ਪਾ ਵੇਲਾਂ ਬੂਟੀਆਂ ਤੋਪੇ ਮੱਖੀਆਂ ਦੇ
ਵੇਖੇ ਵਾਰ ਵਾਰ ਰੀਝਾ ਨਾਲ ਸ਼ਿਗਾਰੀ ਨੂੰ

ਅੰਬੀਂ ਦੀ ਛਾਂਵੇ ਬਹਿ ਕੱਠੀਆਂ ਅਸੀ
ਲਾਈਆਂ ਸੀ ਝਾਲਰਾਂ ਪੱਖੀਆਂ ਨੂੰ
ਇੱਕ ਦੂਜੀ ਨਾਲ ਗੱਲਾਂ ਕਰ ਕਰਕੇ
ਚੇਤਾ ਆਉਦਾਂ ਖਿੜ ਖਿੜ ਹੱਸੀਆਂ ਨੂੰ
ਗਲੀ ਚ ਮਾਰ ਸੋਹਣਿਆ ਗੇੜਾ ਵੇ
ਦਰਸ਼ਣ ਦੇ ਜਾ ਔਸੀਆਂ ਪਾ ਪਾ ਹਾਰੀ ਨੂੰ
ਉਹ ਕਿੰਨਾਂ ਸੋਹਣਾ ਸਮਾਂ ਸੀ
ਜਦੋ ਪੰਜਾਬਣ ਕੱਢਦੀ ਸੀ ਫੁਲਕਾਰੀ ਨੂੰ
ਪਾ ਵੇਲਾਂ ਬੂਟੀਆਂ ਤੋਪੇ ਮੱਖੀਆਂ ਦੇ
ਵੇਖੇ ਵਾਰ ਵਾਰ ਰੀਝਾਂ ਨਾਲ ਸਿ?ਗਾਰੀ ਨੂੰ

ਰਾਤਾਂ ਨੂੰ ਬੁਣੀਆਂ ਦਰੀਆਂ ਸੀ
ਲਾ ਰੰਗ ਬਰੰਗੀਆਂ ਅੱਟੀਆਂ ਸੀ
ਤਾਣਾ ਪੇਟਾ ਤਣ ਤਣ ਕੇ
ਖੂਬ ਚਲਾਈਆਂ ਫੱਟੀਆਂ ਹੱਥੀਆਂ ਸੀ
ਮਾਂ ਅੱਖੀਆਂ ਦੀ ਘੂਰ ਨਾਲ ਸਮਝਾਉਦੀ ਸੀ
ਆਪਣੀ ਧੀ ਪਿਆਰੀ ਨੂੰ
ਉਹ ਕਿੰਨਾਂ ਸੋਹਣਾ ਸਮਾਂ ਸੀ
ਜਦੋ ਪੰਜਾਬਣ ਕੱਢਦੀ ਸੀ ਫੁਲਕਾਰੀ ਨੂੰ
ਪਾ ਵੇਲਾਂ ਬੂਟੇ ਤੋਪੇ ਮੱਖੀਆਂ ਦੇ
ਵੇਖੇ ਵਾਰ ਵਾਰ ਰੀਝਾਂ ਨਾਲ ਸ਼ਿਗਾਰੀ ਨੂੰ

**ਗੁਰਚਰਨ ਸਿੰਘ ਧੰਜੂ**
9914463576

## ਗ਼ਜ਼ਲ

ਯਾਦਾਂ ਦਾ ਇਕ ਬਹੁਤ ਪੁਰਾਣਾ ਕਮਰਾ ਫੋਲ ਰਿਹਾ ਹਾਂ।
ਸੁੱਕੇ ਜ਼ਖ਼ਮਾਂ ਦੇ ਮੈਂ ਫਿਰ ਤੋਂ ਟਾਂਕੇ ਖੋਲ੍ਹ ਰਿਹਾ ਹਾਂ।
ਸ਼ਾਇਦ ਸਜਦੇ ਦੀ ਮੁਦਰਾ ਵਿਚ ਇੱਕ ਸਮੁੰਦਰ ਆਏ,
ਉਮੀਦਾਂ ਦੀ ਨੇਰ੍ਹੇ ਵਿਚ ਉਜਾਲੇ ਘੋਲ ਰਿਹਾ ਹਾਂ।
ਹਰ ਇਕ ਅੱਖ ਵਿਚ ਹੰਝੂ ਲਟਕਣ ਪਲਕਾਂ ਦੀ ਸਰਦਲ 'ਤੇ,
ਮਹਫ਼?ਲ ਦੀ ਖ਼ਾਮੋਸ਼ੀ ਅੰਦਰ ਕਵਿਤਾ ਬੋਲ ਰਿਹਾ ਹਾਂ।
ਘਿਓ ਕੀ ਮੁੱਕਿਆ ਸਾਰੀ ਬੱਤੀ ਫੱਫਕ-ਫੱਫਕ ਕੇ ਬੁੱਝੀ,
ਦੀਵੇ ਵਿਚੋਂ ਅਪਣਾ ਸਾਰਾ ਆਪਾ ਫੋਲ ਰਿਹਾ ਹਾਂ।
ਜੀਵਨ ਦੇ ਵਿਚ ਕਿਧਰੇ ਬੋਹੜ, ਕਿਧਰੇ ਪਿੱਪਲ ਬਣਿਆ,
ਤਾਂ ਹੀ ਧੁੱਪਾਂ ਛਾਵਾਂ ਕੋਲ, ਹਵਾਵਾਂ ਕੋਲ ਰਿਹਾ ਹਾਂ।
ਕੀ ਹੋਇਆ ਜੇ ਉਸ ਨੇ ਚੀਰ ਬਣਾਉਣਾ ਹੀ ਛੱਡ ਦਿੱਤਾ,
ਉਸ ਦੀ ਮਾਂਗ 'ਚ ਇਕ ਸ਼ਿੰਦੂਰ ਜਿਹਾ ਅਨਮੋਲ ਰਿਹਾ ਹਾਂ।
ਸ਼ਾਇਦ ਦੁਸ਼ਮਣ, ਸੱਜਣ ਬਣ ਕੇ ਇੱਕ ਸਹਾਰਾ ਦੇਵਣ,
ਇਕ ਮੁੱਦਤ ਤੋਂ ਗੰਦਲੇ ਜ਼ਹਿਰ 'ਚ ਅਮ੍ਰਿਤ ਘੋਲ ਰਿਹਾ ਹਾਂ।
ਫਿਰ ਵੀ ਚੰਨ੍ਹ ਸਿਤਾਰੇ ਸਾਰੇ ਨੇਰ੍ਹੇ ਦੇ ਮੁਹਤਾਜ ਰਹੇ,
ਬੇਸ਼ਕ ਅੰਬਰ ਵਿੱਚੋਂ ਸਾਰਾ ਸੂਰਜ ਡੋਲ੍ਹ ਰਿਹਾ ਹਾਂ।
ਕਿਉਂਕਿ ਮੇਰਾ ਜੀਵਨ ਫੁੱਲ ਸੀ ਕੰਢਿਆ ਦਾ ਕਰਜ਼ਾਈ,
ਤਾਂ ਹੀ ਖ਼ੁਸ਼ਬੂ ਬਣ ਕੇ ਮੈਂ ਗੁਲਸ਼ਨ ਦੇ ਸਮੋਤਲ ਰਿਹਾ ਹਾਂ।
ਮੰਨਿਆ, ਨਾ ਹੀ ਮਿੱਟੀ ਮੇਰੀ, ਨਾ ਹੀ ਕੋਈ ਬ੍ਰਹਿਮੰਡ,
ਫਿਰ ਵੀ ਇੱਕ ਭੂਗੋਲ ਰਿਹਾ ਹਾਂ, ਇੱਕ ਖਗੋਲ ਰਿਹਾ ਹਾਂ।
ਤਾਲ 'ਚ ਘੁੰਗਰੂਆਂ ਦੀ ਛਣ-ਛਣ ਖੁੱਦ ਨਸੀਬ ਨਾ ਹੋਈ,
ਤਬਲਾ, ਸਾਰੰਗੀ, ਡਫਲੀ, ਮੰਜੀਰੇ, ਢੋਲ ਰਿਹਾ ਹਾਂ।
ਉਹ ਨਿਰਮੋਹੀ ਅਪਣੀ ਥਾਂ ਤੋਂ ਟਸ ਤੋਂ ਮਸ ਨਾ ਹੋਇਆ,
ਇਕ ਅਰਸੇ ਤੋਂ ਪੱਥਰ ਉਤੇ ਪਾਣੀ ਡੋਲ੍ਹ ਰਿਹਾ ਹਾਂ।
ਤਕੜੀ ਵਾਲੀ ਡੰਡੀ ਤਾਂ ਬਿਲਕੁਲ ਹੈ ਵਿਚਕਾਰ ਖੜ੍ਹੀ,
ਇਕ ਪਲੜੇ ਬਾਲਮ ਦੂਜੇ ਬਲਵਿੰਦਰ ਤੋਲ ਰਿਹਾ ਹਾਂ।



**ਬਲਵਿੰਦਰ ਬਾਲਮ**
98156-25409

## ਸੁਪਨਾ ਅਮਲੀ ਦਾ

ਔਖੇ ਸੀ ਤੀਹ ਸਾਲ ਟਪਾਏ,
ਹੁਣ ਕਿਤੇ ਮੈਂ ਸਿਹਰੇ ਸਜਾਏ,

ਹਾਏ ਗਰੀਬ ਨੂੰ ਮਸਾਂ ਹੀ
ਸੱਚੀਂ ਹੈ ਥਿਆਈ ਵਹੁਟੀ,
ਲਹਿੰਗਾ ਪਰਾਂਦਾ ਤੇ ਲਾਲ ਚੂੜਾ
ਸੱਜ ਧੱਜ ਕੇ ਘਰੇ ਹੈ ਆਈ ਵਹੁਟੀ,

ਚਾਰ ਕੂ ਦਿਨ ਬੜੇ ਪਿਆਰ ਨਾਲ ਲੰਘੇ,
ਹੁਣ ਭੁੱਲ ਗਈ ਜਵਾਂ ਨਰਮਾਈ ਵਹੁਟੀ,
ਪੁਲਸੀਆਂ ਵਾਂਗੂੰ ਰੋਹਬ ਮਾਰਦੀ,
ਮੇਰੇ ਟੱਬਰ ਦੀ ਰੇਲ ਬਣਾਈ ਵਹੁਟੀ,

ਭੰਡੇ ਹੁਣ ਸਾਨੂੰ ਆਂਡ ਗੁਆਂਢ ਵਹੁਟੀ,
ਰੋਜ ਨਵੀਂ ਹੀ ਕਰੇ ਡੀਮਾਂਡ ਵਹੁਟੀ,
ਓਸੇ ਪਾਸੇ ਭੱਜ ਜਾਂਦਾ ਹਾਂ,
ਜਿੱਧਰ ਨੂੰ ਦੇਵੇ ਕਮਾਂਡ ਵਹੁਟੀ,

ਪਹਿਲਾਂ ਸੀ ਮੈਨੂੰ ਗੂੰਗੀ ਲੱਗਦੀ,
ਹੁਣ ਗਿੱਠ ਦੀ ਕੱਢੇ ਜੁਬਾਨ ਵਹੁਟੀ,
ਭੋਲੀ ਸਮਝ ਕੇ ਲਿਆਇਆ ਸੀ ਮੈਂ,
ਹਏ ਨਿਕਲੀ ਬੜੀ ਸ਼ੈਤਾਨ ਵਹੁਟੀ,
ਸਿਰ ਖੁਰਕਣ ਦੀ ਵਿਹਲ ਨੀ ਦਿੰਦੀ,
ਜਾਰੀ ਕਰਦੀ ਰਹੇ ਫੁਰਮਾਨ ਵਹੁਟੀ,

ਅਰਦਾਸਾਂ ਕਰ ਕਰ ਮੰਗੀ ਵਹੁਟੀ,
ਪਰ ਹੁਣ ਨਾ ਲੱਗਦੀ ਚੰਗੀ ਵਹੁਟੀ,

ਸੂਟਾਂ ਨਾਲ ਓਹਦਾ ਢਿੱਡ ਨੀ ਭਰਦਾ,
ਰਾਸ਼ਨ ਕਿੱਥੋਂ ਲਿਆਵਾਂ ਘਰ ਦਾ,
ਬਣ ਗਿਆ ਕੁੱਤਾ ਆਪਣੇ ਹੀ ਦਰ ਦਾ,
ਮਰਦਾ ਬੰਦਾ ਕੀ ਨੀ ਕਰਦਾ!

ਮੇਰੀ ਇੱਕ ਨਾ ਚੱਲਦੀ ਲੋਕੋ
ਰੋਟੀ ਨਾ ਖਾਦੀ ਕੱਲ ਦੀ ਲੋਕੋ
ਆਪ ਪੀਜਾ ਡੱਫ ਕੇ ਬਹਿ ਗਈ ਕੋਕੋ,
ਕੋਈ ਤਾਂ ਇਸ ਜੁਲਮ ਨੂੰ ਰੋਕੋ,
ਨਹੀ ਤਾਂ ਹਾਲ ਮੇਰੇ ਤੇ ਤਾਲੀ ਠੋਕੋ!!

ਪੋਚਾ ਵੀ ਮੈ ਰੋਜ ਹੀ ਲਾਵਾਂ,
ਕੱਪੜੇ ਆਪ ਹੀ ਧੋਂਦਾ ਹਾਂ,
ਕੀ ਥੁੜਿਆ ਸੀ ਵਿਆਹ ਦੇ ਬਾਝੋਂ
ਹੁਣ ਕਰਮਾਂ ਨੂੰ ਰੋਂਦਾ ਹਾਂ,
ਸਕੂਟਰ ਤੇ ਓਹ ਪੱਸਰ ਕੇ ਬਹਿੰਦੀ
ਭਾਰ ਮੋਟੋ ਦਾ ਢੋਂਦਾ ਹਾਂ,
ਖੌਰੇ ਪਿੱਛਲੇ ਜਨਮਾਂ ਦਾ
ਕਰਜਾ ਕੋਈ ਲਾਹੁੰਦਾ ਹਾਂ,

ਬਿਊਟੀ ਪਾਰਲਰ ਵਿੱਚ ਭੱਜ ਕੇ ਜਾਵੇ,
ਘਰ ਦੇ ਕੰਮ ਨੂੰ ਹੱਥ ਨਾ ਲਾਵੇ,
ਕੋਈ ਤਾਂ ਇਸਨੂੰ ਅਕਲ ਸਿਖਾਵੇ,
ਜਾਂ ਇਸਤੋਂ ਮੇਰਾ ਖਹਿੜਾ ਛੁਡਾਵੇ,

ਸੋਚਾਂ ਹਏ ਮੈਂ ਪਿਆ ਮੰਜੇ ਤੇ,
ਹੱਥ ਫੇਰਿਆ ਸਿਰ ਗੰਜੇ ਤੇ,
ਸ਼ੁਕਰ ਹੈ ਰੱਬਾ!
ਸੁਪਨਾ ਹੀ ਸੀ,
ਐਵੇਂ ਪਛਤਾਉਣਾ ਸੀ
ਮੈਂ ਵਕਤ ਲੰਘੇ ਤੇ,
ਤਕੜੇ ਹੋਕੇ ਰਹੀਏ ਸਜੱਣਾ,
ਦਿਨ ਚੰਗੇ ਮਾੜੇ ਆਉਣ ਬੰਦੇ ਤੇ



**ਅਮਨਦੀਪ ਕੌਰ ਹਾਕਮ ਸਿੰਘ ਵਾਲਾ**
9877654596

## ਨੀ ਜਿੰਦੇ ਮੇਰੀਏ

ਇਛੁੱਕ ਹਨ
ਨੀ ....ਜਿੰਦੇ .....
ਸਾਹਾਂ ਵਿਚਲੀ ਪੀੜ ਦੇ ਕੀੜੇ
ਏਹੁ ਚੁੰਮਣ ਬਹਾਨੇ
ਕਾਮ ਵਾਸਨਾ ਪਾਲਦੇ
ਮੇਰੀ ਝਾਤੀ ਤੇ ਲਟਕਣ
ਰਾਸਤਾ ਰੋਕਣ
ਵਹਿਮੀ ਲੀੜੇ
ਇਛੁੱਕ ਹਨ
ਨੀ ....ਜਿੰਦੇ....
ਆਲੇ ਦੁਆਲੇ ਘੁੰਮਦੈ
ਬਿੰਬ ਬਣਾ ਮੇਰੇ
ਨਬਜ਼ ਫੜੀ ਬੈਠਣ
ਕਾਲੀ ਰਾਤ ਦੇ ਹਨ੍ਹੇਰੇ
ਹੰਝੂ ਨਾ ਸੁਕਣ
ਤੂੰ ਦਿੱਤੇ ਜਿਹੜੇ
ਇਛੁੱਕ ਹਨ
ਨੀ... ਜਿੰਦੇ....



**-ਸਵਰਨ ਕਵਿਤਾ**

## ਹੰਝੂ

ਹਾਸਿਆਂ ਵਿੱਚ ਵੀ ਨਜ਼ਰੀਂ ਆਉਂਦਾ
ਲੱਗਦਾ ਭਾਰਾ ਹੋ ਗਿਆ ਹੰਝੂ
ਕੌਣ ਕਹੇ ਇਹ ਮਿੱਠਾ ਹੁੰਦਾ
ਸਾਗਰ ਵਰਗਾ ਖਾਰਾ ਹੰਝੂ
ਟੁੱਟ ਜਾਵਣ ਜਦੋਂ ਦਿਲ ਦੇ ਤਾਰੇ
ਦਿਲ ਦਾ ਬਣੇ ਸਹਾਰਾ ਹੰਝੂ
ਸਾਰੇ ਸਾਥ ਕਿਨਾਰਾ ਕਰ ਜਾਣ
ਪਰ ਨਾ ਕਰੇ ਕਿਨਾਰਾ ਹੰਝੂ
ਇਸ ਹੰਝੂ ਵਿੱਚ ਪੀੜਾ ਲੁਕੀਆਂ
ਪੀੜਾ ਦਾ ਵਣਜਾਰਾ ਹੰਝੂ
ਦੁੱਖ, ਗਮ, ਰੋਸੇ ਚੁੱਕੀ ਫਿਰਦਾ
ਕਿੰਨਾ ਭਾਰਾ ਹੋ ਗਿਆ ਹੰਝੂ
ਬੱਚੇ ਦਾ ਹੰਝੂ ਰੋਸੇ ਵਾਲਾ
ਕਿਰਤੀ ਲਈ ਵਿਚਾਰਾ ਹੰਝੂ
ਅੱਖ ਤਾਂ ਬਸ ਗਵਾਹੀ ਭਰਦੀ
ਦਿਲ ਚੋਂ ਨਿਕਲੇ ਯਾਰਾਂ ਹੰਝੂ
ਕੁਲਦੀਪ ਸਿਹਾਂ ਏ
ਪਿਆਰਿਆਂ ਵਾਂਗੋਂ
ਲਗਦਾ ਕਦੇ ਪਿਆਰਾ ਹੰਝੂ।



**ਕੁਲਦੀਪ ਸਿੰਘ ਸਾਹਿਲ**
9417990040

## ਔਰਤ ਤੇ ਗੁਲਾਬ

ਕਦੇ ਕਦੇ ਮੈਨੂੰ ਔਰਤ ਤੇ ਗੁਲਾਬ
ਇੱਕੋ ਜਿਹੇ ਨਜ਼ਰ ਆਉਂਦੇ ਹਨ।
ਦੋਨੋ ਹੀ ਆਪਣੀ ਖੂਬਸੂਰਤੀ ਨਾਲ
ਕੁਲ ਆਲਮ ਮਹਿਕਾਉਂਦੇ ਹਨ।

ਦਰਦਾਂ ਦੀ ਢੋਈ ਕੰਢਿਆਂ ਦਾ ਹੋਣਾ
ਮੈਨੂੰ ਅਹਿਸਾਸ ਕਰਾਉਂਦੇ ਹਨ।
ਟਾਹਣੀ ਨਾਲੋਂ ਫੁੱਲ ਖੂਬਸੂਰਤੀ ਤੋਂ ਔਰਤ
ਟੁੱਟ ਜਾਣ ਤੇ ਮਰਝਾਉਂਦੇ ਹਨ।

ਤੋੜੋ ਨਾ ਸਾਨੂੰ ਮਰੋੜੋ ਨਾ ਸਾਨੂੰ
ਸਾਡੇ ਵੀ ਚਾਅ ਜਿਉਂਦੇ ਹਨ।
ਵਜੂਦ ਨਾਲ ਹੀ ਹੈ ਸਾਡੀ ਸੁੰਦਰਤਾ
ਟੁੱਟਣ ਤੇ ਤਾਂ ਪੈਰਾਂ ਹੇਠ ਆਉਂਦੇ ਹਨ।

**ਸਰਬਜੀਤ ਕੌਰ ਹਾਜੀਪੁਰ**
**ਸ਼ਾਹਕੋਟ**

## ਕਵਿਤਾ

ਪੈਸਾ ਹੁੰਦਾ ਹੈ ਜਿਸ ਦੇ ਕੋਲ ਭਰਾਵਾ,
ਉਸ ਦੀ ਹਰ ਗੱਲ ਹੁੰਦੀ ਹੈ ਗੋਲ ਭਰਾਵਾ।
ਬੱਚੇ ਆਪਣੇ ਨਾਂ ਲਗਵਾ ਲੈਂਦੇ ਸਭ ਕੁੱਝ,
ਅੰਤ 'ਚ ਮਾਂ-ਪਿਉ ਰਹਿ ਜਾਂਦੇ ਖੋਲ ਭਰਾਵਾ।
ਉਸ ਤੋਂ ਹਰ ਕੋਈ ਕੰਨੀ ਕਤਰਾਉਂਦਾ ਹੈ,
ਜੋ ਬੰਦਾ ਬੋਲੇ ਕੌੜੇ ਬੋਲ ਭਰਾਵਾ।
ਫਿਰ ਉਸ ਨੂੰ ਹੱਥਾਂ, ਪੈਰਾਂ ਦੀ ਪੈ ਜਾਵੇ,
ਜਦ ਲੀਡਰ ਦੀ ਖੁੱਲ੍ਹ ਜਾਵੇ ਪੋਲ ਭਰਾਵਾ।
ਦਿਲ ਨਾ ਛੱਡ, ਕਰਕੇ ਹਿੰਮਤ ਖੜ੍ਹ ਜਾ ਉੱਠ ਕੇ,
ਤੈਨੂੰ ਜ਼ਾਲਮ ਜੱਗ ਸਕਦਾ ਰੋਲ ਭਰਾਵਾ।
ਤੈਨੂੰ ਖ਼ੁਦ ਹੀ ਮਿਹਨਤ ਕਰਨੀ ਪੈਣੀ ਹੈ,
ਭਰਨ ਲਈ ਆਪਣੀ ਖਾਲੀ ਝੋਲ ਭਰਾਵਾ।
ਜੇ ਇਹ ਸੁਣ ਗੁੱਸਾ ਹੋਵੇ ਸ਼ਾਂਤ ਕਿਸੇ ਦਾ,
ਦੋ ਮਿੱਠੇ ਬੋਲ ਲਿਆ ਕਰ ਬੋਲ ਭਰਾਵਾ।



**ਮਹਿੰਦਰ ਸਿੰਘ ਮਾਨ**
9915803554

## ਸੁਫ਼ਨੇ

ਕਦੇ ਬਣਾਉਣ ਭਿਖਾਰੀ ਮੈਨੂੰ,
ਰਾਜਾ ਕਦੀ ਬਣਾਉਂਦੇ ਨੇ।
ਇਹ ਸੁਫ਼ਨੇ ਕੈਸੇ ਆਉਂਦੇ ਨੇ।
ਕਈ ਵਾਰੀ ਤਾਂ ਸੌਣ ਨਾ ਦਿੰਦੇ,
ਸਾਰੀ ਰਾਤ ਜਗਾਉਂਦੇ ਨੇ।
ਇਹ ਸੁਫ਼ਨੇ..........
ਕੁਝ ਡੂੰਘੀ ਨੀਂਦ ਚ ਆ ਕੇ,
ਖ਼ੁਦੀ ਮੇਰੀ ਮਿਟਾਉਂਦੇ ਨੇ।
ਇਹ ਸੁਫ਼ਨੇ.........
ਕੁਝ ਸੁਫ਼ਨੇ ਸਾਡੇ ਮਿੱਤਰ ਹੁੰਦੇ,
ਵਿਛੜੇ ਸੱਜਣ ਮਿਲਾਉਂਦੇ ਨੇ,
ਇਹ ਸੁਫ਼ਨੇ............
ਚੰਗੇ ਸੁਫ਼ਨੇ ਯਾਦਾਂ ਦੇ ਵਿੱਚ
ਪਿਆਰ ਦੀ ਸਾਂਝ ਵਧਾਉਂਦੇ ਨੇ,
ਇਹ ਸੁਫ਼ਨੇ.............
ਕੁਝ ਸੁਫ਼ਨੇ ਜਾਗਦਿਆਂ ਦੇ,
ਜੀਵਨ ਸਫ਼ਲ ਬਣਾਉਂਦੇ ਨੇ,
ਇਹ ਸੁਫ਼ਨੇ..........
ਸੁਫ਼ਨੇ ਰਹਿਣ ਅਧੂਰੇ ਜਿਹੜੇ,
ਜਿੰਦ ਸਾਡੀ ਤੜਫਾਉਂਦੇ ਨੇ।
ਇਹ ਸੁਫ਼ਨੇ..........
ਜ਼ਿੰਦਗੀ ਵੀ ਇੱਕ ਸੁਫਨਾ,ਪੱਤੋ,
ਰਹਿਬਰ ਸਾਡੇ ਫਰਮਾਉਂਦੇ ਨੇ।
ਇਹ ਸੁਫ਼ਨੇ ਕੈਸੇ ਆਉਂਦੇ ਨੇ।

**ਹਰਪ੍ਰੀਤ ਪੱਤੋ, 94658-21417**

## ਕਾਸ਼

ਕਾਸ਼ ਕਿਤੇ ਇਹ ਰਾਤ ਨਾ ਹੁੰਦੀ
ਫਿਰ ਚਾਨਣ ਪ੍ਰਭਾਤ ਨਾ ਹੁੰਦੀ

ਹਰ ਵੇਲੇ ਦਿਨ ਚੜਿਆ ਹੁੰਦਾ
ਛੁੱਟੀ ਕੋਈ ਕਮਜ਼ਾਤ ਨਾ ਹੁੰਦੀ

ਭੁੱਖ ਨਾ ਹੁੰਦੀ ਪਿਆਸ ਨਾ ਹੁੰਦੀ
ਢਿੱਡ ਵਾਲੀ ਗੱਲ ਬਾਤ ਨਾ ਹੁੰਦੀ

ਨੋਟ ਵੀ ਚੋਗੁਣੇ ਕੱਠੇ ਹੁੰਦੇ
ਸ਼ਾਹ ਨੂੰ ਕੋਈ ਵੀ ਮਾਤ ਨਾ ਹੁੰਦੀ

ਨੀਂਦ ਕੀ ਸ਼ੈ ਆ ਪਤਾ ਨਾ ਹੁੰਦਾ
ਅਰਾਮ ਦੀ ਕੋਈ ਔਕਾਤ ਨਾ ਹੁੰਦੀ

ਕਿਸੇ ਬਲਬ ਦੀ ਖੋਜ ਨਾ ਹੁੰਦੀ
ਰੌਸ਼ਨੀਆਂ ਦੀ ਸੌਗਾਤ ਨਾ ਹੁੰਦੀ

ਜੱਗ ਦੀ ਅਬਾਦੀ ਘੱਟ ਹੋਣੀ ਸੀ
ਬਹੁਤੀ ਕੋਈ ਕਰਾਮਾਤ ਨਾ ਹੁੰਦੀ

ਚੋਰ ਯਾਰ ਘੱਟ ਸਾਧ ਹੋਣੇ ਸੀ
ਸ਼ਾਇਰਾਂ ਦੀ ਬਹੁਤਾਤ ਨਾ ਹੁੰਦੀ

ਚੰਨ ਦੀਆਂ ਸਿਫਤਾਂ ਕੌਣ ਕਰੇਂਦਾ
ਤਾਰਿਆਂ ਦੀ ਵੀ ਝਾਤ ਨਾ ਹੁੰਦੀ

ਹਰੀਸ਼ ਰਾਤਾਂ ਨੂੰ ਸ਼ੇਅਰ ਨਾ ਲਿਖਦਾ
ਨਾ ਕੋਈ ਦਾਦ ਤੇ ਦਾਤ ਨਾ ਹੁੰਦੀ

ਕਾਸ਼ ਕਿਤੇ ਇਹ ਰਾਤ ਨਾ ਹੁੰਦੀ
ਫਿਰ ਚਾਨਣ ਪ੍ਰਭਾਤ ਨਾ ਹੁੰਦੀ



**ਹਰੀਸ਼ ਪਟਿਆਲਵੀ**

## ਦਿਲ ਹੀ ਹੈ ਟੁੱਟਿਆ...

ਚੂੜੀਆਂ ਵਿੱਚ ਹੱਥ ਬੰਨ੍ਹੇ ਤੇ,
ਝਾਂਜਰਾਂ 'ਚ ਨੂੜੇ ਪੈਰ ਹੈ।
ਦਿਲ ਹੀ ਹੈ ਟੁੱਟਿਆ ਤੇ,
ਬਾਕੀ ਬੱਸ ਖ਼ੈਰ ਹੈ।
ਦਿਲ ਹੀ ਹੈ....
ਤਰੱਕੀ ਹੈ ਕੀਤੀ ਯੁੱਗ ਨੇ,
ਮਸ਼ੀਨ ਦਾ ਚੱਲ ਰਿਹਾ ਗੇੜਾ।
ਕੁੜੀਆਂ ਨੇ ਮਰੀਆਂ ਕੁੱਖ ਵਿੱਚ,
ਅੰਮੜੀ ਦਾ ਰੋਂਦਾ ਸੁੰਨਾ ਵਿਹੜਾ।
ਮੁੰਡਿਆਂ ਤੋਂ ਨੋਟ ਵਾਰਨ ਤੇ,
ਧੀਆਂ ਤਾਈਂ ਵੈਰ ਹੈ।
ਦਿਲ ਹੀ ਹੈ ....
ਬਾਬਲ ਨੇ ਜਦ ਡੋਲੀ ਪਾਈ,
ਆਖੇ ਸਿਰ ਤੋਂ ਭਾਰ ਲੱਥਾ।
ਚਿੱਟੀ ਚਾਦਰ ਸੀ ਕੋਰੀ,
ਸੱਸੜੀ ਦਾ ਠਣਕਿਆ ਮੱਥਾ।
ਪੁੱਤਰ ਤਾਂ ਜਾਇਆ ਢਿੱਡੋਂ,
ਨੂੰਹ ਤਾਂ ਪਰ ਗੈਰ ਹੈ।
ਦਿਲ ਹੀ ਹੈ.....
ਬਾਪੂ ਨੂੰ ਆਖੀ ਜਾ ਕੇ,
ਗੱਡੀ ਵੱਡੀ ਜਿਹੀ ਲੈ ਦਈਂ।
ਚੰਗੇ ਨਹੀਂ ਆਏ ਸੀ,
ਨਣਦਾਂ ਦੇ ਕੱਪੜੇ ਕਹਿ ਦਈਂ।
ਮਹਿੰਗੀ ਬੜੀ ਪੈ ਜਾਂਦੀ,ਹਾਏ!
ਪੇਕਿਆਂ ਦੀ ਸੈਰ ਹੈ।
ਦਿਲ ਹੀ ਹੈ....
ਬੁੱਢੜੀ ਜਦ ਹੋ ਗਈ ਤਾਂ,
ਖੂੰਜੇ ਹੀ ਲਾ ਦਿੱਤਾ।
ਪੁੱਤਾਂ ਤੇ ਨੂੰਹਾਂ ਨੇ ਰਲ ?,
ਭੁੰਜੇ ਹੀ ਪਾ ਦਿੱਤਾ।
ਰੋਟੀ ਦਾ ਟੁੱਕ ਜੇ ਦੇਵਣ,
ਲੱਗਦਾ ਜਿਵੇਂ ਜ਼ਹਿਰ ਹੈ।
ਦਿਲ ਹੀ ਹੈ......
ਔਰਤ ਨੂੰ ਆਖਿਆ ਜਾਂਦਾ,
ਤਿੰਨ 'ਪੱਪੇ' ਬਹੁਤ ਜ਼ਰੂਰੀ।
ਪਿਓ,ਪਤੀ ਤੇ ਪੁੱਤਰ,
ਤਿੰਨਾਂ ਤੋਂ ਬਿਨਾਂ ਅਧੂਰੀ।
ਇਹ ਨਾ ਕੋਈ ਵੀ ਕਹਿੰਦਾ,
ਘਾਟਾ ਧੀ ਦੇ ਵਗੈਰ ਹੈ।
ਦਿਲ ਹੀ ਹੈ.....



**ਮਨਜੀਤ ਕੌਰ ਧੀਮਾਨ,**
9464633059

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD